
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 36
December 18, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

ਦੇਸ਼ ਦੁਆਬਾ

ਦਾ ਪ੍ਰਥਮ ਧੰਨਵਾਦ ਸਮਾਗਮ 21 ਦਸੰਬਰ, 2019 ਦਿਨ ਸ਼ਨਿਚਰਵਾਰ ਨੂੰ
(ਹੋਰ ਜਾਣਕਾਰੀ ਲਈ ਦੇਖੋ ਸਫਾ 28)



Honorable (Dr) Ronki Ram Elected Dean (Read more on page 15)

# ਨਾਗਰਿਕਤਾ ਕਾਨੂੰਨ ਦੇ ਵਿਰੋਧ 'ਚ ਦਿੱਲੀ ਤੇ ਬੰਗਾਲ 'ਚ ਹਿੰਸਾ ਜਾਰੀ

**ਨਵੀਂ ਦਿੱਲੀ (ਬਿਊਰੋ)–** ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਨੂੰ ਲੈ ਕੇ ਦਿੱਲੀ ਤੇ ਬੰਗਾਲ 'ਚ ਹਿੰਸਾ ਰੁਕਣ ਦਾ ਨਾਂ ਨਹੀਂ ਲੈ ਰਹੀ। ਮੰਗਲਵਾਰ ਨੂੰ ਦਿੱਲੀ ਦੇ ਜਾਫਰਾਬਾਦ 'ਚ ਪ੍ਰਦਰਸ਼ਨਕਾਰੀਆਂ ਨੇ ਦੋ ਬੱਸਾਂ ਸਮੇਤ ਕਈ ਵਾਹਨਾਂ 'ਚ ਭੰਨਤੋੜ ਕੀਤੀ, ਉੱਥੇ ਮੋਟਰਸਾਈਕਲਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਘਟਨਾ 'ਚ 22 ਲੋਕ ਜ਼ਖ਼ਮੀ ਹੋਏ ਹਨ, ਇਸ ਵਿਚ ਦਸ ਤੋਂ ਵੱਧ ਪੁਲਿਸ ਮੁਲਾਜ਼ਮ ਸ਼ਾਮਲ ਹਨ। ਪੁਲਿਸ ਨੇ ਪੱਥਰ ਚਲਾਉਣ ਦੇ ਦੋਸ਼ 'ਚ ਪੰਜ ਨੌਜਵਾਨਾਂ ਨੂੰ ਹਿਰਾਸਤ 'ਚ ਲਿਆ ਹੈ।



ਮੰਗਲਵਾਰ ਨੂੰ ਬੰਗਾਲ 'ਚ ਵੀ ਦੰਗਾਕਾਰੀਆਂ ਨੇ ਥਾਂ-ਥਾਂ 'ਤੇ ਟ੍ਰੇਨਾਂ ਰੋਕੀਆਂ ਤੇ ਸਾੜਫੂਕ ਕੀਤੀ। ਹਾਲਾਂਕਿ ਉੱਤਰ ਪ੍ਰਦੇਸ਼ ਦੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ ਹੋਏ ਹੰਗਾਮੇ ਪਿੱਛੋਂ ਅਲੀਗੜ੍ਹ 'ਚ ਤਣਾਅਪੂਰਨ ਸ਼ਾਂਤੀ ਰਹੀ। ਮੁਰਾਦਾਬਾਦ, ਸੰਭਲ, ਅਮਰੋਹਾ, ਰਾਮ-ਪੁਰ 'ਚ ਪੁਲਿਸ ਅਲਰਟ 'ਤੇ ਰਹੀ। ਮੇਰਠ ਤੇ ਸਹਾਰਨਪੁਰ 'ਚ ਸਥਿਤੀ ਸ਼ਾਂਤ ਰਹੀ, ਪਰ ਕਈ ਇਲਾਕਿਆਂ 'ਚ ਇੰਟਰਨੈੱਟ ਸੇਵਾ ਬੰਦ ਰਹੀ। ਮਊ 'ਚ ਹੁਣ ਤਕ 28 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੌਰਾਨ ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਨੇ ਜਾਮੀਆ ਤੇ ਏਐੱਮਯੂ ਦੀਆਂ ਘਟਨਾਵਾਂ 'ਤੇ ਯੂਨੀਵਰਸਿਟੀ ਪ੍ਰਸ਼ਾਸਨ ਤੋਂ ਰਿਪੋਰਟ ਤਲਬ ਕੀਤੀ ਹੈ। ਦੋਵਾਂ ਯੂਨੀਵਰਸਿਟੀਆਂ ਦੇ ਵੀਸੀ ਮੰਗਲਵਾਰ ਨੂੰ ਮੰਤਰਾਲੇ ਪੁੱਜੇ ਤੇ ਤੱਥਾਂ ਦੀ ਜਾਣਕਾਰੀ ਦਿੱਤੀ। ਜਾਮੀਆ ਮਿਲੀਆ ਤੇ ਸੀਲਮਪੁਰ 'ਚ ਹੋਏ ਹਿੰਸਕ ਪ੍ਰਦਰਸ਼ਨ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਇਕ ਨਿਊਜ਼ ਚੈਨਲ ਨੂੰ ਕਿਹਾ ਕਿ ਉਨ੍ਹਾਂ ਨੇ ਸ਼ਾਂਤੀ ਵਿਵਸਥਾ ਬਣਾਈ ਰੱਖਣ ਲਈ ਦਿੱਲੀ ਪੁਲਿਸ ਨੂੰ ਨਿਰਦੇਸ਼ ਦਿੱਤਾ ਹੈ।

### ਕਾਂਗਰਸੀ ਨੇਤਾ ਦੀ ਸੀ ਰੈਲੀ

ਕਾਂਗਰਸ ਦੇ ਸਾਬਕਾ ਵਿਧਾਇਕ ਚੌਧਰੀ ਮਤੀਨ ਅਹਿਮਦ ਨੇ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਮੰਗਲਵਾਰ ਨੂੰ ਦਿੱਲੀ ਦੇ ਜਾਫਰਾਬਾਦ 'ਚ ਦਿਨੇ ਕਰੀਬ ਇਕ ਵਜੇ ਰੈਲੀ ਕੀਤੀ ਸੀ। ਇਸ ਦੀ ਇਜਾਜ਼ਤ ਵੀ ਲਈ ਗਈ ਸੀ, ਇਸ ਲਈ ਕੁਝ ਪੁਲਿਸ ਮੁਲਾਜ਼ਮ ਰੈਲੀ ਦੀ ਸੁਰੱਖਿਆ ਵਿਚ ਲੱਗੇ ਹੋਏ ਸਨ। ਇਸ ਦੌਰਾਨ ਪਤਾ ਲੱਗਾ ਕਿ ਜਾਫਰਾਬਾਦ ਥਾਣੇ ਦੇ ਬਾਹਰ ਪ੍ਰਦਰਸ਼ਨ ਸ਼ੁਰੂ ਹੋ ਗਿਆ।

ਕਰੀਬ ਇਕ ਤੋਂ ਡੇਢ ਵਜੇ ਤਕ ਇੱਥੇ ਸ਼ਾਂਤੀਪੂਰਨ ਪ੍ਰਦਰਸ਼ਨ ਚੱਲਿਆ। ਡੇਢ ਵਜੇ ਜਿਵੇਂ ਹੀ ਪ੍ਰਦਰਸ਼ਨਕਾਰੀ ਹਟਣ ਲੱਗੇ, ਤਦੇ ਕੁਝ ਦੰਗਾਕਾਰੀਆਂ ਨੇ ਨਜ਼ਦੀਕ

(ਬਾਕੀ ਸਫਾ 21 'ਤੇ)

# ਇਸ ਸਾਲ ਦੁਨੀਆ ਭਰ 'ਚ 49 ਪੱਤਰਕਾਰਾਂ ਦੀ ਹੋਈ ਹੱਤਿਆ

**ਪੈਰਿਸ (ਬਿਊਰੋ)–** ਇਸ ਸਾਲ ਦੁਨੀਆ ਭਰ ਵਿਚ 49 ਪੱਤਰਕਾਰਾਂ ਦੀ ਹੱਤਿਆ ਕਰ ਦਿੱਤੀ ਗਈ। ਇਨ੍ਹਾਂ ਵਿਚੋਂ ਜ਼ਿਆਦਾਤਰ ਯਮਨ, ਸੀਰੀਆ ਅਤੇ ਅਫ਼ਗਾਨਿਸਤਾਨ ਦੇ ਜੰਗ ਪ੍ਰਭਾਵਿਤ ਇਲਾਕਿਆਂ ਵਿਚ ਕਵਰੇਜ ਦੌਰਾਨ ਮਾਰੇ ਗਏ। ਹਾਲਾਂਕਿ, ਇਹ ਗਿਣਤੀ ਪਿਛਲੇ 16 ਸਾਲਾਂ ਦੌਰਾਨ ਸਭ ਤੋਂ ਘੱਟ ਹੈ। ਫਰਾਂਸੀਸੀ ਨਿਗਰਾਨੀ ਸੰਸਥਾ 'ਰਿਪੋਰਟਰਸ ਵਿਦਾਊਟ ਬਾਰਡਰਸ' ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਨੂੰ ਆਰਐੱਸਐੱਫ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।




ਆਰਐੱਸਐੱਫ ਨੇ ਦੱਸਿਆ ਕਿ ਪਿਛਲੇ ਦੋ ਦਹਾਕਿਆਂ ਤੋਂ ਜ਼ਿਆਦਾ ਸਮੇਂ ਵਿਚ ਦੁਨੀਆ ਭਰ ਵਿਚ ਹਰ ਸਾਲ ਔਸਤਨ 80 ਪੱਤਰਕਾਰਾਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ। ਹੈਰਾਨੀਜਨਕ ਗੱਲ ਇਹ ਹੈ ਕਿ ਸ਼ਾਂਤ ਮੰਨੇ ਜਾਣ ਵਾਲੇ ਦੇਸ਼ਾਂ ਵਿਚ ਵੀ ਪੱਤਰਕਾਰ ਸੁਰੱਖਿਅਤ ਨਹੀਂ ਹਨ। ਇਸ ਸਾਲ ਇਕੱਲੇ ਮੈਕਸੀਕੋ ਵਿਚ 10 ਪੱਤਰਕਾਰ ਮਾਰੇ ਗਏ। ਲਾਤੀਨੀ ਅਮਰੀਕਾ ਵਿਚ ਇਸ ਸਾਲ ਸਭ ਤੋਂ ਜ਼ਿਆਦਾ 14 ਪੱਤਰਕਾਰਾਂ ਦੀ ਹੱਤਿਆ ਹੋਈ। ਇਸ ਕਾਰਨ ਇਹ ਪੱਛਮੀ ਏਸ਼ੀਆ ਜਿੰਨਾ ਹੀ ਖ਼ਤਰਨਾਕ ਸਾਬਤ ਹੋਇਆ ਹੈ।

### ਚੀਨ, ਮਿਸਰ ਤੇ ਸਾਊਦੀ 'ਚ ਸਭ ਤੋਂ ਜ਼ਿਆਦਾ ਪੱਤਰਕਾਰਾਂ ਦੀ ਗ੍ਰਿਫ਼ਤਾਰੀ

ਇਸ ਸਾਲ ਦੁਨੀਆ ਭਰ ਵਿਚ ਕਰੀਬ 389 ਪੱਤਰਕਾਰ ਗ੍ਰਿਫ਼ਤਾਰ ਕੀਤੇ ਗਏ ਜੋ ਪਿਛਲੇ ਸਾਲ ਦੇ ਮੁਕਾਬਲੇ 12 ਫ਼ੀਸਦੀ ਜ਼ਿਆਦਾ ਹਨ। ਇਨ੍ਹਾਂ ਵਿਚ ਕਰੀਬ ਅੱਧੇ ਦੀ ਗ੍ਰਿਫ਼ਤਾਰੀ ਸਿਰਫ਼ ਤਿੰਨ ਦੇਸ਼ਾਂ-ਚੀਨ, ਮਿਸਰ ਅਤੇ ਸਾਊਦੀ ਅਰਬ ਵਿਚ ਹੋਈ। ਦੁਨੀਆ ਭਰ ਵਿਚ 57 ਪੱਤਰਕਾਰਾਂ ਨੂੰ ਬੰਦੀ ਵੀ ਬਣਾਇਆ ਗਿਆ ਹੈ ਜਿਨ੍ਹਾਂ ਵਿਚੋਂ ਜ਼ਿਆਦਾਤਰ ਸੀਰੀਆ, ਯਮਨ, ਇਰਾਕ ਅਤੇ ਯੂਕਰੇਨ ਵਿਚ ਕੈਦ ਹਨ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com




Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਸ਼ ਵੀਥ ਡੀਸ਼ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ "ਦੇਸ਼ ਦੁਆਬਾ" ਦੇ ਪ੍ਰਥਮ ਸਮਾਗਮ 'ਤੇ ਮੁਬਾਰਕ ਤੇ ਸ਼ੁਭ ਇੱਛਾਵਾਂ

ਮਿਤੀ 21 ਦਸੰਬਰ 2019 ਵਾਲੇ ਦਿਨ ਅਦਾਰਾ 'ਦੇਸ਼ ਦੁਆਬਾ' ਵੱਲੋਂ ਅਦਾਰੇ ਦੇ ਸਹਿਯੋਗੀਆਂ ਦਾ ਧੰਨਵਾਦ ਸਮਾਗਮ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਕੇ ਮਨਾਇਆ ਜਾ ਰਿਹਾ ਹੈ। ਅਦਾਰੇ ਵੱਲੋਂ ਸਹਿਯੋਗੀਆਂ ਦਾ ਮਾਣ ਸਨਮਾਨ ਵੀ ਕੀਤਾ ਜਾ ਰਿਹਾ ਹੈ। ਇਹ, ਇਸ ਅਦਾਰੇ ਦਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ।

ਇਸ ਉਪਰਾਲੇ ਨਾਲ ਅਖ਼ਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਦਾ ਹੌਸਲਾ ਹੋਰ ਬੁਲੰਦ ਹੋਵੇਗਾ ਤੇ ਅਖ਼ਬਾਰ ਦਾ ਪੱਧਰ ਹੋਰ ਵੀ ਉੱਚਾ ਤੇ ਸੁੱਚਾ ਹੋਵੇਗਾ। ਇਸ ਉਪਰਾਲੇ ਨਾਲ ਹੋਰ ਬੁੱਧੀਜੀਵੀ, ਵਿਉਪਾਰਕ ਅਦਾਰੇ ਤੇ ਸੁਹਿਰਦ ਪਾਠਕ ਵੀ ਜੁੜਨਗੇ ਤੇ ਇਹ ਅਖ਼ਬਾਰ ਦਿਨ ਦੂਣੀ ਤੇ ਰਾਮ ਚੌਗੁਣੀ ਤਰੱਕੀ ਕਰੇਗਾ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਇਕ ਚੰਗੀ ਮਿਆਰੀ ਪੱਤਰਿਕਾ ਨਾਲ ਹੀ ਹੋ ਸਕਦੀ ਹੈ। ਇਹ ਸਾਰੇ ਗੁਣ ਇਸ ਅਖ਼ਬਾਰ ਨੂੰ ਹੋਰ ਚਾਰ ਚੰਨ ਲਾਉਂਦੇ ਹਨ।

ਇਸ ਅਦਾਰੇ ਦਾ ਮੁੱਖ ਸੰਪਾਦਕ ਇਸ ਸਮੇਂ ਦੋ ਅਖ਼ਬਾਰਾਂ ਸੰਪਾਦਿਤ ਕਰ ਰਿਹਾ ਹੈ। 'ਅੰਬੇਦਕਰ ਟਾਈਮਜ਼' ਉਸ ਨੇ 15 ਮਾਰਚ 2009 ਨੂੰ ਸ਼ੁਰੂ ਕੀਤੀ ਸੀ ਤੇ ਇਸ ਦਾ ਮਾਧਿਅਮ ਅੰਗਰੇਜ਼ੀ ਭਾਸ਼ਾ ਹੈ ਤੇ ਦੂਸਰੀ ਅਖ਼ਬਾਰ 'ਦੇਸ਼ ਦੁਆਬਾ' ਹੈ ਜੋ ਉਸ ਨੇ 13 ਅਪ੍ਰੈਲ 2012 ਨੂੰ ਆਰੰਭ ਕੀਤੀ ਸੀ ਤੇ ਇਹ ਪੰਜਾਬੀ ਭਾਸ਼ਾ 'ਚ ਛਪਦੀ ਹੈ। ਆਰੰਭ 'ਚ ਇਹ ਅਖ਼ਬਾਰਾਂ 15 ਰੋਜ਼ਾ ਸਨ ਤੇ ਮਹੀਨੇ 'ਚ ਇਸ ਦੇ ਸਿਰਫ ਦੋ ਅੰਕ ਹੀ ਛਪਦੇ ਸਨ।

'ਦੇਸ਼ ਦੁਆਬਾ' ਅਖ਼ਬਾਰ 'ਚ ਮੈਂ ਆਪਣਾ ਪ੍ਰਥਮ ਲੇਖ ਛਪਣ ਲਈ ਨਵੰਬਰ 2013 ਦੇ ਤੀਸਰੇ ਹਫਤੇ 'ਚ ਛਪਣ ਲਈ ਭੇਜਿਆ ਸੀ। ਇਸ ਲੇਖ ਦੇ ਭੇਜਣ ਦਾ ਸਬੰਧ ਵੀ ਇਸ ਤਰ੍ਹਾਂ ਬਣਿਆ ਕਿ ਮੈਂ ਕਿਸੇ ਸਮਾਗਮ 'ਚ ਗਿਆ ਹੋਇਆ ਸੀ ਤੇ ਅਚਾਨਕ 'ਦੇਸ਼ ਦੁਆਬਾ' ਦਾ ਮੁੱਖ ਸੰਪਾਦਕ ਅਚਾਨਕ 37 ਸਾਲਾਂ ਬਾਅਦ ਮਿਲਿਆ ਤੇ ਉਸ ਸਮਾਗਮ ਦੀ ਉਹ ਕਵਰੇਜ ਕਰ ਰਿਹਾ ਸੀ। ਉਸ ਨੇ ਮੈਨੂੰ ਪਛਾਣ ਲਿਆ ਕਿ ਇਹ ਤਾਂ ਮੇਰੇ 1976 ਦੇ ਅਧਿਆਪਕ ਹਨ। ਉਸ ਨੇ ਬੜੀ ਨਿਮਰਤਾ ਤੇ ਸਤਿਕਾਰ ਨਾਲ ਮੇਰਾ ਸਵਾਗਤ ਕੀਤਾ। ਗੱਲਾਂ ਬਾਤਾਂ 'ਚ ਉਸ ਨੇ ਮੈਨੂੰ ਦੱਸਿਆ ਕਿ ਮੈਂ ਇੱਥੋਂ ਕੈਲੇਫੋਰਨੀਆ ਤੋਂ ਦੋ ਉਕਤ ਦੱਸੀਆਂ ਗਈਆਂ ਅਖ਼ਬਾਰਾਂ ਕੱਢਦਾ ਹਾਂ। ਮੈਂ ਉਸ ਦੀ ਹੌਸਲਾ ਅਫਜਾਈ ਕਰਦਿਆਂ ਕਿਹਾ ਕਿ ਮੈਂ ਤੈਨੂੰ ਹਰ ਅੰਕ 'ਚ ਤਕਰੀਬਨ ਕੁਝ ਨਾ ਕੁਝ ਲਿਖ ਕੇ ਜ਼ਰੂਰ ਭੇਜਿਆ ਕਰਾਂਗਾ। ਇਸ ਉਪਰੰਤ ਉਕਤ ਦੋਵੇਂ ਅਖ਼ਬਾਰਾਂ ਜਲਦੀ ਹੀ 'ਸਪਤਾਹਿਕ' ਹੋ ਗਈਆਂ ਤੇ ਅੱਜ ਕੈਲੇਫੋਰ-ਨੀਆ 'ਚ ਛਪਦੀਆਂ ਦੂਜੀਆਂ ਹੋਰ ਅਖ਼ਬਾਰਾਂ ਦੇ ਬਰਾਬਰ ਆਪਣਾ ਖਾਸ ਸਥਾਨ ਰੱਖਦੀਆਂ ਹਨ।



ਪ੍ਰੋ: ਐਚ.ਐਲ.ਕਪੂਰ

'ਦੇਸ਼ ਦੁਆਬਾ' ਅਖ਼ਬਾਰ ਦੀ ਇਕ ਖਾਸੀਅਤ ਹੈ ਕਿ ਇਹ ਹਰ ਵਰਗ, ਹਰ ਧਰਮ ਤੇ ਹਰ ਫਿਰਕੇ ਦੀ ਨੁਮਾਇੰਦਗੀ ਕਰਦੀ ਹੈ। ਇਹ ਅਖ਼ਬਾਰ ਗੁਰੂ ਨਾਨਕ ਦੇਵ ਜੀ ਦੇ ਪ੍ਰਮੁੱਖ ਫ਼ਲਸਫ਼ੇ 'ਸਮਾਜਿਕ ਬਰਾਬਰੀ ਤੇ ਸਰਵ ਸਾਂਝੀਵਾਲਤਾ' ਦੇ ਸਿਧਾਂਤ ਦੀ ਵੱਡੀ ਪਹਿਰੇਦਾਰ ਹੈ। ਇਹ ਅਖ਼ਬਾਰ ਆਪਣੇ ਪਾਠਕਾਂ ਦੀ ਵਿਗਿਆਨਕ ਤੇ ਸਮ-ਾਜਵਾਦੀ ਯਥਾਰਥਵਾਦੀ ਸੋਚ ਨੂੰ ਖਾਸ ਪ੍ਰਮੁੱਖਤਾ ਦਿੰਦੀ ਹੈ ਤੇ ਇਸ ਕਰਕੇ ਹੀ ਇਹ ਜੋਤਸ਼ੀਆਂ, ਤਾਂਤਰਿਕਾਂ, ਬਾਬਿਆਂ ਤੇ ਝਾੜ-ਫੂਕ ਕਰਨ ਵਾਲਿਆਂ ਦੀ ਇਸ਼ਤਿਹਾਰਬਾਜ਼ੀ ਬਿਲਕੁਲ ਨਹੀਂ ਕਰਦੀ ਕਿਉਂਕਿ ਇਹ ਲੋਕ, ਲੋਕਾਂ ਵਿਚ ਵਹਿਮ-ਭਰਮ ਫੈਲਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ ਜੋ ਕਿ ਭਾਰਤ ਸਮਾਜ ਦੀ ਭਾਰੀ ਹਾਨੀ ਕਰ ਰਿਹਾ ਹੈ। ਇਹ ਗੱਲ ਅਖ਼ਬਾਰ ਦੀ ਪ੍ਰਸੰਸਾ ਨੂੰ ਹੋਰ ਵੀ ਚਾਰ ਚੰਨ ਲਗਾਉਂਦੀ ਹੈ।

ਚੁੰਬਰ' ਪਰਿਵਾਰ ਨਾਲ ਮੇਰੀ ਜਾਣ-ਪਹਿਚਾਣ 1971 ਤੋਂ ਹੈ। ਉਸ ਸਮੇਂ ਪ੍ਰੇਮ ਚੁੰਬਰ ਦਾ ਵੱਡਾ ਭਰਾ ਲੇਟ ਸ੍ਰੀ ਸੀ. ਐਲ. ਚੁੰਬਰ ਮੇਰਾ ਸਿਖਿਆਰਥੀ ਸੀ। ਇਹ ਚਾਰ ਭਰਾ ਤੇ 3 ਭੈਣਾਂ ਹਨ। ਵੱਡਾ ਭਰਾ ਸ੍ਰੀ ਸੀ. ਐਲ. ਚੁੰਬਰ ਪੜ੍ਹਾਈ'ਚ ਬਹੁਤ ਹੁਸ਼ਿਆਰ ਸੀ। ਉਸ ਨੇ ਬੋਰਡ ਦੀਆਂ ਸਾਰੀਆਂ ਪ੍ਰੀਖਿਆਵਾਂ ਮੈਰਿਟ 'ਤੇ ਰਹਿ ਕੇ ਪਾਸ ਕੀਤੀਆਂ। ਸਾਡਾ ਸਾਰਾ ਸਟਾਫ ਉਦੋਂ ਹੀ ਇਹ ਭਵਿੱਖਬਾਣੀ ਕਰਦਾ ਸੀ ਕਿ ਇਹ ਵਿਦਿਆਰਥੀ ਇਕ ਸਕਾਲਰ ਦੀਆਂ ਯੋਗਤਾਵਾਂ ਰੱਖਦਾ ਹੈ ਤੇ ਵੱਡਾ ਹੋ ਕੇ ਆਪਣੇ ਨਾਂ ਨੂੰ ਧਰੂ ਤਾਰੇ ਦੀ ਤਰ੍ਹਾਂ ਰੁਸ਼ਨਾਏਗਾ।

ਕਾਲਜ ਉਪਰੰਤ ਲੋਕ ਭਲਾਈ ਅਫਸਰ ਅੰਮ੍ਰਿਤਸਰ ਵਿਖੇ ਨਿਯੁਕਤ ਹੋ ਗਿਆ। ਮਨ 'ਚ ਸਮਾਜ ਸੇਵਾ ਦੀ ਚਿਣਗ ਸੀ ਤੇ ਨੌਕਰੀ ਛੱਡ ਕੇ ਬਾਬੂ ਕਾਂਸ਼ੀ ਰਾਮ ਜੀ ਦੀ "ਬਹੁਜਨ ਸਮਾਜ ਪਾਰਟੀ" ਦਾ ਇਕ ਖਾਸ ਬੁਲਾਰਾ ਤੇ "ਬਹੁਜਨ ਸਮਾਜ ਬੁਲਿਟਨ" ਹਫਤਾਵਾਰੀ ਅਖਬਾਰ ਦਾ ਰੈਜ਼ੀਡੈਂਟ ਐਡੀਟਰ ਬਣ ਗਿਆ। ਉਸ ਨੇ ਇਸ ਪਾਰਟੀ ਵਿਚ ਰਹਿ ਕੇ ਆਪਣੇ ਸਮਾਜ ਨੂੰ 'ਸਮਾਜਿਕ ਬਰਾਬਰੀ ਦਾ ਰੁਤਬਾ' ਦੁਆਉਣ ਲਈ ਸਿਰਤੋੜ ਯਤਨ ਕੀਤੇ ਤੇ ਆਪਦੀਆਂ ਲਿਖਤਾਂ ਨੂੰ ਉਕਤ ਪੇਪਰ 'ਚ ਛਾਪ ਕੇ ਆਪਣੀ ਪੈਂਠ ਹੋਰ ਮਜ਼ਬੂਤ ਕਰ ਲਈ।

1985 ਵਿਚ ਸ੍ਰੀ ਸੀ. ਐਲ. ਚੁੰਬਰ ਨੇ ਬਹੁਜਨ ਸਮਾਜ ਬੁਲਿਟਨ ਤੋਂ ਪਹਿਲਾਂ ਇਕ ਆਪਣਾ ਪੇਪਰ 'ਕੌਮੀ ਉਡਾਰੀਆਂ' ਵੀ ਸ਼ੁਰੂ ਕੀਤਾ ਤੇ ਉਸ ਦੇ ਹਜ਼ਾਰਾਂ ਦੀ ਗਿਣਤੀ ਵਿਚ ਪਾਠਕ ਸਨ। ਇਸ ਪੇਪਰ ਦੇ ਜਿੱਥੇ ਉਹ ਮੁੱਖ ਸੰਪਾਦਕ ਸਨ, ਉਸ ਦੇ ਨਾਲ ਉਸ ਨੇ ਇਸ ਆਪਦੇ ਪੇਪਰ ਦੇ 'ਸੰਪਾਦਕ' ਦੀ ਜ਼ਿੰਮੇਵਾਰੀ ਆਪਣੇ ਛੋਟੇ ਭਰਾ ਪ੍ਰੇਮ ਕੁਮਾਰ ਚੁੰਬਰ ਨੂੰ ਸੌਂਪ ਦਿੱਤੀ। "ਕੌਮੀ ਉਡਾਰੀਆਂ" ਪੇਪਰ 'ਚ ਪ੍ਰੇਮ ਨੇ ਪ੍ਰੇਮ ਨਾਲ ਕਾਫੀ ਕਲਮ ਚਲਾਈ ਤੇ ਆਪਣਾ ਨਾਂ ਵੀ ਇਸ ਯੋਗਤਾ ਨਾਲ ਸਥਾਪਤ ਕਰ ਲਿਆ। ਇਸੇ ਪੇਪਰ ਦੀ ਗੁੜ੍ਹਤੀ ਨੇ ਹੀ ਉਸ ਨੂੰ ਜਰਨਲਿਜ਼ਮ ਦਾ ਡਿਪਲੋਮਾ ਕਰਨ ਲਈ ਜਰਮਨੀ ਭੇਜਿਆ ਤੇ ਫਿਰ ਅਮਰੀਕਾ ਵਿਚ ਆ ਕੇ ਕੈਲੇਫੋਰਨੀਆ ਤੋਂ ਦੋ ਪੇਪਰ 'ਦੇਸ਼ ਦੁਆਬਾ' ਤੇ 'ਅੰਬੇਦਕਰ ਟਾਈਮਜ਼' ਚਲਾਏ, ਜਿਹੜੇ ਕਿ ਅੱਜ ਆਪਣੇ ਪੈਰਾਂ 'ਤੇ ਖੜ੍ਹੇ ਹਨ ਤੇ ਉਹ ਇਹਨਾਂ ਦਾ ਮੁੱਖ ਸੰਪਾਦਕ ਹੈ। ਉਹ ਇਹਨਾਂ ਪੇਪਰਾਂ ਨਾਲ ਜਿੱਥੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰਦਾ ਹੈ, ਉਥੇ ਹੀ ਆਪਣੇ ਤੇ ਭਾਰਤੀ ਸਮਾਜ ਦੇ ਮਸਲਿਆਂ ਨੂੰ ਪੂਰਾ ਕਰਨ ਲਈ ਉਭਾਰਦਾ ਹੈ। ਉਸ ਦੀ ਸਾਰੀ ਜੀਵਨੀ ਸਵੈ-ਸੰਘਰਸ਼ ਦੀ ਹੈ ਤੇ ਇਸੇ ਸੰਘਰਸ਼ ਨਾਲ ਹੀ ਉਹਨਾਂ ਦੇ ਛੋਟੇ ਭਰਾ ਤੇ ਭੈਣਾਂ ਚੰਗੀ ਸਿੱਖਿਆ ਪ੍ਰਾਪਤ ਕਰਕੇ ਉਚ ਅਹੁਦਿਆਂ 'ਤੇ ਨਿਯੁਕਤ ਹਨ।

ਮੈਂ ਉਕਤ ਅਖ਼ਬਾਰਾਂ ਦੇ ਮੁੱਖ ਸੰਪਾਦਕ ਦੇ ਭਾਰਤੀ ਸਮਾਜ 'ਚ ਪਾਏ ਜਾ ਰਹੇ ਇਸ ਯੋਗਦਾਨ ਦੀ ਦਿਲੋਂ ਪ੍ਰਸੰਸਾ ਕਰਦਾ ਹਾਂ ਤੇ ਬਾਬਾ ਨਾਨਕ ਜੀ ਦੀ ਮਿਹਰ ਦਾ ਹੱਥ ਸਦਾ ਇਸ ਦੇ ਸਿਰ 'ਤੇ ਬਣਿਆ ਰਹੇ ਤੇ ਇਹ ਬਾਬਾ ਨਾਨਕ ਦੇ ਫ਼ਲਸਫ਼ੇ ਨੂੰ ਆਪਣੀਆਂ ਅਖ਼ਬਾਰਾਂ ਰਾਹੀਂ ਲੋਕਾਂ ਦੇ ਦਿਲਾਂ ਤੇ ਦਿਮਾਗਾਂ ਨੂੰ ਰੌਸ਼ਨ ਕਰਨ ਲਈ, ਯਤਨ ਕਰਦਾ ਰਹੇ। ਅਜੋਕੀ ਲੁਕਾਈ ਦੀਆਂ ਸਮੱਸਿਆਵਾਂ ਦਾ ਹੱਲ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਨੂੰ ਚੰਗੀ ਤਰ੍ਹਾਂ ਅਪਣਾ ਕੇ ਹੱਲ ਕੀਤਾ ਜਾ ਸਕਦਾ ਹੈ। ਅਖ਼ਬਾਰਾਂ ਦਾ ਮਾਧਿਅਮ ਹੀ ਇਹ ਕੰਮ ਕਰ ਸਕਦਾ ਹੈ। ਮੈਂ ਇਸ ਮੁਬਾਰਕ ਮੌਕੇ 'ਤੇ ਅਖ਼ਬਾਰਾਂ ਦਾ ਮਾਧਿਅਮ ਹੀ ਇਹ ਕੰਮ ਕਰ ਸਕਦਾ ਹੈ। ਮੈਂ ਇਸ ਮੁਬਾਰਕ ਮੌਕੇ 'ਤੇ ਅਖ਼ਬਾਰਾਂ ਦੇ ਮੁੱਖ ਸੰਪਾਦਕ ਨੂੰ ਇਹੀ ਸ਼ੁਭ ਇੱਛਾਵਾਂ ਦਿੰਦਾ ਹਾਂ ਕਿ ਇਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਇਸੇ ਤਰ੍ਹਾਂ ਹੀ ਸੇਵਾ ਕਰਦਾ ਰਹੇ।

## ਅਦਾਰਾ 'ਦੇਸ਼ ਦੁਆਬਾ' ਦੇ 21 ਦਸੰਬਰ, 2019 ਸਮਾਗਮ 'ਤੇ ਵਿਸ਼ੇਸ਼

ਦੋਆਬ ਦੋ ਨਦੀਆਂ ਦੇ ਵਿਚਕਾਰ ਵਾਲਾ ਖੇਤਰ ਹੈ। ਇਹ ਦੋ ਅੱਖਰਾਂ ਦੋ ਅਤੇ ਆਬ (ਪਾਣੀ) ਦੇ ਜੋੜ ਤੋਂ ਬਣਿਆ ਹੈ। ਦੋਆਬਾ ਪੰਜਾਬ ਦੇ ਬਿਆਸ ਅਤੇ ਸਤਲੁਜ ਦਰਿਆਵਾਂ ਦੇ ਇਲਾਕੇ ਵਿਚ ਜਿਸਨੂੰ ਬਿਸਤ ਦੁਆਬ ਵੀ ਕਿਹਾ ਜਾਂਦਾ ਹੈ। ਪੰਜਾਬ ਦੇ 22 ਜ਼ਿਲ੍ਹਿਆਂ ਵਿਚ ਹੁਸ਼ਿਆਰਪੁਰ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ ਦੁਆਬਾ ਦੇ ਲੋਕਾਂ ਨੂੰ ਦੁਆਬੀਏ ਆਖਦੇ ਹਨ। ਦੁਆਬੇ ਦੇ ਇਲਾਕੇ ਨੂੰ ਮੰਜਕੀ, ਦੋਨਾ, ਧੱਕ, ਸਿਰੋਵਾਲ, ਕੰਡੀ ਅਤੇ ਬੇਟ ਵਿਚ ਵੰਡਿਆ ਗਿਆ ਹੈ। ਇਸਦਾ ਅਮੀਰ ਵਿਰਸਾ ਅਤੇ ਸਭਿਆਚਾਰ ਹੈ।

ਦਰਿਆ ਦਾ ਨਿਕਾਸ ਝੀਲ ਨਦੀ ਝਰਨਾ ਜਾਂ ਬਰਸਾਤੀ ਪਾਣੀ ਹੁੰਦਾ ਹੈ। ਇਸਦੀ ਜਲਧਾਰਾ ਕਿਸੇ ਸਮੁੰਦਰ ਜਾਂ ਝੀਲ ਵਿਚ ਡਿੱਗਦੀ ਹੈ। ਦਰਿਆ ਦੋ ਪ੍ਰਕਾਰ ਦੇ ਹੁੰਦੇ ਹਨ:

1. ਚਿਰਜੀਵੀ, 2. ਬਰਸਾਤੀ

ਚਿਰਜੀਵੀ ਦਰਿਆ ਦਾ ਮੂਲ ਝੀਲ ਜਾਂ ਨਦੀ ਨਹੀਂ ਹੁੰਦਾ। ਉਹ ਚਿਰਕਾਲ ਜਲ ਨਾਲ ਭਰੇ ਰਹਿੰਦੇ ਹਨ। ਜਦਕਿ ਬਰਸਾਤੀ ਦਰਿਆ ਮੀਂਹ ਦੇ ਪਾਣੀ ਤੇ ਨਿਰਭਰ ਕਰਦੇ ਹਨ। ਦਰਿਆ ਦਾ ਸਬੰਧ ਫਸਲਾਂ ਤੋਂ ਇਲਾਵਾ ਸਭਿਅਤਾ ਨਾਲ ਹੈ। ਜਿਸ ਨਾਲ ਪਾਲਣ-ਪੋਸ਼ਣ ਹੁੰਦਾ ਹੈ। ਉੱਤਰੀ ਅਮਰੀਕਾ ਵਿਚ ਇਕ ਪੰਜਾਬੀ ਮਾਂ ਬੋਲੀ ਅਤੇ ਸਭਿਆਚਾਰ ਦਰਿਆ ਹੈ- ਅਖ਼ਬਾਰ 'ਦੇਸ਼ ਦੁਆਬਾ'। ਜੋ ਦੇਸ਼ ਵਿਦੇਸ਼ ਦੇ ਦੋਆਬ ਵਿਚ ਵਿੱਚਰ ਰਿਹਾ ਹੈ, ਜਿਸਦਾ ਮਲਾਹ ਇਕ ਸ਼ਾਂਤ-ਸੁਭਾਅ ਅਤੇ ਮਿਹਨਤੀ ਹੈ ਪ੍ਰੇਮ ਕੁਮਾਰ ਚੁੰਬਰ ਜੋ ਇਕ ਦਹਾਕੇ ਤੋਂ ਇਹ ਸੇਵਾ ਨਿਭਾਅ ਰਿਹਾ ਹੈ। ਕਾਮਨਾ ਕਰਦੇ ਹਾਂ ਕਿ ਇਹ 'ਦੇਸ਼ ਦੁਆਬਾ' ਅਖ਼ਬਾਰ ਚਿਰਜੀਵ ਰਹੇ। ਅਦਾਰਾ 'ਦੇਸ਼ ਦੁਆਬਾ' ਅਖ਼ਬਾਰ ਦੇ ਸਮਾਗਮ ਦੀ ਕਾਮਯਾਬੀ ਦੀ ਕਾਮਨਾ ਨਾਲ।

**– ਪ੍ਰਮਿੰਦਰ ਸਿੰਘ 'ਪ੍ਰਵਾਨਾ'**
510-415-9377




# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਜਾਮੀਆ ’ਚ ਹਿੰਸਾ ਵਿਦਿਆਰਥੀਆਂ ਨੇ ਨਹੀ, ਸਮਾਜ ਵਿਰੋਧੀ ਅਨਸਰਾਂ ਨੇ ਫੈਲਾਈ

**ਨਵੀਂ ਦਿੱਲੀ :** ਦਿੱਲੀ ਪੁਲਿਸ ਨੇ ਮੰਗਲਵਾਰ ਨੂੰ ਜਾਮੀਆ ਹਿੰਸਾ ਦੇ ਮਾਮਲੇ ’ਚ ਗ੍ਰਹਿ ਮੰਤਰਾਲੇ ਨੂੰ ਰਿਪੋਰਟ ਸੌਂਪੀ। ਕਿਹਾ ਕਿ ਜਾਮੀਆ ਹਿੰਸਾ ’ਚ ਕਈ ਸਮਾਜ ਵਿਰੋਧੀ ਅਨਸਰਾਂ ਨੇ ਪੈਟਰੋਲ ਬੰਬਾਂ ਦੀ ਵਰਤੋਂ ਕੀਤੀ ਸੀ। ਹਿੰਸਾ ਦੀ ਤਿਆਰੀ ਦੰਗਾਕਾਰੀਆਂ ਨੇ ਪਹਿਲਾਂ ਹੀ ਕੀਤੀ ਹੋਈ ਸੀ। ਪ੍ਰਦਰਸ਼ਨ ’ਚ ਸ਼ਾਮਲ ਜ਼ਿਆਦਾਤਰ ਲੋਕਾਂ ਨੂੰ ਇਹ ਪਤਾ ਨਹੀਂ ਸੀ ਕਿ ਨਾਗਰਿਕ ਸੋਧ ਕਾਨੂੰਨ ਕੀ ਹੈ। ਸੂਤਰਾਂ ਮੁਤਾਬਕ ਰਿਪੋਰਟ ’ਚ ਕਿਹਾ ਗਿਆ ਹੈ ਕਿ ਹਿੰਸਾ ’ਚ ਸੰਗਠਿਤ ਗਰੁੱਪ ਦੇ ਲੋਕ ਸ਼ਾਮਲ ਸਨ। ਹੁਣ ਤਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਿੰਸਾ ’ਚ ਜਾਮੀਆ ਦੇ ਵਿਦਿਆਰਥੀ ਸ਼ਾਮਲ ਨਹੀਂ ਸਨ। ਰਿਪੋਰਟ ’ਚ ਕਿਹਾ ਗਿਆ ਹੈ ਕਿ ਦੰਗਾਕਾਰੀਆਂ ਨੇ ਗੋਲ਼ੀਆਂ ਵੀ ਚਲਾਈਆਂ ਸਨ। ਪੁਲਿਸ ਨੂੰ ਮੌਕੇ ਤੋਂ 7.62 ਬੋਰ ਦੇ ਖੋਲ ਵੀ ਮਿਲੇ ਹਨ। ਸਥਾਨਕ ਲੋਕਾਂ ਨੇ 112 ਨੰਬਰ ’ਤੇ ਕਾਲ ਕਰ ਕੇ ਸ਼ਿਕਾਇਤ ਕੀਤੀ ਸੀ ਤੇ ਪੁਲਿਸ ਦੇ ਸਾਹਮਣੇ ਗਵਾਹੀ ਵੀ ਦਿੱਤੀ ਹੈ। ਦੰਗਾਕਾਰੀਆਂ ਨੂੰ ਕਾਬੂ ਕਰਨ ਲਈ ਜਿੰਨੇ ਵੀ ਪੁਲਿਸ ਮੁਲਾਜ਼ਮ



ਇਲਾਕੇ ’ਚ ਤਾਇਨਾਤ ਸਨ, ਉਨ੍ਹਾਂ ’ਚ ਕਿਸੇ ਕੋਲ ਹਥਿਆਰ ਨਹੀਂ ਸਨ। ਉਨ੍ਹਾਂ ਕੋਲ ਸਿਰਫ਼ ਡੰਡੇ ਸਨ। ਪਰ ਘਟਨਾ ਦੌਰਾਨ ਕਈ ਨੇਤਾਵਾਂ ਤੇ ਹੋਰ ਲੋਕਾਂ ਨੇ ਸੋਸ਼ਲ ਮੀਡੀਆ ’ਤੇ ਪਟਨਾ ’ਚ ਹੋਏ ਗੋਲ਼ੀ ਕਾਂਡ ਦੀ ਪੁਰਾਣੀ ਵੀਡੀਓ ਪੋਸਟ ਕਰ ਕੇ ਅਫ਼ਵਾਹ ਫੈਲਾਈ ਕਿ ਪੁਲਿਸ ਮੁਲਾਜ਼ਮਾਂ ਨੇ ਗੋਲ਼ੀਆਂ ਚਲਾਈਆਂ ਹਨ। ਇਕ ਪੁਲਿਸ ਮੁਲਾਜ਼ਮ ’ਤੇ ਦੋਸ਼ ਲਾਇਆ ਗਿਆ ਕਿ ਉਸ ਨੇ ਬੱਸ ’ਤੇ ਪੈਟਰੋਲ ਪਾ ਕੇ ਅੱਗ ਲਾਈ। ਜਦਕਿ ਉਹ ਇਕ ਰੇਹੜੀ ਵਾਲੇ ਤੋਂ ਗੈਲਨ ’ਚ ਪਾਣੀ ਲੈ ਕੇ ਅੱਗ ਬੁਝਾਉਣ ਆਇਆ ਸੀ। ਜਾਮੀਆ ਯੂਨੀਵਰਸਿਟੀ ਦੇ ਅੰਦਰ ਵੜ ਕੇ ਵਿਦਿਆਰਥਣਾਂ ਨਾਲ ਕੁੱਟਮਾਰ ਕਰਨ ਦੀ ਅਫ਼ਵਾਹ ਫੈਲਾਈ ਗਈ। ਰਿਪੋਰਟ ’ਚ ਕਿਹਾ ਗਿਆ ਹੈ ਕਿ ਕੁਝ ਸਿਆਸੀ ਪਾਰਟੀਆਂ ਦੇ ਨੇਤਾ ਪੂਰੀ ਦਿੱਲੀ ’ਚ ਦੰਗਾ ਕਰਵਾਉਣਾ ਚਾਹੁੰਦੇ ਹਨ, ਮਾਹੌਲ ਵਿਗਾੜਨਾ ਚਾਹੁੰਦੇ ਹਨ।

**ਸਾਰੇ ਗ੍ਰਿਫ਼ਤਾਰ ਐਲਾਨੇ ਅਪਰਾਧੀ**

ਜਾਮੀਆ ਹਿੰਸਾ ਮਾਮਲੇ ’ਚ ਪੁਲਿਸ ਨੇ ਦਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦਸੇ ਜਣੇ ਐਲਾਨੇ ਅਪਰਾਧੀ ਹਨ। ਡੀਸੀਪੀ ਦੱਖਣ ਪੂਰਬੀ ਚਿਨਮਿਆ ਬਿਸ਼ਵਾਲ ਨੇ ਕਿਹਾ ਕਿ ਛੇ ਨੂੰ ਜਾਮੀਆ ਨਗਰ ਤੇ ਚਾਰ ਨੂੰ ਐਨਐਫਸੀ ਥਾਣੇ ਦੀ ਪੁਲਿਸ ਨੇ ਫੜਿਆ ਹੈ। ਸਾਰਿਆਂ ਖ਼ਿਲਾਫ਼ ਲੁੱਟ, ਆਰਮਜ਼ ਐਕਟ, ਝਗੜਾ ਕਰਨ, ਸਰਕਾਰੀ ਮੁਲਾਜ਼ਮ ਨਾਲ ਮਾਰਕੁੱਟ ਕਰਨ ਸਮੇਤ ਕਈ ਹੋਰ ਗੰਭੀਰ ਧਾਰਾਵਾਂ ’ਚ ਵੱਖ-ਵੱਖ ਥਾਣਿਆਂ ’ਚ ਪਹਿਲਾਂ ਹੀ ਮੁਕੱਦਮੇ ਦਰਜ ਹਨ। ਪੁਲਿਸ ਮੁਤਾਬਕ ਮੁਲਜ਼ਮਾਂ ਨੂੰ ਕਿਹਾ ਕਿ ਉਹ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀ ਬਣ ਕੇ ਪ੍ਰਦਰਸ਼ਨ ਵਿਚ ਸ਼ਾਮਲ ਹੋਏ। ਇਸ ਤੋਂ ਬਾਅਦ ਮੌਕਾ ਮਿਲਦੇ ਹੀ ਹਿੰਸਾ ਕਰਨ ਲੱਗੇ। ਇਨ੍ਹਾਂ ਨੇ ਹੀ ਪੁਲਿਸ ਤੇ ਬੱਸਾਂ ’ਤੇ ਪਥਰਾਅ ਕੀਤਾ ਸੀ।

# ਇਕ ਖ਼ੂਬਸੂਰਤ ਸਾਹਿਤਕ ਸ਼ਾਮ : ਕਵਿਤਾ ਕਾਨਫਰੰਸ ਦਾ ਐਲਾਨ

ਬੀਤੇ ਸ਼ਨਿਚਰਵਾਰ ਤੰਦੂਰੀ ਗਰਿੱਲ (ਇੰਡੀਅਨ ਰੈਸਟੋਰੈਂਟ) ਮਨਟਿਕਾ ਵਿਖੇ ਇਕ ਖ਼ੂਬਸੂਰਤ ਸਾਹਿਤਕ ਸ਼ਾਮ ਦਾ ਆਯੋਜਨ ਕੀਤਾ ਗਿਆ। ਇਸ ਵਿਚ ਰਾਈਟਰਜ਼ ਕਲੱਬ ਚੰਡੀਗੜ੍ਹ ਦੇ ਕਨਵੀਨਰ ਬਲਵਿੰਦਰ ਸਿੰਘ ਉੱਤਮ ਤੇ ਪ੍ਰਸਿੱਧ ਕਹਾਣੀਕਾਰ ਅਮਰਜੀਤ ਚਾਹਲ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਹਿੱਸਾ ਲਿਆ। ਇਸ ਸਮਾਗਮ ਦਾ ਆਗਾਜ਼ ਮਨਦੀਪ ਗੋਰਾ ਵੱਲੋਂ ਜੀ ਆਇਆਂ ਕਹਿਣ ਤੋਂ ਮਗਰੋਂ ਰੂਬਰੂ ਪ੍ਰੋਗਰਾਮ ਨਾਲ ਹੋਇਆ। ਬਲਵਿੰਦਰ ਸਿੰਘ ਨੇ ਚੰਡੀਗੜ੍ਹ ਦੀਆਂ ਸਾਹਿਤਕ ਗਤੀਵਿਧੀਆਂ ਬਾਰੇ ਦੱਸਦਿਆਂ ਆਪਣੇ ਰੈਸਟੋਰੈਂਟ ‘ਉੱਤਮ’ ਵਿਚ ਹੁਣ ਤੱਕ ਸੰਪੰਨ ਹੋਏ ਤਿੰਨ ਸੌ ਦੇ ਕਰੀਬ ਸਾਹਿਤਕ ਪ੍ਰੋਗਰਾਮਾਂ ਦਾ ਜ਼ਿਕਰ ਬੜੇ ਮਾਣ ਤੇ ਫ਼ਖ਼ਰ ਨਾਲ ਕੀਤਾ। ਉਸਨੇ ਪਰਵਾਸੀ ਲੇਖਕਾਂ ਨੂੰ ਆਪਣੇ ਸਾਹਿਤਕ ਫੰਕਸ਼ਨ ‘ਉੱਤਮ’ ਵਿਚ ਕਰਵਾਉਣ ਲਈ ਖੁੱਲ੍ਹਾ ਸੱਦਾ ਦਿੱਤਾ, ਜਿਸਦਾ ਭਰਪੂਰ ਸਵਾਗਤ ਹੋਇਆ। ਅਮਰਜੀਤ ਚਾਹਲ ਨੇ ਸਰੀ-ਵੈਨਕੂਵਰ ਖੇਤਰ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਗੱਲਬਾਤ ਕਰਦਿਆਂ ਆਪਣੀ ਸਿਰਜਨ ਪ੍ਰਕਿਰਿਆ ਬਾਰੇ ਅਰਥ-ਭਰਪੂਰ ਜਾਣਕਾਰੀ ਪ੍ਰਦਾਨ ਕੀਤੀ ਅਤੇ ਆਪਣੇ ਕਹਾਣੀ-ਸੰਗ੍ਰਹਿ ‘ਬਾਹਰੋਂ ਆਇਆ ਆਦਮੀ’ ਦੀਆਂ ਪੁਸਤਕਾਂ ਭੇਟ ਕੀਤੀਆਂ।

ਕਵੀ ਦਰਬਾਰ ਦਾ ਆਰੰਭ ਹਰਪ੍ਰੀਤ ਕੌਰ ਧੂਤ ਦੀਆਂ ਤਾਜ਼ਾ ਕਾਵਿ-ਰਚਨਾਵਾਂ ਨਾਲ ਹੋਇਆ। ਫਿਰ ਹਰਜੀਤ ਹਠੂਰ, ਕੁਲਵੰਤ ਸੇਖੋਂ, ਤਾਰਾ ਸਾਗਰ, ਅਮਰਜੀਤ ਚਾਹਲ, ਪ੍ਰੋ. ਹਰਭਜਨ ਸਿੰਘ ਅਤੇ ਮਨਦੀਪ ਗੋਰਾ ਨੇ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਦਾ ਅਜਿਹਾ ਖ਼ੂਬਸੂਰਤ ਰੰਗ ਬੰਨ੍ਹਿਆ ਕਿ ਸ਼ਾਮ ਦਾ ਰੰਗ ਗੂੜ੍ਹਾ ਸੁਰਮਈ ਹੋ ਕੇ ਸੰਦਲੀ ਬਣ ਗਿਆ ਅਤੇ ਫ਼ਿਜ਼ਾ ਸੰਗੀਤਮਈ ਹੋ ਕੇ ਝੂਮ ਉੱਠੀ। ਕਾਵਿ-ਰਚਨਾਵਾਂ ਦੇ ਪਾਠ ਦਾ ਇਕ ਹੋਰ ਸ਼ਾਨਦਾਰ ਦੌਰ ਚੱਲਿਆ, ਸਰੋਤਿਆਂ ਵੱਲੋਂ ਤਾਲੀਆਂ ਦੇ ਨਾਲ ਸਵਾਗਤ ਹੁੰਦਾ ਰਿਹਾ ਅਤੇ ਕਾਵਿ-ਮਹਿਫ਼ਲ ਸਿਖਰ ’ਤੇ ਪਹੁੰਚ ਕੇ ਚਹਿਕ ਮਹਿਕ ਉੱਠੀ।



ਪ੍ਰੋ. ਹਰਭਜਨ ਸਿੰਘ ਨੇ ਅਮਰੀਕੀ ਪਰਵਾਸੀ ਪੰਜਾਬੀ ਕਵਿਤਾ ਕਾਨਫਰੰਸ ਕਰਵਾਉਣ ਬਾਰੇ ਪ੍ਰਸਤਾਵ ਰੱਖਿਆ। ਇਸ ਬਾਰੇ ਖੁੱਲ੍ਹੇ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਪ੍ਰਸਤਾਵ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਕਵਿਤਾ ਕਾਨਫਰੰਸ ਦਾ ਇਹ ਪ੍ਰਯੋਜਨ ਤੇ ਸਮੁੱਚਾ ਪ੍ਰੋਗਰਾਮ ਕੈਲੀਫਰਨੀਆ ਦੇ ਸਾਰੇ ਸਾਹਿਤਕ ਸੰਗਠਨਾਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਨ ਦਾ ਫੈਸਲਾ ਵੀ ਸਰਬ-ਸੰਮਤੀ ਨਾਲ ਲਿਆ ਗਿਆ। ਇਹ ਵੀ ਤੈਅ ਕੀਤਾ ਗਿਆ ਕਿ ਇਹ ਕਾਨਫਰੰਸ ਗਦਰੀ ਬਾਬਿਆਂ ਦੀ ਕਵਿਤਾ ਨੂੰ ਸਮਰਪਿਤ ਹੋਵੇਗੀ ਤੇ ਅਗਲੇ ਸਾਲ ਜੁਲਾਈ ਦੇ ਅੰਤ ਜਾਂ ਅਗਸਤ ਮਹੀਨੇ ਦੇ ਆਰੰਭ ਵਿਚ ਕਰਵਾਈ ਜਾਵੇਗੀ। ਇਸ ਕਾਨਫਰੰਸ ਵਿਚ ਪੜ੍ਹਨ ਲਈ ਗਦਰੀ ਬਾਬਿਆਂ ਦੀ ਕਵਿਤਾ ਬਾਰੇ ਖੋਜ ਪੇਪਰ ਪ੍ਰਸਿੱਧ ਆਲੋਚਕ ਤੇ ਵਿਦਵਾਨ ਡਾ. ਧਨਵੰਤ ਕੌਰ ਵੱਲੋਂ ਤਿਆਰ ਕੀਤਾ ਜਾਵੇਗਾ। ਅਮਰੀਕੀ ਪੰਜਾਬੀ ਕਵਿਤਾ ਤੇ ਗ਼ਜ਼ਲ ਦੇ ਮੁਲੰਕਣ ਬਾਰੇ ਡਾ. ਜਸਵਿੰਦਰ ਸਿੰਘ ਤੇ ਸਮੁੱਚੇ ਅਮਰੀਕੀ ਪੰਜਾਬੀ ਸਾਹਿਤ ਬਾਰੇ ਡਾ. ਗੁਰਪਾਲ ਸੰਧੂ ਵਿਸ਼ੇਸ਼ ਖੋਜ ਪੇਪਰ ਲਿਖਣਗੇ।

ਅੰਤਿਮ ਦੌਰ ਵਿਚ ਪ੍ਰਿੰਸੀਪਲ ਹਰਨੇਕ ਸਿੰਘ ਨੇ ਦੋ ਮਿੰਨੀ ਕਹਾਣੀਆਂ: ‘ਤੇਰੇ ਨਾਲ ਤਾਂ ਨਹੀਂ ਲੜਦਾ’ ਤੇ ‘ਮਾਂ ਦੀ ਕੁੱਖ’ ਪੜ੍ਹ ਕੇ ਸੁਣਾਈਆਂ। ਹਰਜੀਤ ਹਠੂਰ ਵੱਲੋਂ ਦੋ ਮਿੰਨੀ ਕਹਾਣੀਆਂ: ‘ਛੱਤ’ ਤੇ ‘ਆਜ਼ਾਦੀ’ ਪੇਸ਼ ਕੀਤੀਆਂ ਗਈਆਂ। ਅਮਰਜੀਤ ਚਾਹਲ ਨੇ ਛੋਟੀ ਕਹਾਣੀ ‘ਆਜ਼ਾਦੀ ਦਾ ਦਿਨ’ ਪੜ੍ਹ ਕੇ ਸੁਣਾਈ। ਸਰੋਤਿਆਂ ਵਜੋਂ ਹਿੰਦੀ ਨਾਵਲਕਾਰ ਪੀ. ਭਾਨੂੰ, ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਵਰਤਮਾਨ ਆਰਗੇਨਾਈਜ਼ਰ ਗੁਰਪ੍ਰੀਤ ਕੌਰ ਤੇ ਸਾਬਕਾ ਆਰਗੇਨਾਈਜ਼ਰ ਮਨਜੀਤ ਕੌਰ ਸੰਧੂ ਦੇ ਇਲਾਵਾ; ਮਾਨਵਜੀਤ ਸਿੰਘ, ਹਰਸ਼ਰਨ ਸਿੰਘ, ਬੀਬੀ ਅਜੀਤ ਕੌਰ, ਸ੍ਰੀਮਤੀ ਰਮੇਸ਼ ਸਾਗਰ ਆਦਿ ਨੇ ਸਰਗਰਮ ਹਿੱਸਾ ਲਿਆ। ਮਨਦੀਪ ਗੋਰਾ ਨੇ ਸਮੁੱਚੇ ਪ੍ਰੋਗਰਾਮ ਦੇ ਮੰਚ ਸੰਚਾਲਨ ਦੀ ਕਾਰਵਾਈ ਕਾਵਿਕ ਅੰਦਾਜ਼ ਵਿਚ ਬਾਖ਼ੂਬੀ ਨਿਭਾਈ। ਇਸ ਖ਼ੂਬਸੂਰਤ ਸਾਹਿਤਕ ਸ਼ਾਮ ਦਾ ਸਭ ਹਾਜ਼ਰੀਨ ਨੇ ਪੂਰਾ ਲੁਤਫ਼ ਮਾਣਿਆ।

**ਰਿਪੋਰਟ: ਮਨਦੀਪ ਗੋਰਾ, ਹਰਜੀਤ ਹਠੂਰ, ਕੁਲਵੰਤ ਸੇਖੋਂ, ਹਰਪ੍ਰੀਤ ਕੌਰ ਧੂਤ**

# ਸਿਆਟਲ ਵਿਚ ਸਤਪਾਲ ਸਿੰਘ ਸਿੱਧੂ ਦਾ ਵਾਟਕੌਮ ਕਾਉਂਟੀ ਦੇ ਐਗਜੈਕਟਿਵ ਦੀ ਚੋਣ ਜਿੱਤਣ ਤੇ ਨਿੱਘਾ ਸਵਾਗਤ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਪੰਜਾਬੀ ਭਾਈਚਾਰੇ ਦੇ ਉਮੀਦਵਾਰ ਸਤਪਾਲ ਸਿੰਘ ਸਿੱਧੂ ਵਾਟਕੋਮ ਕਾਉਂਟੀ ਦੇ ਐਗਜੈਕਟਿਵ ਦੀ ਚੋਣ ਜਿੱਤਣ ਤੋਂ ਬਾਅਦ ਪਹਿਲੀ ਵਾਰ ਸਿਆਟਲ ਬੁਲਾ ਕੇ ਪੰਜਾਬੀ ਭਾਈਚਾਰੇ ਵੱਲੋਂ ਸਿਆਟਲ ਵਿਚ ਨਿੱਘਾ ਸਵਾਗਤ ਤੇ ਸਨਮਾਨਿਤ ਕੀਤਾ। ਮੁੱਖ ਪ੍ਰਬੰਧਕ ਹਰਦੇਵ ਸਿੰਘ ਜਜ ਨੇ ਸਟੇਜ ਦਾ ਸੰਚਾਲਨ ਕਰਦਿਆਂ ਦੱਸਿਆ ਕਿ ਮੇਰੇ ਜਮਾਤੀ ਸਤਪਾਲ ਸਿੰਘ ਸਿੱਧੂ ਨੂੰ ਐਗਜੈਕਟਿਵ ਦੀ ਚੋਣ ਜਿੱਤਣ ਤੇ ਵਧਾਈ ਦਿੰਦਾ ਹਾਂ ਅਤੇ ਸਿਆਟਲ ਦੇ ਪੰਜਾਬੀ ਭਾਈਚਾਰੇ ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸੱਚਾ ਮਾਰਗ ਦੇ ਸਕੱਤਰ ਹਰਸ਼ਿੰਦਰ ਸਿੱਧੂ ਸੰਧੂ, ਰਾਜਬੀਰ ਸਿੰਘ ਸੰਧੂ, ਗੁਰਦੁਆਰਾ ਲਿੰਡਨ ਦੇ ਪ੍ਰਧਾਨ ਸੁਖਵੰਤ ਸਿੰਘ ਸੰਧੂ, ਪ੍ਰੇਮ ਕੁਮਾਰ ਡਾਇਰੈਕਟਰ ਤੇ ਕੈਂਟ ਕੌਂਸਲ ਮੈਂਬਰ ਸਤਵਿੰਦਰ ਕੌਰ ਨੇ ਸਤਪਾਲ ਸਿੱਧੂ ਨੂੰ ਵਧਾਈ ਦਿੰਦਿਆਂ ਆਪਣੇ ਭਾਸ਼ਣ ਵਿਚ ਦੱਸਿਆ ਕਿ ਗਦਰੀ ਬਾਬਿਆਂ ਨੇ ਕੁਰਬਾਨੀਆਂ ਦੇ ਕੇ ਵੋਟ ਪਾਉਣ ਦਾ ਹੱਕ ਲਿਆ ਸੀ।

ਸਤਪਾਲ ਸਿੱਧੂ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਉਹ ਸਿਆਟਲ ਦੇ ਪੰਜਾਬੀ ਭਾਈਚਾਰੇ ਦੇ ਧੰਨਵਾਦੀ ਹਨ, ਜਿਹਨਾਂ ਨੇ ਚੋਣਾਂ ਦੌਰਾਨ ਅਤੇ ਹੁਣ ਸਿਆਟਲ ਬੁਲਾ ਕੇ ਮਾਣ ਬਖਸ਼ਿਆ ਹੈ। ਸਿੱਧੂ ਨੇ ਕਿਹਾ ਕਿ ਪੰਜਾਬੀ ਮੂਲ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰਾਜਨੀਤੀ ਵਿਚ ਭਾਗ ਲੈਣਾ ਚਾਹੀਦਾ ਹੈ। ਉਹਨਾਂ ਨੇ ਸਤਵਿੰਦਰ ਕੌਰ ਦੇ ਕੈਂਟ ਸਿਟੀ ਕੌਂਸਲ ਮੈਂਬਰ ਬਣਨ ਤੇ ਮਾਣ ਮਹਿਸੂਸ ਕੀਤਾ।

ਇਸ ਮੌਕੇ ਪਿੰਟੂ ਬਾਠ, ਮਨਮੋਹਣ ਸਿੰਘ ਧਾਲੀਵਾਲ, ਉਂਕਾਰ ਸਿੰਘ ਭੰਡਾਲ, ਧਰਮ ਸਿੰਘ ਮੇਰੀਪੁਰ, ਰਛਪਾਲ, ਜਗਜੀਤ ਸਿੰਘ ਸੰਧੂ, ਅਮਰਜੀਤ ਸਿੰਘ ਬਰਾੜ, ਹਰਦਿਆਲ ਸਿੰਘ ਸੰਘਾ, ਰਵਿੰਦਰ ਕੁਮਾਰ ਰਿਸ਼ੀ, ਗੁਰਮੀਤ ਸਿੰਘ ਨਿੱਝਰ ਸਮੇਤ ਕਈ ਅਹਿਮ ਸ਼ਖਸੀਅਤਾਂ ਨੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ।

# 2 ਦਿਨ ਬਾਅਦ ਦਿੱਲੀ ਪੁਲਿਸ ਦਾ ਖੁਲਾਸਾ, ਪ੍ਰਦਰਸ਼ਨਕਾਰੀਆਂ ਨੇ ਸੁੱਟੇ ਸਨ ਪੈਟਰੋਲ ਬੰਬ

ਨਵੀਂ ਦਿੱਲੀ- ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ’ਚ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਬਾਹਰ ਸ਼ਾਂਤੀਪੂਰਨ ਪ੍ਰਦਰਸ਼ਨ ਸ਼ੁਰੂ ਹੋ ਗਿਆ ਹੈ। ਇਸ ਪ੍ਰਦਰਸ਼ਨ ’ਚ ਟੀਚਰਸ ਸਟਾਫ ਤੇ ਵਿਦਿਆਰਥੀ ਸ਼ਾਮਲ ਹਨ। ਦਿੱਲੀ ਦੇ ਸ਼ਾਹੀਨ ਬਾਗ ’ਚ ਵੀ ਪ੍ਰਦਰਸ਼ਨ ਸ਼ੁਰੂ ਹੋ ਗਿਆ ਹੈ। ਇਸ ਦੇ ਚਲਦਿਆਂ ਹੀ ਦਿੱਲੀ ਪੁਲਿਸ ਨੇ ਸੰਭਾਵਿਤ ਬਵਾਲ ਦੇ ਮੱਦੇਨਜ਼ਰ ਮੰਗਲਵਾਰ ਨੂੰ ਵੀ ਕਈ ਥਾਂ ਰੂਟ ਡਾਇਵਰਟ ਕੀਤਾ ਹੈ। ਇਸ ਪ੍ਰਦਰਸ਼ਨ ਨੂੰ ਲੈ ਕੇ ਪੁਲਿਸ ਦਾ ਬਿਆਨ ਸਾਹਮਣੇ ਆਇਆ ਹੈ। ਡੀਸੀਪੀ ਕੁਮਾਰ ਗਿਆਨੇਸ਼ ਮੁਤਾਬਿਕ, ’ਪ੍ਰਦਰਸ਼ਨ ਦੌਰਾਨ ਪੁਲਿਸ ’ਤੇ ਪੈਟਰੋਲ ਬੰਬ ਵੀ ਸੁੱਟੇ



ਗਏ ਸਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਅੱਗਜ਼ਨੀ ਤੇ ਹਿੰਸਾ ਤੋਂ ਪਹਿਲਾਂ ਸਾਜ਼ਿਸ਼ ਰਚੀ ਗਈ ਸੀ। ਇਹ ਪੂਰੀ ਯੋਜਨਾ ਤਹਿਤ ਕੀਤਾ ਗਿਆ ਸੀ।’

ਕਾਲਿੰਦੀ ਕੁੰਜ ਤੇ ਡੀ ਐਨ ਡੀ ਤੇ ਡਾਇਵਰਜ਼ਨ ਦੇ ਚਲਦਿਆਂ ਅਕਸ਼ਰਧਾਮ ਤੋਂ ਸਰਾਏ ਕਲਾਂ ਖ਼ਾ ਤਕ ਤਕਰੀਬਨ 5 ਕਿਲੋਮੀਟਰ ਤਕ ਜਾਮ ਲੱਗਾ ਹੋਇਆ ਹੈ। ਰੂਟ ਡਾਇਵਰਜ਼ਨ ਦੀ ਕੜੀ ’ਚ ਮਾਲਿੰਦੀ ਕੁੰਜ ਮਾਰਗ ਬੰਦ ਕਰ ਦਿੱਤਾ ਹੈ, ਜਿਸ ਨਾਲ ਵਾਹਨ ਚਾਲਕਾਂ ਨੇ ਟ੍ਰੈਫਿਕ ਅਕਸ਼ਰਧਾਮ ਤੇ ਐਨਐਚ 24 ਦਬਾਅ ਵਧਾ ਦਿੱਤਾ ਹੈ। ਦਿੱਲੀ ਟ੍ਰੈਫਿਕ ਪੁਲਿਸ ਨੇ ਟਵੀਟ ਕੀਤਾ ਹੈ- ’ਇਸੇ ਤਰ੍ਹਾਂ ਜੋ ਲੋਕ ਮਥੁਰਾ ਰੋਡ ਤੋਂ ਨੋਇਡਾ ਜਾਣਾ ਚਾਹੁੰਦੇ ਹਨ, ਉਹ ਆਸ਼ਰਮ ਚੌਕ, ਡੀਐਨਡੀ ਤੇ ਨੋਇਡਾ ਲਿੰਕ ਰੋਡ ਦਾ ਇਸਤੇਮਾਲ ਕਰ ਸਕਦੇ ਹਨ।

ਵਿਦਿਆਰਥੀਆਂ ਤੇ ਸਥਾਨਕ ਲੋਕਾਂ ਦਾ ਪ੍ਰਦਰਸ਼ਨ ਪੰਜਵੇਂ ਦਿਨ ਮੰਗਲਵਾਰ ਨੂੰ ਵੀ ਜਾਰੀ ਰਹਿਣ ਦੀ ਗੱਲ ਸਾਹਮਣੇ ਆ ਰਹੀ ਹੈ, ਪਰ ਅਜੇ ਤਕ ਪ੍ਰਦਰਸ਼ਨ ਸ਼ੁਰੂ ਨਹੀਂ ਹੈ। ਦਿੱਲੀ ਪੁਲਿਸ ਨੂੰ ਖ਼ੁਫੀਆ ਜਾਣਕਾਰੀ ਮਿਲੀ ਹੈ ਕਿ ਮੰਗਲਵਾਰ ਨੂੰ ਵੱਖ-ਵੱਖ ਇਲਾਕਿਆਂ ’ਚ ਹਿੰਸਕ ਪ੍ਰਦਰਸ਼ਨ ਹੋ ਸਕਦਾ ਹੈ। ਅਜਿਹੇ ’ਚ ਦਿੱਲੀ ਪੁਲਿਸ ਨੇ ਕਈ ਵੀਵੀਆਈਪੀ ਇਲਾਕਿਆਂ ਨਾਲ ਭੀੜ-ਭਾੜ ਵਾਲੇ ਇਲਾਕਿਆਂ ਦੀ ਸੁਰੱਖਿਆ ਵਧਾ ਦਿੱਤੀ ਹੈ।

# ਅਮਰੀਕਾ ਵੱਲੋਂ ਦੋ ਸੂਡਾਨੀ ਮੰਤਰੀਆਂ ’ਤੇ ਪਾਬੰਦੀ, ਸਰਕਾਰੀ ਕੰਮਾਂ ’ਚ ਰੁਕਾਵਟ ਪਾਉਣ ਦਾ ਦੋਸ਼

**ਵਾਸ਼ਿੰਗਟਨ-** ਅਮਰੀਕਾ ਨੇ ਦੱਖਣੀ ਸੂਡਾਨ ਦੇ ਦੋ ਮੰਤਰੀਆਂ ’ਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਇਨ੍ਹਾਂ ਦੋਵਾਂ ਅਧਿਕਾਰੀਆਂ ’ਤੇ ਅਮਰੀਕਾ ਦੇ ਸਰਕਾਰੀ ਕੰਮਾਂ ਵਿਚ ਰੁਕਾਵਟ ਪਾਉਣ ਦਾ ਦੋਸ਼ ਹੈ। ਜਿਨ੍ਹਾਂ ਮੰਤਰੀਆਂ ’ਤੇ ਪਾਬੰਦੀਆਂ ਲਗਾਈਆਂ ਗਈਆਂ ਹਨ ਉਨ੍ਹਾਂ ਵਿਚ ਸੂਡਾਨ ਦੇ ਕੈਬਨਿਟ ਮਾਮਲਿਆਂ ਦੇ ਮੰਤਰੀ ਮਾਰਟਿਨ ਏਲੀਆ ਲੋਮੁਰੋ ਅਤੇ ਰੱਖਿਆ ਮੰਤਰੀ ਕੁਓਲ ਮਾਨਯਾਂਗ ਜੁਕ ਸ਼ਾਮਲ ਹਨ। ਇਨ੍ਹਾਂ ਮੰਤਰੀਆਂ ’ਤੇ ਪਾਬੰਦੀਆਂ ਲੱਗ ਜਾਣ ਕਾਰਨ ਅਮਰੀਕਾ ਵਿਚ ਸਥਿਤ ਇਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰ ਲਈਆਂ ਜਾਣਗੀਆਂ ਤੇ ਅਮਰੀਕੀ ਪ੍ਰਸ਼ਾਸਨ ਇਨ੍ਹਾਂ ਨੂੰ ਵੀਜ਼ਾ ਵੀ ਜਾਰੀ ਨਹੀਂ ਕਰੇਗਾ।






## ਕੰਨਿਆਂ ਦੀ ਲੋੜ

ਨਾਈ ਸਿੱਖ ਲੜਕਾ, ਪੜ੍ਹਿਆ-ਲਿਖਿਆ, ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਸੋਹਣਾ-ਸੁਨੱਖਾ ਇਸ ਵਕਤ ਡੁਬਈ ਵਿਚ ਹੈਵੀ ਡਿਊਟੀ ਟਰੱਕ ਟਰੇਲਰ ਚਲਾ ਰਿਹਾ ਹੈ, ਲਈ ਕੈਨੇਡਾ ਜਾਂ ਅਮਰੀਕਾ ਤੋਂ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ ’ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਅੰਕਲ ਅਮਰੀਕਾ ਵਿਚ ਸੈਟ ਕਰਨ ਵਿਚ ਮਦਦ ਕਰੇਗਾ। ਹੋਰ ਜਾਣਕਾਰੀ ਲਈ ਸੰਪਰਕ ਕਰੋ 550-355-4065, ਇੰਡੀਆ 91-94655-06499

# ਫਾਸਟੈਗ ਨਾਲ ਸਾਲਾਨਾ 15 ਹਜ਼ਾਰ ਕਰੋੜ ਦੀ ਆਮਦਨ ਵਧੇਗੀ

ਨਵੀਂ ਦਿੱਲੀ : ਫਾਸਟੈਗ ਦੀ ਵਿਵਸਥਾ ਟੋਲ ਆਮਦਨ ਵਧਾਉਣ ਵਿਚ ਵੀ ਸਹਾਇਕ ਸਾਬਤ ਹੋ ਰਹੀ ਹੈ। ਹੁਣ ਤਕ ਦੇ ਅੰਕੜਿਆਂ ਦੇ ਹਿਸਾਬ ਨਾਲ ਦੇਖਿਆ ਜਾਏ ਤਾਂ ਸਾਰੇ ਟੋਲ ਪਲਾਜ਼ਾ ਦੇ ਫਾਸਟੈਗ ਅਨੁਕੂਲ ਹੋਣ ਅਤੇ ਹਾਈਵੇਅ 'ਤੇ ਚੱਲਣ ਵਾਲੇ ਸਾਰੇ ਵਾਹਨਾਂ ਵਿਚ ਫਾਸਟੈਗ ਲੱਗਣ ਨਾਲ ਐੱਨਐੱਚਏਆਈ ਦੀ ਟੋਲ ਆਮਦਨ ਵਿਚ ਸਾਲਾਨਾ 15 ਹਜ਼ਾਰ ਕਰੋੜ ਰੁਪਏ ਤਕ ਦੇ ਵਾਧੇ ਦੀ ਉਮੀਦ ਹੈ।

ਸੜਕੀ ਆਵਾਜਾਈ ਮੰਤਰਾਲੇ ਦੇ ਅਧਿਕਾਰੀਆਂ ਮੁਤਾਬਿਕ ਪਿਛਲੇ ਇਕ ਮਹੀਨੇ ਵਿਚ ਐੱਨਐੱਚਏਆਈ ਨੇ ਰਾਸ਼ਟਰੀ ਰਾਜ ਮਾਰਗਾਂ ਦੇ ਆਪਣੇ ਸਾਰੇ 502 ਟੋਲ ਪਲਾਜ਼ਿਆਂ ਵਿਚੋਂ 90 ਫ਼ੀਸਦੀ ਟੋਲ ਪਲਾਜ਼ਿਆਂ ਨੂੰ ਫਾਸਟੈਗ ਦੇ ਅਨੁਕੂਲ ਬਣਾ ਦਿੱਤਾ ਹੈ। ਸਿਰਫ਼ 50 ਅਜਿਹੇ ਟੋਲ ਪਲਾਜ਼ਾ ਨੂੰ ਫਾਸਟੈਗ ਅਨੁਕੂਲ ਬਣਾਉਣ ਦਾ ਕੰਮ ਬਾਕੀ ਹੈ ਜੋ ਪੀਡਬਲਯੂਡੀ ਦੇ ਅਧੀਨ ਆਉਂਦੇ ਹਨ ਅਤੇ ਜਿਥੇ ਇਲੈਕਟ੍ਰਾਨਿਕ ਦੀ ਥਾਂ ਪੁਰਾਣੀ ਤਕਨੀਕ ਨਾਲ ਮੈਨੂਅਲ ਟੋਲ ਆਮਦਨ ਇਕੱਠੀ ਕੀਤੀ ਜਾ ਰਹੀ ਸੀ। ਇਸ ਦੌਰਾਨ 22 ਨਵੰਬਰ ਨੂੰ ਸੜਕੀ ਟ੍ਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਦੀ ਫਾਸਟੈਗ ਲਾਜ਼ਮੀ ਸਬੰਧੀ ਪ੍ਰੈੱਸ ਕਾਨਫਰੰਸ ਪਿੱਛੋਂ ਰਾਸ਼ਟਰੀ ਰਾਜ ਮਾਰਗਾਂ 'ਤੇ ਚੱਲਣ ਵਾਲੇ ਤਕਰੀਬਨ 50 ਫ਼ੀਸਦੀ ਵਾਹਨ ਡਰਾਈਵਰਾਂ ਨੇ ਆਪਣੇ ਵਾਹਨਾਂ ਵਿਚ ਫਾਸਟੈਗ ਲਗਾ ਲਏ ਹਨ।

ਇਸ ਨਾਲ ਹੀ ਐੱਨਐੱਚਏਆਈ ਦੀ ਰੋਜ਼ਾਨਾ ਦੀ ਆਮਦਨ ਵਿਚ 20 ਕਰੋੜ ਰੁਪਏ ਦਾ ਵਾਧਾ ਹੋ ਗਿਆ ਹੈ। ਪਹਿਲਾਂ ਜਿਥੇ ਰੋਜ਼ਾਨਾ ਲਗਪਗ 66 ਕਰੋੜ ਰੁਪਏ ਦੀ ਟੋਲ ਆਮਦਨ ਹੁੰਦੀ ਸੀ ਉੱਥੇ ਹੁਣ ਹਰ ਰੋਜ਼ ਟੋਲ ਤੋਂ 86 ਕਰੋੜ ਰੁਪਏ ਪ੍ਰਾਪਤ ਹੋ ਰਹੇ ਹਨ। ਇਸ ਦਾ ਮਤਲਬ ਹਰ ਮਹੀਨੇ 600 ਕਰੋੜ ਅਤੇ ਹਰ ਸਾਲ 7,200 ਕਰੋੜ ਰੁਪਏ ਦਾ ਵਾਧਾ। ਸਪੱਸ਼ਟ ਹੈ ਕਿ ਜਦੋਂ ਸੌ ਫ਼ੀਸਦੀ ਵਾਹਨਾਂ ਵਿਚ ਫਾਸਟੈਗ ਲੱਗ ਜਾਏਗਾ ਤਦ ਐੱਨਐੱਚਏਆਈ ਨੂੰ ਹਰ ਸਾਲ ਟੋਲ ਰਾਹੀਂ 14,400 ਕਰੋੜ ਰੁਪਏ ਦੀ ਵਾਧੂ ਰਕਮ ਹਾਸਿਲ ਹੋਵੇਗੀ।




ਅਜੇ ਐੱਨਐੱਚਏਆਈ ਦਾ ਔਸਤ ਰੋਜ਼ਾਨਾ ਟੋਲ ਸੰਗ੍ਰਹਿ ਲਗਪਗ 66 ਕਰੋੜ, ਮਹੀਨੇ 'ਚ 2,200 ਕਰੋੜ ਅਤੇ ਸਾਲਾਨਾ ਟੋਲ ਸੰਗ੍ਰਿ ਕਰੀਬ 24 ਹਜ਼ਾਰ ਕਰੋੜ ਰੁਪਏ ਹੈ। ਸੜਕੀ ਆਵਾਜਾਈ ਮੰਤਰਾਲੇ ਦੇ ਅਧਿਕਾਰੀਆਂ ਅਨੁਸਾਰ ਫਾਸਟੈਗ ਤੋਂ ਪਹਿਲੇ ਦੇ ਟੋਲ ਸੰਗ੍ਰਿ ਦੇ ਅੰਕੜਿਆਂ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਕੈਸ਼ ਭੁਗਤਾਨ ਵਿਚ ਵੱਡੇ ਪੈਮਾਨੇ 'ਤੇ ਅੰਡਰ ਰਿਪੋਰਟਿੰਗ ਹੁੰਦੀ ਸੀ। ਟੋਲ ਠੇਕੇਦਾਰ ਜਿੰਨਾ ਧਨ ਇਕੱਠਾ ਕਰਦੇ ਸਨ ਉਨਾ ਰਿਕਾਰਡ 'ਤੇ ਦਿਖਾਉਂਦੇ ਨਹੀਂ ਸਨ। ਅਨੁਮਾਨ ਹੈ ਕਿ ਲਗਪਗ 20 ਫ਼ੀਸਦੀ ਘੱਟ ਟੋਲ ਸੰਗ੍ਰਿ ਦਰਸਾਇਆ ਜਾਂਦਾ ਸੀ।

ਫਾਸਟੈਗ ਲਾਗੂ ਹੋਣ ਨਾਲ ਅੰਡਰ ਰਿਪੋਰਟਿੰਗ 'ਤੇ ਪੂਰੀ ਤਰ੍ਹਾਂ ਰੋਕ ਲੱਗ ਜਾਏਗੀ। ਇਸ ਦੇ ਇਲਾਵਾ 15 ਜਨਵਰੀ ਜਾਂ ਉਸ ਦੇ ਬਾਅਦ ਜਦੋਂ ਬਿਨਾਂ ਫਾਸਟੈਗ ਵਾਲੇ ਵਾਹਨਾਂ ਤੋਂ ਦੋਗੁਣਾ ਟੋਲ ਵਸੂਲਣ ਦਾ ਨਿਯਮ ਸਖ਼ਤੀ ਨਾਲ ਲਾਗੂ ਹੋਵੇਗਾ ਤਦ ਰਾਸ਼ਟਰੀ ਰਾਜ ਮਾਰਗਾਂ 'ਤੇ ਚੱਲਣ ਵਾਲੇ ਸਾਰੇ ਵਾਹਨਾਂ ਤੋਂ ਟੋਲ ਕੁਲੈਕਟ ਹੋਵੇਗਾ ਅਤੇ ਰਸੂਖ ਦੇ ਜ਼ੋਰ 'ਤੇ ਟੋਲ ਨਾ ਦੇਣ ਵਾਲੇ ਵੀ ਇਸ ਤੋਂ ਬੱਚ ਨਹੀਂ ਸਕਣਗੇ। ਇਸ ਨਾਲ ਟੋਲ ਆਮਦਨ ਵਿਚ ਹੋਰ ਵਾਧਾ ਦੇਖਣ ਨੂੰ ਮਿਲ ਸਕਦਾ ਹੈ।

**ਆ ਰਹੀਆਂ ਹਨ ਕੁਝ ਦਿੱਕਤਾਂ**

ਇਸ ਦੌਰਾਨ ਕੁਝ ਟੋਲ ਪਲਾਜ਼ਿਆਂ 'ਤੇ ਤਕਨੀਕੀ ਸਮੱਸਿਆਵਾਂ ਦੇ ਇਲਾਵਾ ਕਈ ਟੋਲ ਪਲਾਜ਼ਿਆਂ 'ਤੇ ਫਾਸਟੈਗ ਲੇਨ ਵਿਚ ਬਿਨਾਂ ਫਾਸਟੈਗ ਵਾਹਨਾਂ ਦੇ ਦਾਖਲੇ ਕਾਰਨ ਅਤੇ ਫਿਰ ਦੋਗੁਣਾ ਟੋਲ ਦੇਣ ਦੀ ਨੌਬਤ 'ਤੇ ਬਹਿਸ ਅਤੇ ਝਗੜੇ ਦੀਆਂ ਘਟਨਾਵਾਂ ਦੇਖਣ ਵਿਚ ਆ ਰਹੀਆਂ ਹਨ। ਕੁਝ ਥਾਵਾਂ 'ਤੇ ਕੈਸ਼ ਲਈ ਇਕ-ਚੌਥਾਈ ਤੋਂ ਘੱਟ ਲੇਨ ਖੋਲ੍ਹੇ ਜਾਣ ਨੂੰ ਲੈ ਕੇ ਹੰਗਾਮਾ ਹੋ ਰਿਹਾ ਹੈ। ਐੱਨਐੱਚਏਆਈ ਦੇ ਅਧਿਕਾਰੀਆਂ ਨੇ ਇਨ੍ਹਾਂ ਨੂੰ ਸ਼ੁਰੂਆਤੀ ਸਮੱਸਿਆਵਾਂ ਕਿਹਾ ਹੈ ਜੋ ਹੌਲੀ-ਹੌਲੀ ਹੱਲ ਹੋ ਜਾਣਗੀਆਂ।

## 550ਵੇਂ ਪ੍ਰਕਾਸ਼ ਦਿਹਾੜੇ 'ਤੇ 12 ਨਵੰਬਰ ਨੂੰ "ਵਿਸ਼ਵ ਬਰਾਬਰਤਾ ਦਿਵਸ" ਐਲਾਨਣ ਸਬੰਧੀ ਬਿੱਲ ਪੇਸ਼

**ਬੋਸਟਨ, ਮਾਸਾਚੂਸੈਟਸ (ਹੁਸਨ ਲੜੋਆ ਬੰਗਾ)-** ਮਾਸਾਚੂਸੈਟਸ ਅਸੰਬਲੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 12 ਨਵੰਬਰ 2019 ਨੂੰ 'ਵਿਸ਼ਵ ਬਰਾਬਰਤਾ ਦਿਵਸ' ਐਲਾਣਨ ਲਈ ਬਿੱਲ ਪੇਸ਼ ਕੀਤਾ ਗਿਆ। ਅਸੰਬਲੀ ਭਵਨ ਵਿਚ ਸਪੀਕਰ ਸਮੇਤ ਬਹੁਤ ਸਾਰੇ ਅਸੰਬਲੀ ਮੈਂਬਰ ਹਾਜਰ ਸਨ। ਸਮਾਗਮ ਦਾ ਆਰੰਭ ਗਿਆਨੀ ਬਲਵਿੰਦਰ ਸਿੰਘ ਵੱਲੋਂ ਅਰਦਾਸ ਕਰਨ ਨਾਲ ਹੋਇਆ। 'ਵਿਸ਼ਵ ਬਰਾਬਰਤਾ ਦਿਵਸ' ਬਿੱਲ ਵਿਚ ਕਿਹਾ ਗਿਆ ਹੈ ਕਿ ਸਿੱਖ ਧਰਮ ਅਨੁਸਾਰ ਨਸਲ ਤੇ ਲਿੰਗ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ, ਸਾਰੇ ਮਨੁੱਖ ਚਾਹੇ ਉਹ ਕਿਸੇ ਵੀ ਜਾਤ ਜਾਂ ਧਰਮ ਦੇ ਹੋਣ ਬਰਾਬਰ ਹਨ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਸਿੱਖਾਂ ਲਈ ਇਹ ਮਹਾਨ ਦਿਨ ਹੈ। ਉਨਾਂ ਨੇ ਸਪੀਕਰ,ਅਸੰਬਲੀ ਮੈਂਬਰਾਂ ਤੋਂ ਇਲਾਵਾ ਇਸ ਮੌਕੇ ਪੁੱਜੇ ਸਿੱਖ ਆਗੂਆਂ ਨੂੰ ਵਧਾਈ ਦਿੱਤੀ ਤੇ ਧੰਨਵਾਦ ਕੀਤਾ।

ਸਮਾਗਮ ਵਿਚ ਟੈਕਸਾਸ, ਵਿਰਜੀਨੀਆ, ਕੋਨੈਕਟੀਕਟ ਤੇ ਮਾਸਾਚੂਸੈਟਸ ਦੀਆਂ ਸੰਗਤਾਂ ਤੋਂ ਇਲਾਵਾ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰ ਡਾ ਅਮਰਜੀਤ ਸਿੰਘ, ਹਰਮਨ ਕੌਰ (ਮੈਂਬਰ ਸਿਵਲ ਐਂਡ ਹਿਊਮੈਨ ਰਾਈਟਸ ਕਾਨਫਰੰਸ ਤੇ ਜਨਰਲ ਸਕੱਤਰ ਯੂ.ਐਸ.ਏ ਰਿਜਨ), ਸ਼ਮਸ਼ੇਰ ਸਿੰਘ ਤੇ ਭਗਤ ਸਿੰਘ ਕੈਨੇਡਾ ਹਾਜਰ ਸਨ।

## ਨਾਗਰਿਕਤਾ ਕਾਨੂੰਨ 'ਤੇ ਬਿਆਨ ਪਿਆ ਭਾਰੀ, ਰਿੱਟ ਪਟੀਸ਼ਨ ਦਾਇਰ

ਕੋਲਕਾਤਾ (ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਨੂੰ ਲੈ ਕੇ ਦਿੱਤਾ ਗਿਆ ਬਿਆਨ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਭਾਰੀ ਪੈ ਗਿਆ। ਦਰਅਸਲ ਕੋਲਕਾਤਾ ਹਾਈ ਕੋਰਟ 'ਚ ਇਸ 'ਤੇ ਰਿੱਟ ਪਟੀਸ਼ਨ ਦਾਖ਼ਲ ਕਰ ਦਿੱਤੀ ਹੈ। ਵਿਰੋਧੀ ਧਿਰ ਨੇ ਸਮਾਂ ਨਹੀਂ ਦਿੱਤੀ, ਜਲਦਬਾਜ਼ੀ 'ਚ ਬਿੱਲ ਪਾਸ ਕਰ ਦਿੱਤਾ। ਕੋਲਕਾਤਾ 'ਚ ਮੰਗਲਵਾਰ ਨੂੰ ਕਰਵਾਈ ਗਈ ਰੈਲੀ 'ਚ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ, ਨਾਗਰਿਕਤਾ ਸੋਧ ਕਾਨੂੰਨ 'ਤੇ ਸੋਚਣ ਜਾਂ ਚਰਚਾ ਲਈ ਸਮਾਂ ਨਹੀਂ ਦਿੱਤਾ ਤੇ ਜਲਦਬਾਜ਼ੀ 'ਚ ਇਸ ਨੂੰ ਪਾਸ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਮਮਤਾ ਨੇ ਸੋਮਵਾਰ ਨੂੰ ਸਖ਼ਤ ਰਵੱਈਆ ਆਪਣਾਉਂਦਿਆਂ ਕਿਹਾ ਕਿ ਰਾਜ 'ਚ ਨਾਗਰਿਕਤਾ ਸੋਧ ਐਕਟ ਲਾਗੂ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਰਾਜ ਸਰਕਾਰ ਵੱਲੋਂ ਜਨਤਕ ਫੰਡਾਂ ਦੀ ਵਰਤੋਂ ਕਰਦਿਆਂ ਮੀਡੀਆ 'ਚ ਇਸੇ ਤਰ੍ਹਾਂ ਦੇ ਇਸ਼ਤਿਹਾਰ ਦਿੱਤੇ ਗਏ ਸਨ।



**ਮਮਤਾ ਦਾ ਬਿਆਨ**

ਕੋਲਕਾਤਾ 'ਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਮਮਤਾ ਨੇ ਸੋਮਵਾਰ ਨੂੰ ਕਿਹਾ, ਮੈਂ ਪੱਛਮੀ ਬੰਗਾਲ 'ਚ ਕਦੇ ਵੀ ਸੋਧੇ ਹੋਏ ਨਾਗਰਿਕਤਾ ਕਾਨੂੰਨ ਅਤੇ ਐੱਨਆਰਸੀ ਨੂੰ ਆਗਿਆ ਨਹੀਂ ਦੇਵਾਂਗੀ। ਜੇ ਤੁਸੀਂ ਮੇਰੀ ਸਰਕਾਰ ਨੂੰ ਬਰਖ਼ਾਸਤ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਕਰ ਸਕਦੇ ਹੋ ਨਾਲ ਹੀ ਰਾਜ 'ਚ ਚੱਲ ਰਹੀ ਹਿੰਸਾ ਦੇ ਵਿਚਕਾਰ, ਉਸ ਨੇ ਦੋਸ਼ ਲਾਇਆ ਕਿ ਕੁਝ ਲੋਕ ਭਾਜਪਾ ਤੋਂ ਪੈਸੇ ਲੈ ਕੇ ਹਿੰਸਾ ਕਰਦੇ ਹਨ। ਸਿਰਫ਼ ਕੁਝ ਰੇਲ ਗੱਡੀਆਂ ਨੂੰ ਅੱਗ ਲਗਾਈ ਗਈ ਅਤੇ ਕੇਂਦਰ ਨੇ ਬੰਗਾਲ ਦੇ ਜ਼ਿਆਦਾਤਰ ਹਿੱਸਿਆਂ 'ਚ ਰੇਲ ਸੇਵਾਵਾਂ ਬੰਦ ਕਰ ਦਿੱਤੀਆਂ।

## ਅਮਰੀਕਾ ਸੜਕ ਹਾਦਸੇ 'ਚ ਡੁਮਾਣਾ ਵਾਸੀ ਦੀ ਮੌਤ

ਟਾਂਡਾ- ਅਮਰੀਕਾ ਦੇ ਸ਼ਹਿਰ ਸਿਆਟਲ ਵਿਚ ਵਾਪਰੇ ਸੜਕ ਹਾਦਸੇ 'ਚ ਪਿੰਡ ਡੁਮਾਣਾ ਦੇ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਲਖਵਿੰਦਰ ਸਿੰਘ ਲੱਖਾ ਪੁੱਤਰ ਜੋਗਿੰਦਰ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਲਖਵਿੰਦਰ ਸਿੰਘ ਦੇ ਪਰਿਵਾਰ ਨੂੰ ਸਵੇਰੇ ਉਸ ਦੀ ਮੌਤ ਬਾਰੇ ਸੂਚਨਾ ਮਿਲੀ। ਮ੍ਰਿਤਕ ਦੇ ਚਾਚਾ ਸਰਪੰਚ ਸੁਰਜੀਤ ਸਿੰਘ ਨੇ ਦੱਸਿਆ ਕਿ ਅਮਰੀਕਾ ਤੋਂ ਮਿਲੀ ਸੂਚਨਾ ਮੁਤਾਬਿਕ ਲੱਖਾ ਆਪਣਾ ਟਰਾਲਾ ਸੜਕ ਕਿਨਾਰੇ ਖੜ੍ਹਾ ਕਰਕੇ ਲਾਈਟਾਂ ਚੈੱਕ ਕਰ ਰਿਹਾ ਸੀ ਤਾਂ ਪਿੱਛੋਂ ਕਿਸੇ ਗੱਡੀ ਨੇ ਉਸ ਵਿੱਚ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਲੱਖਾ ਨੇ ਅਮਰੀਕਾ ਵਿੱਚ 2014 ਵਿਚ ਵਿਆਹ ਕਰਵਾਇਆ ਸੀ ਅਤੇ ਉਸ ਦੇ ਦੋ ਬੱਚੇ ਹਨ। ਉਸ ਨੇ ਐਤਕੀਂ 11 ਸਾਲਾਂ ਬਾਅਦ ਲੋਹੜੀ ਮੌਕੇ ਪਿੰਡ ਆਉਣਾ ਸੀ। ਉਹ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ।



Law Office of
NIRWAN & ASSOCIATES
www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu





ਦੇਸ਼ ਦੁਆਬਾ

# ਦਿੱਲੀ ਤੇ ਬੰਗਾਲ ਵਿਚ ਹਿੰਸਾ

ਨਾਗਰਿਕਤਾ ਸੋਧ ਕਾਨੂੰਨ ਬਣਨ ਨਾਲ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਸਿਆਸੀ ਤੂਫਾਨ ਉੱਠਿਆ ਹੈ ਜਿਸ ਵਿਚ ਉੱਤਰ-ਪੂਰਬ ਦੇ ਸੂਬੇ, ਪੱਛਮੀ ਬੰਗਾਲ ਤੇ ਦਿੱਲੀ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਹਨ। ਅਸਾਮ ਦੇ ਲੋਕਾਂ ਨੂੰ ਲੱਗ ਰਿਹਾ ਹੈ ਕਿ ਇਹ ਕਾਨੂੰਨ 1980ਵਿਆਂ ਵਿਚ ਬਾਹਰ ਤੋਂ ਵੱਡੀ ਤਾਦਾਦ ਵਿਚ ਅਸਾਮ ਆ ਕੇ ਵਸਣ ਵਾਲਿਆਂ ਵਿਰੁੱਧ ਕੀਤੀ ਗਈ ਉਨ੍ਹਾਂ ਦੀ ਜਦੋਜਹਿਦ ਨੂੰ ਘਟਾਉਂਦਾ ਹੈ। ਮੇਘਾਲਿਆ ਅਤੇ ਹੋਰ ਉੱਤਰ-ਪੂਰਬੀ ਰਾਜਾਂ ਵਿਚ ਇਹ ਵਿਰੋਧ ਬਾਹਰ ਤੋਂ ਆ ਕੇ ਵਸਣ ਵਾਲੇ ਸਾਰੇ ਵਸਨੀਕਾਂ ਦੇ ਵਿਰੁੱਧ ਹੈ ਕਿਉਂਕਿ ਉੱਥੋਂ ਦੀ ਕਬਾਇਲੀ ਵਸੋਂ ਨੂੰ ਹਰ ਵੇਲ਼ੇ ਡਰ ਬਣਿਆ ਰਹਿੰਦਾ ਹੈ ਕਿ ਉਹ ਘੱਟਗਿਣਤੀ ਵਿਚ ਰਹਿ ਜਾਣਗੇ। ਦਿੱਲੀ ਵਿਚ ਹੋਇਆ ਵਿਰੋਧ ਉਨ੍ਹਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਵੱਲੋਂ ਕੀਤਾ ਗਿਆ ਜਿਹੜੇ ਇਹ ਮਹਿਸੂਸ ਕਰਦੇ ਹਨ ਕਿ ਇਹ ਕਾਨੂੰਨ ਦੇਸ਼ ਦੇ ਸੰਵਿਧਾਨਿਕ ਤੇ ਧਰਮ-ਨਿਰਪੱਖ ਖ਼ਾਸੇ ਦੇ ਵਿਰੁੱਧ ਹੈ। ਨੋਬੇਲ ਇਨਾਮ ਜੇਤੂ ਵੈਂਕਟਾਰਮਨ ਰਾਮਾਕ੍ਰਿਸ਼ਨਨ ਨੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਸ ਕਾਨੂੰਨ ਨਾਲ ਦੇਸ਼ ਦੇ ਮੁਸਲਮਾਨਾਂ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਦਾ ਧਰਮ ਇਸ ਦੇਸ਼ ਲਈ ਓਨਾ ਉੱਚਿਤ/ਯੋਗ ਨਹੀਂ, ਜਿੰਨੇ ਦੂਸਰੇ ਲੋਕਾਂ ਦੇ ਧਰਮ। ਮੋਦੀ ਸਰਕਾਰ ਚਾਹੁੰਦੀ ਹੈ ਕਿ ਲੋਕ ਉਨ੍ਹਾਂ ਵੱਲੋਂ ਚੁੱਕੇ ਗਏ ਹਰ ਕਦਮ ਦਾ ਸਵਾਗਤ ਕਰਨ। ਪਿਛਲੇ ਵਰ੍ਹਿਆਂ ਵਿਚ ਇਸ ਸਰਕਾਰ ਨੇ ਨੋਟਬੰਦੀ ਅਤੇ ਜੀਐੱਸਟੀ ਜਿਹੇ ਵੱਡੇ ਕਦਮ ਚੁੱਕੇ ਜਿਨ੍ਹਾਂ ਨਾਲ ਲੱਖਾਂ ਲੋਕਾਂ ਨੂੰ ਨੁਕਸਾਨ ਹੋਇਆ ਅਤੇ ਅਰਥਚਾਰਾ ਮੰਦਹਾਲੀ ਦੀ ਕਗਾਰ 'ਤੇ ਪਹੁੰਚ ਗਿਆ। ਇਸ ਦੇ ਬਾਵਜੂਦ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਵੋਟਾਂ ਪਾਈਆਂ। ਭਾਜਪਾ ਸਰਕਾਰ ਦੁਆਰਾ ਚੁੱਕੇ ਗਏ ਕਿਸੇ ਕਦਮ ਦਾ ਵੀ ਇੰਨੀ ਵੱਡੀ ਪੱਧਰ 'ਤੇ ਵਿਰੋਧ ਨਹੀਂ ਸੀ ਹੋਇਆ। ਇਸ ਦੇ ਨਾਲ ਨਾਲ ਹੋਰ ਕਈ ਨਾਕਾਰਾਤਮਕ ਵਰਤਾਰੇ ਦੇਖਣ ਵਿਚ ਮਿਲ ਰਹੇ ਹਨ। ਪ੍ਰਧਾਨ ਮੰਤਰੀ ਦੀ ਇਹ ਟਿੱਪਣੀ ਕਿ ਕਾਂਗਰਸੀ ਪਾਕਿਸਤਾਨੀਆਂ ਵਾਂਗ ਵਰਤਾਓ ਕਰ ਰਹੇ ਹਨ, ਵੀ ਮੰਦਭਾਗੀ ਹੈ। ਜਮਹੂਰੀਅਤ ਵਿਚ ਆਪਣੇ ਵਿਰੋਧੀਆਂ ਨਾਲ ਵਿਚਾਰਾਂ ਦੀ ਅਸਹਿਮਤੀ ਹੁੰਦੀ ਹੈ ਪਰ ਹਰ ਅਸਹਿਮਤੀ ਵੇਲ਼ੇ ਵਿਰੋਧੀਆਂ ਨੂੰ ਕਿਸੇ ਦੂਸਰੇ ਦੇਸ਼ ਦੇ ਦੱਸਣਾ ਜਮਹੂਰੀ ਪ੍ਰਕਿਰਿਆ ਨੂੰ ਨਕਾਰਨਾ ਹੈ। ਇਹ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਕਾਂਗਰਸੀਆਂ ਨੂੰ ਇਹ ਕਿਉਂ ਨਹੀਂ ਕਹਿੰਦੇ ਕਿ ਉਨ੍ਹਾਂ ਦਾ ਵਰਤਾਓ ਅਮਰੀਕੀ ਜਾਂ ਕੈਨੇਡਾ ਵਾਸੀਆਂ ਵਾਲਾ ਹੈ। ਇਸ ਕਾਨੂੰਨ ਦਾ ਵੱਡਾ ਨਾਕਾਰਾਤਮਕ ਅਸਰ ਗਵਾਂਢੀ ਦੇਸ਼ ਬੰਗਲਾਦੇਸ਼ ਨਾਲ ਸਾਡੇ ਸਬੰਧਾਂ 'ਤੇ ਪਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਥਾਂ ਥਾਂ 'ਤੇ ਇਹ ਪ੍ਰਚਾਰ ਕੀਤਾ ਹੈ ਕਿ ਦੇਸ਼ ਵਿਚ ਕਰੋੜਾਂ ਘੁਸਪੈਠੀਏ ਰਹਿ ਰਹੇ ਹਨ ਅਤੇ ਲੱਖਾਂ ਸਿਉਂਕ ਵਰਗੇ ਜੀਵ (ਟਰਮਾਈਟ) ਭਾਰਤ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਦੀ ਤਿਆਰੀ ਵਿਚ ਹਨ। ਇਹ ਠੀਕ ਹੈ ਕਿ ਪਾਕਿਸਤਾਨ, ਅਫ਼ਗਾਨਿਸਤਾਨ, ਬੰਗਲਾਦੇਸ਼ ਵਿਚ ਹਿੰਦੂ, ਸਿੱਖ, ਬੋਧੀ, ਜੈਨੀ, ਪਾਰਸੀ, ਇਸਾਈ ਮਜਹਬੀ ਹਿੰਸਾ ਦਾ ਸਿਕਾਰ ਹਨ, ਪਰ ਭਾਰਤ ਇਹਨਾਂ ਮੁਲਕਾਂ ਵਰਗਾ ਨਹੀਂ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-123

## ਗੁੱਗੇ ਗਪੌੜੇ ਬਾਰੇ ਮਿੱਥਾਂ ਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁੱਗਾ (ਗੁੱਗਾ ਪੀਰ, ਗੁੱਗਾ ਵੀਰ, ਗੁੱਗਾ ਰਾਣਾ, ਗੁੱਗਾ ਚੋਹਾਨ, ਗੁੱਗਾ ਜਹਾਂਪੀਰ) ਦੇ ਨਾਂ ਤੇ ਜਾਣਿਆਂ ਜਾਂਦੈ ਜੋ ਸੱਪ ਦੇ ਕੱਟਣ ਤੋਂ ਰੱਖਿਆ ਕਰਦਾ ਮੰਨਿਆ ਗਿਆ ਹੈ। ਗੁੱਗਾ ਰਾਜਸਥਾਨ ਤੇ ਪੰਜਾਬ ਖੇਤਰ ਦੀ ਲੋਕਧਾਰਾ ਦਾ ਵੀ ਮਹੱਤਵਪੂਰਨ ਹਿੱਸਾ ਹੈ। ਇਸਨੂੰ ਰਾਜਸਥਾਨ ਵਿੱਚ "ਗੋਗਾ" ਅਤੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਗੁੱਗਾ ਵਜੋਂ ਜਾਣਿਆਂ ਜਾਂਦਾ ਹੈ। ਇਸ ਦੀ ਪੂਜਾ ਉੱਤਰੀ ਭਾਰਤ ਦੇ ਰਾਜਾਂ ਰਾਜਸਥਾਨ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਉੱਤਰ ਪੱਛਮੀ ਉੱਤਰ ਪ੍ਰਦੇਸ਼ ਦੇ ਜ਼ਿਲ੍ਹਿਆਂ ਵਿੱਚ ਪ੍ਰਚਲਿਤ ਹੈ। ਗੁੱਗੇ ਨੂੰ ਪੂਜਨ ਵਾਲੇ ਲੋਕ ਗੁਜਰਾਤ ਅਤੇ ਮੱਧ ਪ੍ਰਦੇਸ਼ ਵਿੱਚ ਵੀ ਮਿਲਦੇ ਹਨ। ਇਸ ਦੀ ਪੂਜਾ ਭਾਦੋਂ ਮਹੀਨੇ ਵਿੱਚ ਸਾਧਾਰਨ ਤੌਰ 'ਤੇ ਮਹੀਨੇ ਦੇ ਨੌਵੇਂ ਦਿਨ ਕੀਤੀ ਜਾਂਦੀ ਹੈ। ਗੁੱਗੇ ਦੀ ਪੂਜਾ ਸੱਪ ਦੇ ਡੰਗ ਤੋਂ ਰੱਖਿਆ ਲਈ ਕੀਤੀ ਜਾਂਦੀ ਅਤੇ ਗੁੱਗੇ ਨੂੰ ਤੀਰਥਾਂ ਤੇ ਵੀ ਪੂਜਿਆ ਜਾਂਦਾ ਹੈ। ਗੁੱਗੇ ਦੇ ਸਥਾਨ ਨੂੰ "ਮਾੜੀ" ਕਿਹਾ ਜਾਂਦਾ ਤੇ ਜਦ ਗੁੱਗੇ ਦੀ ਪੂਜਾ ਕੀਤੀ ਜਾਂਦੀਐ ਤਾਂ ਲੋਕ ਸੇਵੀਆਂ ਬਣਾ ਕੇ ਉਨ੍ਹਾਂ ਥਾਵਾਂ ਉੱਪਰ ਰੱਖ ਦਿੰਦੇ ਨੇ ਜਿੱਥੇ ਸੱਪ ਰਹਿੰਦੇ ਹਨ। ਮੰਨਿਆ ਜਾਂਦਾ ਹੈ ਕਿ ਗੁੱਗੇ ਦਾ ਜਨਮ ਚੁਰੂ ਜ਼ਿਲ੍ਹੇ ਦੇ ਦਾਦਰੇਵਾ 'ਚ ਹੋਇਆ ਜੋ ਹੁਣ ਰਾਜਸਥਾਨ ਵਿੱਚ ਹੈ। ਗੁੱਗੇ ਦੀ ਮਾਂ ਦਾ ਨਾਂ ਬਛਲ ਦੇਵੀ ਅਤੇ ਪਿਤਾ ਦਾ ਨਾਂ ਰਾਜਾ ਜੇਵਰ ਸੀ ਜੋ ਦਾਦਰੇਵਾ ਦਾ ਰਾਜਾ ਸੀ। ਕੁਝ ਲੋਕਾਂ ਮੁਤਬਿਕ ਗੁੱਗਾ ਜਨਮ ਤੋਂ ਹਿੰਦੂ ਤੇ ਕੁੱਝ ਅਨੁਸਾਰ ਗੁੱਗਾ ਮੁਸਲਿਮ ਸੀ। ਪੰਜਾਬ ਖੇਤਰ ਵਿੱਚ ਗੁੱਗਾ ਮਾੜੀ ਉੱਪਰ ਲੋਕ ਮਿਠੀਆਂ ਸੇਵੀਆਂ ਅਤੇ ਮੱਠੀਆਂ ਚੜ੍ਹਾਉਂਦੇ ਤੇ ਔਰਤਾਂ ਦੁਆਰਾ ਗੀਤ ਗਾਇਆ ਜਾਂਦੈ "ਪੱਲੇ ਮੇਰੇ ਮੱਠੀਆਂ, ਨੀ ਮੈਂ ਗੁੱਗਾ ਮਨਾਉਣ ਚੱਲੀਆਂ, ਨੀ ਮੈਂ ਵਾਰੀ ਗੁੱਗਾ ਜੀ"

ਇੱਕ ਇਹ ਵੀ ਦੰਦ ਕਥਾ ਹੈ ਕਿ ਵੀਰ ਗੁੱਗਾ ਗੋਰਖਨਾਥ ਦੇ ਚੇਲੇ ਸਨ। ਚੌਹਾਨ ਵੀਰ ਗੁੱਗੇ ਦਾ ਜਨਮ ਵਿਕਰਮ ਸੰਵਤ ੧੦੦੩ ਵਿੱਚ ਚੁਰੂ ਜਿਲ੍ਹੇ ਦੇ ਦਦਰੇਵਾ ਪਿੰਡ ਵਿੱਚ ਹੋਇਆ। ਇਸ ਦਾ ਜਨਮ ਥਾਂ ਰਾਜਸਥਾਨ ਦੇ ਚੁੱਲੂ ਜਿਲ੍ਹੇ ਦੇ ਦੱਤਖੇੜਾ ਦਦਰੇਵਾ ਵਿੱਚ ਸਥਿਤ ਹੈ। ਉਥੇ ਬਹੁਤੇ ਧਰਮਾਂ ਅਤੇ ਸੰਪ੍ਰਦਾਵਾਂ ਦੇ ਲੋਕ ਮੱਥਾ ਟੇਕਣ ਲਈ ਦੂਰ ਦੂਰ ਤੋਂ ਆਉਂਦੇ ਹਨ। ਗੁੱਗੇ ਦੀ ਮਾਂ ਬਾਛਲ ਦੇਵੀ ਨਿਰਸੰਤਾਨ ਸੀ। ਔਲਾਦ ਪ੍ਰਾਪਤੀ ਦੇ ਸਾਰੇ ਜਤਨ ਕਰਨ ਦੇ ਬਾਅਦ ਵੀ ਔਲਾਦ ਸੁੱਖ ਨਾਂ ਮਿਲਿਆ। ਉਸ ਸਮੇ ਗੁਰੂ ਗੋਰਖਨਾਥ "ਗੋਗਾਮੇੜ੍ਹੀ" ਦੇ ਟਿੱਲੇ 'ਤੇ ਤਪੱਸਿਆ ਕਰ ਰਹੇ ਸਨ। ਬਾਛਲ ਦੇਵੀ ਉਨ੍ਹਾਂ ਦੀ ਸ਼ਰਨ 'ਚ ਗਈ ਅਤੇ ਗੋਰਖਨਾਥ ਨੇ ਉਨ੍ਹਾਂ ਨੂੰ ਪੁੱਤ ਪ੍ਰਾਪਤੀ ਦਾ ਵਰਦਾਨ ਦਿੱਤਾ ਅਤੇ ਗੁਗਲ ਪ੍ਰਸ਼ਾਦ ਦਿੱਤਾ। ਪ੍ਰਸ਼ਾਦ ਖਾ ਕੇ ਬਾਛਲ ਦੇਵੀ ਗਰਭਵਤੀ ਹੋ ਗਈ ਤਾਂ ਇਸ ਦਾ ਜਨਮ ਹੋਇਆ। ਇਸ ਕਰਕੇ ਬੱਚੇ ਦਾ ਨਾਂ ਗੁੱਗਾ ਰੱਖਿਆ। ਪੰਜਾਬ ਵਿੱਚ ਪ੍ਰਚਲਿਤ ਦੰਦ ਕਥਾਵਾਂ ਅਨੁਸਾਰ ਗੁੱਗਾ ਦੀ ਮੰਗਣੀ ਸਿਲਿਅਰ ਨਾਲ ਹੋਈ ਪਰ ਗੁੱਗੇ ਦੇ ਮਸੇਰ ਭਰਾ ਅਰਜੁਨ ਅਤੇ ਸੁਰਜਨ ਜਬਰਦਸਤੀ ਸਿਲਿਅਰ ਨੂੰ ਵਿਆਹ ਕੇ ਲੈ ਗਏ। ਗੁੱਗੇ ਨੇ ਸੱਪ ਦਾ ਰੂਪ ਧਾਰ ਕੇ ਸਹੇਲੀਆਂ ਵਿੱਚ ਬੈਠੀ ਸਿਲਿਅਰ ਨੂੰ ਡੱਸਿਆ ਤੇ ਸਿਲਿਅਰ ਦਾ ਉਸ ਦੀ ਪਤਨੀ ਬਣਨਾ ਮੰਨ ਜਾਣ ਤੇ ਗੁੱਗੇ ਨੇ ਜਹਿਰ ਚੂਸ ਲਿਆ ਅਤੇ ਉਹ ਅਰਜਨ-ਸੁਰਜਨ ਨੂੰ ਮਾਰ ਕੇ ਸਿਲਿਅਰ ਨੂੰ ਲੈ ਆਇਆ। ਰਾਣੀ ਬਾਛਲ ਨੂੰ ਖਬਰ ਮਿਲੀ ਕਿ ਉਸ ਦੇ ਪੁੱਤ ਨੇ ਉਸ ਦੀ ਭੈਣ ਨੂੰ ਨਿਪੁੱਤੀ ਕਰ ਦਿੱਤੈ ਤਾਂ ਉਸ ਨੇ ਗੁੱਗੇ ਨੂੰ ਸੁਨੇਹਾ ਭੇਜਿਆ ਕਿ ਉਹ ਮੇਰੇ ਮੱਥੇ ਨਾ ਲੱਗੇ। ਇਹ ਸੁਣ ਕੇ ਗੁੱਗਾ ਘੋੜੇ ਸਮੇਤ ਧਰਤੀ 'ਚ ਸਮਾ ਗਿਆ।

ਲੋਕ ਮਾਨਤਾਵਾਂ ਤੇ ਕਥਾਵਾਂ ਅਨੁਸਾਰ ਗੁੱਗੇ ਨੂੰ ਸੱਪਾਂ ਦੇ ਦੇਵਤੇ ਦੇ ਰੂਪ 'ਚ ਵੀ ਪੂਜਿਆ ਜਾਂਦੈ। ਗੁੱਗੇ ਦੇ ਜਨਮ 'ਤੇ ਅੱਜ ਵੀ ਉਨ੍ਹਾਂ ਦੇ ਘੋੜੇ ਦਾ ਅਸਤਬਲ ਅਤੇ ਗੋਰਖਨਾਥ ਦਾ ਆਸ਼ਰਮ ਹੈ ਜਿੱਥੇ ਗੁੱਗੇ ਨੂੰ ਘੋੜੇ 'ਤੇ ਸਵਾਰ ਦਿਖਾਇਆ ਗਿਐ। ਗੁੱਗਾ-ਭਗਤ ਇਸ ਥਾਂ 'ਤੇ ਭੇਟਾ ਗਾਉਂਦੇ ਅਤੇ ਮੰਨਤਾਂ ਮੰਗਦੇ ਹਨ। ਵਹਿਮੀ ਲੋਕਾਂ 'ਚ ਅੱਜ ਵੀ ਸੱਪ ਦੇ ਡੱਸਣ ਤੋਂ ਬਚਣ ਲਈ ਗੁੱਗੇ ਦੀ ਪੂਜਾ ਕੀਤੀ ਜਾਂਦੀ ਹੈ। ਪੱਥਰ ਜਾਂ ਲੱਕੜ ਉੱਤੇ ਸੱਪ ਦੀ ਮੂਰਤੀ ਬਣਾਈ ਜਾਂਦੀ ਹੈ। ਲੋਕ ਧਾਰਨਾ ਹੈ ਕਿ ਸੱਪ ਦੇ ਡੱਸੇ ਵਿਅਕਤੀ ਨੂੰ ਜੇਕਰ ਗੁੱਗਾਮਾੜੀ ਤੱਕ ਲਿਆਇਆ ਜਾਵੇ ਤਾਂ ਉਹ ਵਿਅਕਤੀ ਸੱਪ ਦੀ ਜ਼ਹਿਰ ਤੋਂ ਮੁਕਤ ਹੋ ਜਾਂਦਾ ਹੈ। ਭਾਦੋਂ ਮਹੀਨੇ ਦੀਆਂ ਨੌਮੀਆਂ ਨੂੰ ਗੁੱਗੇ ਦੀ ਯਾਦ 'ਚ ਮੇਲਾ ਲੱਗਦਾ ਹੈ। ਯੂਪੀ 'ਚ ਬਹੁਤੇ ਹਿੰਦੂ ਗੁੱਗੇ ਨੂੰ ਜਾਹਰ ਪੀਰ ਤੇ ਅਣਜਾਣ ਮੁਸਲਮਾਨ ਗੁੱਗਾ ਪੀਰ ਕਹਿੰਦੇ ਹਨ।

ਵਹਿਮੀ ਲੋਕਾਂ ਅਨੁਸਾਰ ਮੇਲੇ ਸਮੇ ਇੱਕ ਹਿੰਦੂ ਅਤੇ ਇੱਕ ਮੁਸਲਮਾਨ ਪੁਜਾਰੀ ਖੜੇ ਰਹਿੰਦੇ ਹਨ। ਗੁੱਗਾ ਭਗਤ ਸਾਉਣ ਸ਼ੁਕਲ ਪੂਰਨਮਾਸ਼ੀ ਤੋਂ ਲੈ ਕੇ ਭਾਦੋਂ ਸ਼ੁਕਲ ਪੂਰਨਮਾਸ਼ੀ ਤੱਕ "ਗੋਗਾਮੇੜੀ" ਦੇ ਮੇਲੇ 'ਚ ਗੁੱਗੇ ਦੀ ਸਮਾਧੀ 'ਤੇ ਗੁੱਗਾ ਪੀਰ ਤੇ ਜਾਹਰ ਵੀਰ ਦੇ ਜੈਕਾਰੇ ਲੌਂਦੇ ਤੇ ਗੋਰਖਨਾਥ ਦੇ ਟਿੱਲੇ ਉੱਤੇ ਜਾਕੇ ਮੱਥਾ ਟੇਕਦੇ ਤੇ ਸੁੱਖਾਂ ਮੰਨਦੇ ਹੋਏ ਹਰ ਸਾਲ ਲੱਖਾਂ ਲੋਕ ਪੂਜਾ ਕਰਦੇ ਹਨ ਮੇਲੇ ਵਿੱਚ ਰਾਜਸਥਾਨ ਦੇ ਇਲਾਵਾ ਪੰਜਾਬ, ਹਰਿਆਣਾ, ਉੱਤਰਪ੍ਰਦੇਸ਼ ਅਤੇ ਗੁਜਰਾਤ ਸਹਿਤ ਵੱਖ ਵੱਖ ਪ੍ਰਾਂਤਾਂ ਤੋਂ ਗੁੱਗਾ ਸ਼ਰਧਾਲੂ ਉੱਥੇ ਪਹੁੰਚਦੇ ਹਨ।

ਯਾਤਰੂ ਦਦਰੇਵਾ ਆ ਕੇ ਨਾ ਕੇਵਲ ਧੌਂਕ ਆਦਿਕ ਲਗਾਉਂਦੇ ਸਗੋਂ ਅਖਾੜੇ 'ਚ ਬੈਠਕੇ ਗੋਰਖਨਾਥ ਅਤੇ ਉਨ੍ਹਾਂ ਦੇ ਚੇਲੇ ਜਾਹਰਵੀਰ ਗੁੱਗੇ ਦੀ ਜੀਵਨੀ ਦੇ ਕਿੱਸੇ ਆਪਣੀ ਆਪਣੀ ਭਾਸ਼ਾ 'ਚ ਗਾ ਕੇ ਸੁਣਾਉਂਦੇ ਹਨ। ਪ੍ਰਸੰਗ ਅਨੁਸਾਰ ਜੀਵਨੀ ਸੁਣਾਉਂਦੇ ਸਮੇਂ ਸਾਜਾਂ ਵਿੱਚ ਡਮਰੂ ਤੇ ਕਾਂਸੀ ਦਾ ਕਚੌਲਾ ਵਿਸ਼ੇਸ਼ ਰੂਪ ਨਾਲ ਵਜਾਇਆ ਜਾਂਦਾ ਹੈ। ਇਸ ਦੌਰਾਨ ਅਖਾੜੇ ਦੇ ਜਾਤਰੂਆਂ 'ਚੋਂ ਇੱਕ ਜਾਤਰੂ ਆਪਣੇ ਸਿਰ ਅਤੇ ਸਰੀਰ ਉੱਤੇ ਪੂਰੇ ਜ਼ੋਰ ਨਾਲ ਲੋਹੇ ਦਾ ਸੰਗਲ ਮਾਰਦਾ ਹੈ।

ਵਰਖਾ ਰੁੱਤ 'ਚ ਗੁੱਗੇ ਦਾ ਇੱਕ ਵੱਡਾ ਮੇਲਾ ਲੁਧਿਆਣੇ (ਪੰਜਾਬ) ਦੇ ਪਿੰਡ ਛਪਾਰ ਵਿੱਚ ਭਾਦਰੋਂ ਸੁਦੀ ਚੌਦਾਂ ਲਗਦਾ ਹੈ। ਪਿੰਡ ਦੀ ਦੱਖਣੀ ਗੁੱਠੇ ਗੁੱਗੇ ਪੀਰ ਦੀ ਇੱਕ ਮਾੜੀ ਹੈ। ਇਸ ਦੀ ਸਥਾਪਨਾ ਗੁੱਗੇ ਦੇ ਭਗਤਾਂ ਵਲੋਂ ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ ਕੀਤੀ ਦੱਸੀ ਜਾਂਦੀ ਹੈ। ਉਦੋਂ ਤੋਂ ਹੀ ਇਹ ਮੇਲਾ ਚਲਿਆ ਆ ਰਿਹਾ ਹੈ। ਗੁੱਗਾ ਰਾਜਸਥਾਨ ਦੇ ਇਕ ਰਾਜੇ ਦਾ ਪੁੱਤ੍ਰ ਸੀ ਜੋ ਮਿਰਜੇ ਵਾਗੂ ਆਪਣੀ ਮਾਸੀ ਦੀ ਕੁੜੀ ਸਿਲੀਅਰ ਨੂੰ ਹੀ ਭਜਾ ਕੇ ਲੈ ਗਿਆ ਜਦੋਂ ਸਿਲੀਅਰ ਦੇ ਭਰਾਵਾਂ ਸੁਰਜਨ ਤੇ ਅਰਜਨ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਗੁੱਗੇ ਨੂੰ ਲਲਕਾਰਿਆ ਪਰ ਗੁੱਗੇ ਤੇ ਸਿਲੀਅਰ ਨੇ ਧੋਖੇ ਨਾਲ ਆਪਣੇ ਮਾਸੀ ਦੇ ਪੁੱਤਰ ਮਾਰ ਦਿਤੇ ਜਦੋਂ ਗੁੱਗੇ ਦੀ ਮਾਂ ਨੂੰ ਪਤਾ ਲਗਿਆ ਤਾ ਉਸ ਨੇ ਗੁੱਗੇ ਨੂੰ ਕਿਹਾ ਕਿ ਪੁੱਤ ਬੇਇਜਤੀ ਹੋਊ ਤੂੰ ਕਿਤੇ ਭੱਜ ਜਾ, ਮੈ ਆਪੇ ਅਫਵਾਹ ਫੈਲਾ ਦੇਵਾਂਗੀ ਕਿ ਗੁੱਗਾ ਤਾਂ ਧਰਤੀ 'ਚ ਵੜ ਗਿਆ ਜਾਂ ਗੁਗਾ ਓਥੋ ਭੱਜ ਗਿਆ। ਇਵੇਂ ਲੋਕਾ ਲਈ ਉਹ ਗੁੱਗਾ ਬਾਬਾ ਬਣ ਗਿਆ। ਫਿਰ ਕਿਸੇ ਰਾਜਸਥਾਨੀ ਨੇ ਉਸ ਥਾਂ ਦੀ ਮਿਟੀ ਲਿਆ ਕੇ ਛਪਾਰ ਰੱਖ ਦਿਤੀ ਕਿਉਕਿ ਰਾਜਸਥਾਨੀ ਨੂੰ ਪਤਾ ਸੀ ਪੰਜਾਬੀ ਲਾਈ ਲੱਗ ਤੇ ਸੱਪ ਜਾਨਵਰ ਤੋਂ ਡਰਦੇ ਨੇ ਇਸ ਲਈ ਪੰਜਾਬ 'ਚ ਗੁੱਗਾ ਮਸਹੂਰ ਹੋ ਗਿਆ। ਪੰਜਾਬ ਦੀ ਲਾਈ ਲੱਗ ਜਨਤਾ ਇੱਕ ਜਾਨਵਰ ਤੋ ਡਰਦੀ ਹੀ ਗੁੱਗੇ ਨੂੰ ਮੰਨੀ ਜਾਦੀਐ। ਹੁਣ ਇਸ ਮੇਲੇ ਦੇ ਹਰ ਸਾਲ ਲੱਖਾਂ ਲੋਕ ਤੁਰੇ ਫਿਰਦੇ ਤੇ ਸਾਰੀਆਂ ਸਿਆਸੀ ਪਾਰਟੀਆਂ ਵੀ ਆਪਣੀਆਂ ਕਾਨਫਰੰਸਾ ਕਰਦੀਆਂ ਇੱਥੋਂ ਤੱਕ ਕਿ ਅਕਾਲੀ ਦਲ ਵਾਲੇ ਵੀ ਹਾਜ਼ਰੀਆਂ ਭਰਦੇ ਹਨ।

ਵਹਿਮੀ ਸਿੱਖ ਅੱਜ ਸੱਪਾਂ ਦੇ ਪੁਜਾਰੀ ਬਣ, ਕਬਰਾਂ ਤੇ ਮਜਾਰਾਂ ਪਰ ਨੱਕ ਰਗੜਦੇ ਫਿਰਦੇ ਹਨ। ਕੀ ਅਜੋਕੇ ਸਿੱਖ ਨੂੰ ਗੁਰੂ ਨਾਨਕ ਸਾਹਿਬ ਦਾ ਇਹ ਸਬਦ ਭੁੱਲ ਗਿਆ ਕਿ- ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥ ਅਤੇ ਮੜੀ ਮਸਾਣੀ ਮੂੜੇ ਜੋਗ ਨਾਹੀ॥ (ਸ਼ਬਦ ਗੁਰੂ ਗ੍ਰੰਥ) ਭਾਵ ਮੈਂ ਕਰਤਾਰ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਭਾਲ 'ਚ ਨਹੀਂ ਪੈਂਦਾ ਤੇ ਉਸ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਪੂਜਦਾ।

ਮੈਂ ਕਿਤੇ ਸਮਾਧਾਂ ਅਤੇ ਮਸਾਣਾਂ 'ਤੇ ਭੀ ਨਹੀਂ ਜਾਂਦਾ। ਹੇ ਮੂਰਖ! ਮੜੀਆਂ ਮਸਾਣਾ 'ਤੇ ਜਾਣਾ ਠੀਕ ਨਹੀਂ। ਅਜੋਕੇ ਬਹੁਤੇ ਸਿੱਖਾਂ ਨੇ ਬਸ ਜਿੱਧਰ ਇਕੱਠ ਦੇਖਿਆ ਓਧਰ ਨੂੰ ਮੂੰਹ ਚੁੱਕ ਲਿਆ। ਇਨ੍ਹਾਂ ਕਬਰਾਂ ਮਜਾਰਾਂ ਗੁੱਗੇ ਪੀਰਾਂ ਦੀਆਂ ਜਗ੍ਹਾ ਤੇ ਝੁੱਕਣ ਵਾਲਾ ਸਿੱਖ ਨਹੀਂ ਸਗੋਂ ਲਾਈ ਲੱਗ ਹੈ।

ਸਿੱਖਾਂ ਦੀ ਸਿਧਾਂਤਕ ਸਪਸ਼ਟਤਾ ਹੋਣੀ ਕਿੰਨੀ ਜ਼ਰੂਰੀ ਏ ਦੀ ਤਸਵੀਰ ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ ਨੇ ਕਾਵਿ ਰੂਪ 'ਚ ਇਉਂ ਪੇਸ਼ ਕੀਤੀ ਹੈ- ਦਸਮ ਗੁਰੂ ਕੇ ਪੰਥ ਖਾਲਸਾ ਇਤ ਉਤਮੋਂ ਭਟਕਾਵੇ। ਮੜ੍ਹੀ ਗੋਰ ਕੋ ਪੂਜੇ ਕੋਊ ਸਰਵਰ ਪੀਰ ਮਨਾਵੇ।
ਗੁੱਗਾ ਭੈਰੋਂ ਦੇਵਲ ਦੇਵੀ ਜਾਇ ਸੀਤਲਾ ਪੂਜੇ। ਛੋਡ ਅਕਾਲ ਜਗਤ ਕਾ ਸ੍ਵਾਮੀ ਜਾਇ ਲਗੇ ਸਭ ਦੂਜੇ। (ਨਕਲੀ ਸਿੱਖ ਪ੍ਰਬੋਧ)

ਅੱਗੇ ਗਿਆਨੀ ਜੀ ਸਿਧਾਂਤਕ ਦ੍ਰਿਸ਼ਟੀ ਤੋਂ ਕੌਮ ਦੀ ਤਿਲਕਣਬਾਜ਼ੀ ਦਾ ਬਿਆਨ ਕਰਦੇ ਹਨ- "ਜੇ ਖਾਲਸਾ ਵੱਲ ਧਯਾਨ ਕਰੀਦਾ ਹੈ ਤਦ ਇਹ ਭੀ ਚੰਗੀ ਹਾਲਤ ਵਿਚ ਪਾਇਆ ਨਹੀਂ ਜਾਂਦਾ ਜਿਸਤੇ ਇਹ ਭੀ ਕੋਈ ਰਾਮਰਾਈਆ, ਕੋਈ ਬਾਬਾ ਗੁਰਦਿੱਤੇ ਦਾ ਸੇਵਕ, ਕੋਈ ਵਡਭਾਗ ਸਿੰਘੀਆ ਅਤੇ ਕੋਈ ਧੀਰ ਮੱਲੀਆ ਸਦਾ ਰਿਹੈ, ਜਿਸਤੇ ਉਨ੍ਹਾਂ ਨੂੰ ਬਾਰ੍ਹਵੀ, ਤੇਰ੍ਹਵੀ ਪਾਤਸ਼ਾਹੀ ਸਮਝ ਕੇ ਅਰਦਾਸਿਆਂ 'ਚ ਨਾਉਂ ਲੈਣਾ ਵੱਡਾ ਪੁੰਨ ਜਾਣਦਾ ਹੈ। (ਖਾਲਸਾ ਅਖ਼ਬਾਰ ਲਾਹੌਰ, ੨੩ ਜੂਨ, ੧੮੯੯) ਇਸ ਦਾ ਕਾਰਨ ਗਿਆਨੀ ਦਿੱਤ ਸਿੰਘ ਅਗਿਆਨਤਾ ਨੂੰ ਮੰਨਦੇ ਹਨ। "ਗੁਰਮਤਿ ਆਰਤੀ ਪ੍ਰਬੋਧ" ਪੁਸਤਕ 'ਚ ਲਿਖਦੇ ਹਨ ਕਿ-ਇਸ ਅਗਯਾਨ ਨਚਾਇਆ, ਇਹ ਸਾਰਾ ਸੰਸਾਰ' ਤੇ ਗਿਆਨ ਵਿਹੂਣਾ ਸਮਾਜ ਥਾਂ-ਥਾਂ ਭਟਕਦਾ ਹੈ-

ਦੇਖੋ ਮੂਰਖ ਦੇਸ ਅਸਾਡਾ, ਕਿਕੁਰ ਡੁਬਦਾ ਜਾਂਦਾ। ਸੱਪਾਂ ਕੁਤਿਆਂ ਬਿੱਲਿਆਂ ਕਾਵਾਂ, ਅਪਨੇ ਪੀਰ ਬਨਾਂਦਾ। (ਗੁੱਗਾ ਗਪੌੜਾ)

ਇਸ ਦਾ ਹੱਲ ਗਿਆਨੀ ਜੀ ਦਲੀਲ ਪੂਰਵਕ ਢੰਗ ਨਾਲ ਕੱਢਦੇ ਹਨ-

ਪੀਰਾਂ ਮੀਰਾਂ ਅੱਗੇ ਮੁੜ ਕੇ, ਕਦੇ ਨਾ ਸੀਸ ਝੁਕਾਵੋ। ਵਾਹਿਗੁਰੂ ਦੀ ਫਤੇ ਬੁਲਾ ਕੇ, ਮੜ੍ਹੀ ਮਸਾਣ ਉਠਾਓ। ਗੁਰੂ ਗ੍ਰੰਥ ਦਾ ਪਾਠ ਕਰੋ ਨਿਤ, ਬਾਣੀ ਮੈਂ ਮਨ ਲਾਓ। (ਸੁਲਤਾਨ ਪੁਆੜਾ)

ਸੂਰਜ ਗ੍ਰਹਿਣ ਲੱਗੇ ਤੋਂ ਭਾਰਤ ਦੇ ਲੱਖਾਂ ਲੋਕ ਜੇ ਨਦੀਆਂ 'ਚ ਅੱਜ ਵੀ ਡਰਦੇ ਹੋਏ ਡੁਬਕੀਆਂ ਲਾਉਂਦੇ ਚੈਨਲਾਂ 'ਤੇ ਵਿਖਾਏ ਜਾਂਦੇ ਹਨ ਤਾਂ ਇਹ ਕੋਈ ੨੧ਵੀਂ ਸਦੀ ਦੇ ਭਾਰਤ ਦੀ ਚੰਗੀ ਤਸਵੀਰ ਨਹੀਂ। ਗੁਰਮਤਿ 'ਚ ਫੋਕਟ ਕਰਮਕਾਂਡਾਂ ਤੇ ਅੰਧ-ਵਿਸ਼ਵਾਸਾਂ ਨੂੰ ਤਾਂ ਕੋਈ ਥਾਂ ਹੀ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਕੁਝ ਕੁ ਅਗਿਆਨੀ ਕਬਰਾਂ, ਮੜ੍ਹੀਆਂ ਉੱਤੇ ਦੁੱਧ, ਖੀਰ, ਸ਼ਰਾਬ ਆਦਿ ਦਾ ਚੜ੍ਹਾਵਾ ਚਾੜ੍ਹ ਕੇ ਨੱਕ ਰਗੜਦੇ ਹਨ।

ਗਿਆਨੀ ਜੀ ਇਥੇ ਜੀਵ-ਜੰਤੂਆਂ ਦੀਆਂ ਉਦਾਹਰਣਾਂ ਨਾਲ ਸਮਝਾਉਂਦੇ ਨੇ ਕਿ, ਕੀ ਇਹ ਜੀਵ-ਜੰਤੂ ਭੀ ਮੰਨਤਾਂ ਮੰਨਦੇ ਨੇ ਤਾਂ ਉਂਨ੍ਹਾਂ ਦੇ ਬਾਲ-ਬੱਚੇ ਪੈਦਾ ਹੁੰਦੇ ਹਨ?

ਕਹੁ ਸੂਰੀ ਜੋ ਬਾਰਾਂ ਜਾਏ। ਕਿਆ ਉਹ ਸਰਵਰ ਪੀਰ ਮਨਾਏ ? ਪਿਰ ਮੁਰਗੀ ਦੇ ਗਿਣ ਲੈ ਆਂਡੇ। ਦੇ ਕੇ ਭਰ ਦੇਂਦੀ ਹੈ ਭਾਂਡੇ।

ਇਹ ਜੋ ਕੁੱਤੀ ਸੂਈ ਕੱਲ। ਬੈਠੀ ਹੈ ਘਰ ਤੇਰਾ ਮੱਲ। ਬੱਚੇ ਸੱਤ ਜੋ ਏਸ ਨਿਕਾਲੇ। ਗਈ ਕਦੀ ਸਰਵਰ ਦੇ ਚਾਲੇ ? (ਸੁਲਤਾਨ ਪੁਆੜਾ)

ਸੋ ਇਹ ਸਨ ਗੁੱਗੇ ਗਪੌੜੇ ਬਾਰੇ ਕੁਝ ਉਪ੍ਰੋਕਤ ਬਿਆਨੀਆਂ ਮਨੌਤਾਂ ਤੇ ਮਿੱਥਾਂ ਅਤੇ ਗੁਰਮਤਿ ਜਿਸ ਦਾ ਸਾਨੂੰ ਪਤਾ ਹੋਣਾ ਚਾਹੀਦੈ ਤਾਂ ਹੀ ਅਸੀਂ ਗੁੱਗੇ ਵਰਗੇ ਗਪੌੜਾਂ ਦੀ ਪਰਖ ਕਰ ਸਜਦੇ ਹਾਂ।

# ਦੂਰ ਬੁਢਾਪੇ ਦੂਰ, ਹੋਰ ਦੂਰ

ਹਰਜਿੰਦਰ ਸਿੰਘ ਭਰਮੋਟਾ
ਈ. ਟੀ. ਓ. (ਰਿਟਾ)
209-689-7875

ਉਮਰ ਦਾ ਬੜਨਾ, ਤੋ ਦਸਤੂਰੇ ਵਕਤ ਹੈ, ਦੋਸਤੋ,
ਆਓ! ਇਸ ਦੀ ਚਾਲ ਨੂੰ ਬ੍ਰੇਕਾਂ ਲਾ ਦਈਏ
ਬੀਤ ਗਈ, ਸੋ ਬੀਤ ਗਈ,
ਆਓ! ਬਾਕੀ ਬਚੀ ਦਾ ਐਹਤਰਾਮ ਕਰੀਏ।

ਬੁਢਾਪਾ ਜ਼ਿੰਦਗੀ ਦੀ ਉਲਟੀ ਗਿਣਤੀ ਦਾ ਨਾਂ ਨਹੀਂ ਹੈ। ਜ਼ਰੂਰੀ ਨਹੀਂ ਕਿ ਬੁਢਾਪਾ ਹਮੇਸ਼ਾ ਦੁੱਖਾਂ, ਤਕਲੀਫ਼ਾਂ ਅਤੇ ਚਿੰਤਾਵਾਂ ਦੀ ਟੀਮ ਲੈ ਕੇ ਹੀ ਦਸਤਕ ਦੇਵੇ। ਜੇਕਰ ਕੁਝ ਗੁਰ, ਕੁਝ ਨੁਸਖੇ ਅਪਣਾਏ ਜਾਣ ਤਾਂ ਇਸਦੀ ਆਮਦ ਨੂੰ ਸਿਰਫ ਬ੍ਰੇਕਾਂ ਹੀ ਨਹੀਂ ਲੱਗਦੀਆਂ, ਬਲਕਿ ਇਸ ਨੂੰ ਬ੍ਰੇਕ ਗੇਅਰ ਵਿਚ ਵੀ ਪਾਇਆ ਜਾ ਸਕਦਾ ਹੈ।

ਇਹ ਨੁਸਖੇ ਕੁਝ ਤਾਂ ਪ੍ਰੰਪਰਾਗਤ ਕਿਸਮ ਦੇ ਹਨ, ਜਿਹਨਾਂ ਵਿਚ ਜਲਦੀ ਉਠੋ ਅਤੇ ਜਲਦੀ ਸੌਵੋਂ, ਸਵੇਰ ਸ਼ਾਮ ਦੀ ਸੈਰ, ਖਾਣ ਪੀਣ ਤੇ ਕੰਟਰੋਲ। ਬਾਬਾ ਰਾਮਦੇਵ ਵਾਂਗ ਥੋੜ੍ਹਾ ਪੁੱਠੇ-ਸਿੱਧੇ ਹੋ ਲੈਣਾ, ਸੋਨੇ ਤੇ ਸੁਹਾਗਾ ਹੈ। ਇਹ ਬੁਢਾਪੇ ਦੇ ਗੇਅਰ ਨੂੰ ਨਿਊਟਰਲ ਤੇ ਪਾ ਦਿੰਦੇ ਹਨ।

ਕੁਝ ਨੁਸਖੇ ਜ਼ਰਾ ਹਟਕੇ ਹਨ ਜੋ ਬੁਢਾਪੇ ਦੇ ਜਾਨੀ ਦੁਸ਼ਮਣ ਹਨ, ਜੋ ਇਸ ਨੂੰ ਵੰਗਾਰਦੇ ਹਨ ਅਤੇ ਕਹਿੰਦੇ, ''ਦੂਰ ਬੁਢਾਪੇ ਦੂਰ, ਹੋਰ ਦੂਰ। ਜਿਵੇਂ ਜਿੰਦਾ ਦਿਲ ਆਦਮੀ ਨਾਲ ਯਾਰੀ ਪਾਓ। ਮੁਰਦਾ ਦਿਲ, ਨਿਰਾਸ਼, ਜ਼ਿੰਦਗੀ ਤੋਂ ਹਾਰੇ ਹੋਏ ਆਦਮੀਆਂ ਤੋਂ ਦੂਰੀ ਬਣਾਓ।

ਜ਼ਿੰਮੇਵਾਰੀਆਂ ਦੀ ਲੜੀ ਜਾਰੀ ਨਾ ਰੱਖੋ। ਆਪਣੀ ਔਲਾਦ ਨੂੰ ਆਪਣੀ ਹੈਸੀਅਤ ਮੁਤਾਬਕ ਬਹੁਤ ਕੁਝ ਦੇ ਚੁੱਕੇ ਹੋ। ਹੁਣ ਉਹਨਾਂ ਦੇ ਬੱਚਿਆਂ ਦੀ ਜ਼ਿੰਮੇਵਾਰੀ, ਉਹਨਾਂ ਨੂੰ ਸਾਂਭਣ ਦਿਓ। ਬਹੁਤ ਢੋਇਆ ਜ਼ਿੰਦਗੀ ਦਾ ਬੋਝ, ਹੁਣ ਚਾਦਰ ਅੰਦਰ ਰਹਿ ਕੇ ਅਧੂਰੀਆਂ ਇੱਛਾਵਾਂ ਪੂਰੀਆਂ ਕਰੋ, ਪੁਰਾਣੇ ਦੋਸਤਾਂ ਨੂੰ ਮਿਲੋ। ਰੁੱਸਿਆਂ ਨੂੰ ਮਨਾਓ। ਕਿਸੇ ਰੁੱਸੇ ਤੋਂ ਮੰਗ ਲਓ ਮਾਫੀ। ਜਿਹਨਾਂ ਨੇ ਕਦੇ ਤੁਹਾਨੂੰ ਦਰਦ ਦਿੱਤਾ ਹੈ, ਉਹਨਾਂ ਨੂੰ ਮਾਫ਼ ਕਰ ਦਿਓ। ਫਜ਼ੂਲ ਦਾ ਘੁਮੰਡ ਛੱਡ ਦਿਓ। ਸਿਰਫ ਮਸਤੀ ਮਾਰੋ। ਕੁਝ ਲੋਕ 80 ਸਾਲਾਂ ਦੇ ਵੀ ਜੁਆਨ ਦਿਸਦੇ ਹਨ ਅਤੇ ਕਈ 40 ਸਾਲਾਂ ਦੇ ਵੀ ਬਜ਼ੁਰਗ ਨਜ਼ਰ ਆਉਂਦੇ ਹਨ। ਜਨਮ ਅਤੇ ਮਰਨ ਸਾਡੇ ਵੱਸ ਵਿਚ ਨਹੀਂ ਹੈ। ਜੋ ਹੈ ਉਸਨੂੰ ਖੂਬ ਜੀਓ, ਜ਼ਿੰਦਗੀ ਨੂੰ ਉਤਸਵ ਸਮਝੋ, ਭੁੱਲੀਆਂ ਵਿਸਰੀਆਂ ਯਾਦਾਂ ਦੀ ਰੰਗੀਨਗੀ ਨੂੰ ਯਾਦ ਕਰਕੇ ਆਨੰਦਿਤ ਰਹੋ। ਜੋ ਦਿਲ ਕਰਦਾ ਖਾਓ ਪਰ ਲਛਮਣ ਰੇਖਾ 'ਚ ਰਹਿ ਕੇ। ਦੋਵੇਂ ਕੱਲ੍ਹ (ਬੀਤਿਆ ਅਤੇ ਆਉਣ ਵਾਲਾ) ਅੱਜ ਦੀ ਹੀ ਸੰਤਾਨ ਹਨ। ਭਗਵਾਨ ਦੀ ਰਸੋਈ ਦਾ ਪੱਕਿਆ ਖਾਣਾ (ਫਲ, ਸਬਜ਼ੀਆਂ ਅਤੇ ਸਲਾਦ) 60 ਫੀਸਦੀ ਅਤੇ ਇਨਸਾਨੀ ਰਸੋਈ ਦਾ (ਘਰ ਦਾ ਪਕਾਇਆ) ਖਾਣਾ 40 ਫੀਸਦੀ ਖਾਓ ਅਤੇ ਸ਼ੈਤਾਨ ਦੀ ਰਸੋਈ (ਹੋਟਲਾਂ ਵਿਚ) ਦੇ ਖਾਣੇ ਤੋਂ ਪਰਹੇਜ਼ ਕਰੋ।

ਹਰ ਵੇਲੇ ਹੋਸ਼ ਵਿਚ ਹੀ ਰਹਿਣਾ ਅਕਸਰ ਬੁਢਾਪੇ ਦੀ ਸਪੀਡ ਵਧਾਉਂਦਾ ਹੈ। ਕਦੇ ਕਦੇ ਬੇਹੋਸ਼ੀ,

**(ਬਾਕੀ ਸਫਾ 18 'ਤੇ)**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



Chicago's Pizza with a Twist





Parvinder Dhesi


Kulwant Sandhu

1471 B St., Unit B, Livingston, CA 95334

SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Factory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA
DISCOVER

We Provide All Autos, Trucks & Trailers Repair




Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# 'ਜਲ ਹੀ ਜੀਵਨ ਹੈ' ਵਿਸ਼ੇ ਤੇ ਬਣਾਈਆਂ ਵਿਦਿਆਰਥੀਆਂ ਨੇ ਬਾਕਮਾਲ ਕਲਾਕ੍ਰਿਤਾਂ





ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ 'ਜਲ ਹੀ ਜੀਵਨ ਹੈ' ਵਿਸ਼ੇ ਤੇ ਪ੍ਰੋ ਜਗਮੋਹਨ ਸਿੰਘ , ਕੇ ਐਮ ਵੀ ਕਾਲਜ ਜਲੰਧਰ ਤੇ ਇਸ ਸਕੂਲ ਦੇ ਕਲਾ ਅਧਿਆਪਕ ਜਤਿੰਦਰਜੀਤ ਸਿੰਘ ਦੀ ਅਗਵਾਈ ਵਿੱਚ ਇੱਕ ਮਹੀਨਾ ਕਲਾ ਵਰਕਸ਼ਾਪ ਲਗਾਈ ਗਈ। ਵੀਹ ਵਿਦਿਆਰਥੀਆਂ ਨੇ ਪਾਣੀ ਸੰਬੰਧੀ ਵੱਖ ਵੱਖ ਵਿਸ਼ਿਆਂ ਤੇ 20 ਪੇਂਟਿੰਗ ਬਣਾਈਆਂ। ਪੀਣਯੋਗ ਪਾਣੀ ਦੀ ਘਾਟ, ਪਾਣੀ ਦੇ ਸੁੱਕਦੇ ਜਾ ਰਹੇ ਸੋਮੇ, ਪਾਣੀ ਪ੍ਰਦੂਸ਼ਣ, ਪਾਣੀ ਦੀ ਦੁਰਵਰਤੋਂ, ਗਲੇਸ਼ੀਅਰਾਂ ਦਾ ਪਿਘਲਣਾ ਤੇ ਵਿਸ਼ਵ ਤਪਸ਼ ਨਾਲ ਪਾਣੀ ਦੇ ਭੰਡਾਰਾਂ ਤੇ ਪੈ ਰਹੇ ਦੁਰਪ੍ਰਭਾਵ, ਪਾਣੀ ਬਚਾਉਣ ਦੇ ਵੱਖ-ਵੱਖ ਤਰੀਕਿਆਂ ਨੂੰ ਦਰਸਾਉਂਦੀਆਂ ਇਨ੍ਹਾਂ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਲਗਾਈ ਗਈ ਜਿਸਦਾ ਉਦਘਾਟਨ ਪ੍ਰਿੰਸੀਪਲ ਅਸ਼ੋਕ ਕੁਮਾਰ ਲੱਧੜ ਨੇ ਕੀਤਾ। ਸਟਾਫ ਅਤੇ ਵਿਦਿਆਰਥੀਆਂ ਨੇ ਪ੍ਰਦਰਸ਼ਨੀ ਨੂੰ ਗਹੁ ਨਾਲ ਦੇਖਿਆ। ਕਲਾਕਾਰ ਵਿਦਿਆਰਥੀਆਂ ਨੇ ਇਹਨਾਂ ਕਲਾਕ੍ਰਿਤਾਂ ਦਾ ਮਹੱਤਵ ਦਰਸ਼ਕਾਂ ਨੂੰ ਸਮਝਾਇਆ।

ਪ੍ਰਿੰਸੀਪਲ ਅਸ਼ੋਕ ਕੁਮਾਰ ਨੇ ਦੱਸਿਆ ਕਿ ਪਾਣੀ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਦੇਣ ਲਈ ਪੂਰਾ ਇੱਕ ਸਾਲ ਵੱਖ ਵੱਖ ਪ੍ਰੋਗਰਾਮ ਕਰਵਾਏ ਜਾਣਗੇ। ਇਹ ਪੇਂਟਿੰਗ ਪਟਿਆਲਾ ਜ਼ਿਲ੍ਹੇ ਦੇ ਨਵੋਦਿਆ ਸਕੂਲ ਵਿੱਚ ਹੋ ਰਹੀ ਰੀਜਨਲ ਮੀਟ ਵਿੱਚ ਵੀ ਮੁਕਾਬਲੇ ਵਿੱਚ ਭੇਜੀਆਂ ਜਾਣਗੀਆਂ।

# ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਦੇਸ਼ ਵਿਆਪੀ ਵਿਰੋਧ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਮਰਥਨ

**ਜਲੰਧਰ–** ਨਾਗਰਿਕਤਾ ਸੋਧ ਕਾਨੂੰਨ ਬਣਾਏ ਜਾਣ ਦਾ ਸਖ਼ਤ ਵਿਰੋਧ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਸ ਨੂੰ ਸੰਵਿਧਾਨ ਵਿਰੋਧੀ ਅਤੇ ਦੇਸ਼ ਦੇ ਧਰਮ ਨਿਰਪੱਖ ਢਾਂਚੇ ਉਤੇ ਸੱਟ ਮਾਰਨ ਵਾਲਾ ਕਰਾਰ ਦਿੰਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਸ ਕਾਨੂੰਨ ਵਿਰੁੱਧ ਦੇਸ਼ ਭਰ ਵਿੱਚ ਹੋ ਰਹੇ ਵਿਰੋਧ ਦਾ ਸਮਰਥਨ ਕਰਦਿਆਂ ਖੱਬੀਆਂ ਤੇ ਜਮਹੂਰੀ ਪਾਰਟੀਆਂ ਵੱਲੋਂ ਦੇਸ਼ ਭਰ ਵਿੱਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਦਾ ਸਮਰਥਨ ਕਰਦਿਆਂ ਸਮੂਹ ਦੇਸ਼ ਭਗਤ ਜਮਹੂਰੀ ਤਾਕਤਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਵੱਡੀ ਗਿਣਤੀ ਵਿੱਚ ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿੱਚ ਸ਼ਾਮਿਲ ਹੋ ਕੇ ਇਸ ਕਾਲੇ ਕਾਨੂੰਨ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਆਪਣੇ ਸਾਂਝੇ ਬਿਆਨ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਗ਼ਦਰੀ ਬਾਬਿਆਂ ਨੇ ਆਜ਼ਾਦੀ ਦੀ ਲੜਾਈ ਲੜਦਿਆਂ ਅੰਗਰੇਜ਼ ਹਾਕਮਾਂ ਵੱਲੋਂ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਭਾਂਪਦਿਆਂ ਇਹ ਐਲਾਨਨਾਮਾ ਪ੍ਰਵਾਨ ਕੀਤਾ ਸੀ ਕਿ ਭਾਰਤ ਦੇਸ਼ ਵਿੱਚ ਵਸਦੇ ਲੋਕਾਂ ਦੀ ਪਛਾਣ ਬਹੁ-ਜਾਤੀ, ਬਹੁ-ਕੌਮੀ ਅਤੇ ਬਹੁ-ਭਾਸ਼ੀ ਹੈ। ਇਸ ਦੀ ਵਸੋਂ ਦੀ ਏਕਤਾ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਆਪਣੀ ਆਜ਼ਾਦੀ ਦੀ ਲੜਾਈ ਨੂੰ ਇਸੇ ਰੌਸ਼ਨੀ ਵਿੱਚ ਸੇਧਤ ਕੀਤਾ ਸੀ। ਉਨ੍ਹਾਂ ਵੱਲੋਂ ਵਿੱਢੀ ਲੜਾਈ ਅਜੇ ਮੁੱਕੀ ਨਹੀਂ ਹੈ। ਉਨ੍ਹਾਂ ਬਾਬਿਆਂ ਦਾ ਮੰਨਣਾ ਸੀ ਕਿ ਆਜ਼ਾਦ ਭਾਰਤ ਦਾ ਇਹੋ ਜਿਹਾ ਸੰਵਿਧਾਨ ਬਣੇ, ਜਿਸ ਵਿੱਚ ਧਾਰਮਿਕ ਨਿਰਪੱਖਤਾ ਦਾ ਬੋਲਬਾਲਾ ਹੋਵੇ। ਦੇਸ਼ ਦੇ ਜਮਹੂਰੀ ਤਾਣੇ ਬਾਣੇ ਨੂੰ ਕਿਸੇ ਵੀ ਸਮੇਂ ਆਂਚ ਨਾ ਆਏ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਬੀ.ਜੇ.ਪੀ. ਅਤੇ ਆਰ.ਐਸ.ਐਸ. ਦੀ ਅਗਵਾਈ ਵਿੱਚ ਚੱਲ ਰਹੀ ਕੇਂਦਰ ਦੀ ਸਰਕਾਰ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਪਾਸ ਕਰਵਾਉਣ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਨੇ ਗ਼ਦਰੀ ਬਾਬਿਆਂ ਵੱਲੋਂ ਆਜ਼ਾਦੀ ਦੀ ਲੜਾਈ ਵਿੱਚ ਕੀਤੀਆਂ ਮਹਾਨ ਕੁਰਬਾਨੀਆਂ ਦੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਆਸ ਪ੍ਰਗਟਾਈ ਹੈ ਕਿ ਇਸ ਘਾਤਕ ਨਾਗਰਿਕਤਾ ਸੋਧ ਕਾਨੂੰਨ ਨੂੰ ਸਮੂਹ ਕਿਰਤੀ ਲੋਕਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਇਸਤਰੀਆਂ ਵੱਲੋਂ ਖੱਬੀਆਂ ਤੇ ਜਮਹੂਰੀ ਪਾਰਟੀਆਂ ਦੀ ਅਗਵਾਈ ਵਿੱਚ ਵਿੱਢੀ ਗਈ ਦੇਸ਼ ਵਿਆਪੀ ਲੜਾਈ ਇਸ ਸਰਕਾਰ ਨੂੰ ਇਹ ਕਾਲਾ ਕਾਨੂੰਨ ਨੂੰ ਵਾਪਸ ਲੈਣ ਲਈ ਮਜ਼ਬੂਰ ਕਰ ਦੇਵੇਗੀ।

# ਦੇਸ਼ ਵਿਚ ਸ਼ਾਂਤੀ ਚਾਹੁੰਦੇ ਹੋ ਤਾਂ ਅੰਬੇਡਕਰ ਦੇ ਬਣਾਏ ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਕਰੋ



**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਵੱਲੋਂ ਇੱਕ ਮੀਟਿੰਗ ਦੌਰਾਨ ਦੇਸ਼ ਦੇ ਮੌਜੂਦਾ ਹਾਲਾਤਾਂ ਤੇ ਚਰਚਾ ਕੀਤੀ ਗਈ. ਨਾਗਰਿਕਤਾ ਸੋਧ ਬਿੱਲ ਲੋਕ ਸਭਾ ਤੇ ਰਾਜ ਸਭਾ 'ਚ ਪਾਸ ਹੋਣ ਤੇ ਰਾਸ਼ਟਰਪਤੀ ਵੱਲੋਂ ਮੰਜੂਰੀ ਮਿਲਣ ਉਪਰੰਤ ਪੂਰੇ ਭਾਰਤ ਦੇਸ਼ ਵਿਚ ਅਸ਼ਾਂਤੀ ਅਤੇ ਡਰ ਦਾ ਮਾਹੌਲ ਬਣ ਗਿਆ ਹੈ। ਨਾਗਰਿਕਤਾ ਸੋਧ ਬਿੱਲ ਵਿਚ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿ-ਸਤਾਨ ਤੋਂ ਆਉਣ ਵਾਲੇ ਹਿੰਦੂਆਂ, ਸਿਖਾਂ, ਬੋਧੀਆਂ, ਜੈਨੀਆਂ, ਪਾਰਸੀਆਂ ਤੇ ਈਸਾਈਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਤੇਜ ਕਰਨ ਦੀ ਵਿਵਸਥਾ ਹੈ। ਇਸ ਵਿਚ ਮੁਸਲਮਾਨਾਂ ਦਾ ਨਾਮ ਨਹੀਂ ਹੈ। ਇਹ ਬਿੱਲ ਧਰਮ ਦੇ ਅਧਾਰ ਤੇ ਹੈ। ਟਰੱਸਟ ਦੇ ਜਨਰਲ ਸਕੱਤਰ ਡਾ. ਜੀ.ਸੀ. ਕੌਲ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ. ਡਾ. ਕੌਲ ਨੇ ਕਿਹਾ ਕਿ ਆਸਾਮ ਅਤੇ ਤ੍ਰਿਪੁਰਾ 'ਚ ਹਾਲਾਤ ਜਿਆਦਾ ਵਿਗੜ ਚੁਕੇ ਹਨ ਜਿਸ ਕਰਕੇ ਪ੍ਰਸ਼ਾਸਨ ਨੂੰ ਕਰਫਿਊ ਲਗਾਉਣਾ ਪਿਆ। ਮਣੀਪੁਰ, ਮੇਘਾਲਿਆ, ਅਰੁਣਾਚਲ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਵੀ ਵਿਰੋਧ ਕਾਰਣ ਹਾਲਾਤ ਸੁਖਾਵੇਂ ਨਹੀਂ ਹਨ। ਸੂਚਨਾ ਅਨੁਸਾਰ ਕੇਰਲ, ਬੰਗਾਲ ਅਤੇ ਪੰਜਾਬ ਨੇ ਪਹਿਲਾਂ ਹੀ ਨਾਗਰਿਕਤਾ ਸੋਧ ਬਿੱਲ ਨੂੰ ਲਾਗੂ ਨਾ ਕਰਨ ਦਾ ਫੈਸਲਾ ਲਿਆ ਹੈ। ਡਾ. ਕੌਲ ਨੇ ਅੱਗੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਸੰਵਿਧਾਨ ਬਣਾ ਕੇ ਵੱਖ ਵੱਖ ਰਿਆਸਤਾਂ, ਫਿਰਕਿਆਂ, ਭਾਸ਼ਾਵਾਂ, ਧਰਮਾਂ ਦੇ ਲੋਕਾਂ ਨੂੰ ਭਾਰਤ ਦੇਸ਼ ਦੇ ਰੂਪ ਵਿਚ ਇਕੱਠਾ ਕੀਤਾ ਸੀ ਪਰ ਮੌਕੇ ਦੀਆਂ ਸਰਕਾਰਾਂ ਨੇ ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ। ਦੇਸ਼ ਵਿਚ ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਦੇਸ਼ ਆਰਥਿਕ ਤੌਰ ਤੇ ਤਬਾਹ ਹੋਣ ਵੱਲ ਵੱਧ ਰਿਹਾ ਹੈ, ਮਹਿੰਗਾਈ ਅਸਮਾਨ ਛੂਹ ਰਹੀ ਹੈ, ਇੰਡਸਟਰੀ ਬੰਦ ਹੋ ਰਹੀ ਹੈ, ਬੇਰੁਜਗਾਰੀ ਦੀ ਮਾਰ ਹੇਠਾਂ ਲੋਕ ਮਰ ਰਹੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਬੇਟੀ ਬਚਾਓ ਬੇਟੀ ਪੜ੍ਹਾਓ, ਸਭ ਕਾ ਸਾਥ ਸਭ ਕਾ ਵਿਕਾਸ, ਮੇਕ ਇਨ ਇੰਡੀਆ ਵਰਗੇ ਨਾਰੇ ਦਮ ਤੋੜ ਰਹੇ ਹਨ। ਸੰਵਿਧਾਨ ਦੀਆਂ ਧੱਜੀਆਂ ਉੱਡ ਰਹੀਆਂ ਹਨ। ਦੇਸ਼ ਖਾਨਾ ਜੰਗੀ ਵੱਲ ਵੱਧ ਰਿਹਾ ਹੈ। ਭਾਰਤ ਧਰਮ ਨਿਰਪੱਖ ਦੇਸ਼ ਹੈ।

ਜੇ ਸਭ ਦਾ ਖਿਆਲ ਨਾ ਰੱਖਿਆ ਗਿਆ ਤਾਂ ਇਸ ਦੇ ਪਰਿਣਾਮ ਭਿਆਨਕ ਹੋ ਸਕਦੇ ਹਨ. ਇਸ ਮੌਕੇ ,ਚੇਅਰਮੈਨ ਆਰ ਸੀ ਸੰਗਰ, ਟਰੱਸਟੀ ਲਾਹੌਰੀ ਰਾਮ ਬਾਲੀ, ਪ੍ਰੋ. ਸੋਹਨ ਲਾਲ (ਸਾਬਕਾ ਡੀ.ਪੀ.ਆਈ. ਕਾਲਿਜਾਂ) ਅਤੇ ਬਲਦੇਵ ਰਾਜ ਭਾਰਦਵਾਜ ਹਾਜਰ ਸਨ।

**ਡਾ. ਜੀ.ਸੀ. ਕੌਲ (ਜਨਰਲ ਸਕੱਤਰ)**


## 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ


ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com


# ਔਰਤ-ਪੁਰਸ਼ ਬਰਾਬਰੀ ਦੇ ਮਾਮਲੇ 'ਚ ਭਾਰਤ ਦੀ ਸਥਿਤੀ ਨਿੱਘਰੀ



**ਨਵੀਂ ਦਿੱਲੀ–** ਔਰਤਾਂ ਦੀ ਸਿਹਤ ਅਤੇ ਆਰਥਿਕ ਹਿੱਸੇਦਾਰੀ ਦੇ ਖੇਤਰ 'ਚ ਸਥਿਤੀ ਖ਼ਰਾਬ ਹੋਣ ਦਰਮਿਆਨ ਔਰਤ-ਪੁਰਸ਼ ਨਾ-ਬਰਾਬਰੀ ਬਾਰੇ ਤਿਆਰ ਇਕ ਰਿਪੋਰਟ ਵਿਚ ਭਾਰਤ ਪਿਛਲੇ ਸਾਲ ਦੇ ਮੁਕਾਬਲੇ ਚਾਰ ਥਾਵਾਂ ਖ਼ਿਸਕ ਕੇ 112ਵੇਂ ਨੰਬਰ 'ਤੇ ਪਹੁੰਚ ਗਿਆ ਹੈ। ਸਿਹਤ ਤੇ ਆਰਥਿਕ ਹਿੱਸੇਦਾਰੀ ਖੇਤਰਾਂ 'ਚ ਭਾਰਤ ਸਭ ਤੋਂ ਹੇਠਲੀ ਥਾਂ ਪਾਉਣ ਵਾਲੇ ਪੰਜ ਦੇਸ਼ਾਂ ਵਿਚ ਸ਼ਾਮਲ ਹੈ। ਵਿਸ਼ਵ ਆਰਥਿਕ ਮੰਚ (ਵਰਲਡ ਇਕਨਾਮਿਕ ਫੋਰਮ) ਦੀ ਮਹਿਲਾਵਾਂ ਤੇ ਪੁਰਸ਼ਾਂ ਵਿਚਾਲੇ ਵੱਖ-ਵੱਖ ਖੇਤਰਾਂ ਵਿਚ ਵਧਦੇ ਫ਼ਾਸਲੇ ਨਾਲ ਸਬੰਧਤ ਇਸ ਸਾਲਾਨਾ ਰਿਪੋਰਟ ਵਿਚ ਇਹ ਗੱਲ ਕਹੀ ਗਈ ਹੈ। ਪਿਛਲੇ ਸਾਲ ਭਾਰਤ ਇਸ ਸੂਚੀ 'ਚ 108ਵੇਂ ਨੰਬਰ 'ਤੇ ਸੀ। ਭਾਰਤ ਦਾ ਸਥਾਨ ਚੀਨ (106), ਸ੍ਰੀਲੰਕਾ (102), ਨੇਪਾਲ (101), ਬ੍ਰਾਜ਼ੀਲ (92), ਇੰਡੋਨੇਸ਼ੀਆ (85) ਤੇ ਬੰਗਲਾਦੇਸ਼ (50) ਤੋਂ ਵੀ ਹੇਠਾਂ ਹੈ। ਪੁਰਸ਼-ਮਹਿਲਾਵਾਂ ਵਿਚਾਲੇ ਸਭ ਤੋਂ ਵੱਧ ਬਰਾਬਰੀ ਆਈਸਲੈਂਡ ਵਿਚ ਹੈ। ਇਸ ਨਾ-ਬਰਾਬਰੀ ਨੂੰ ਚਾਰ ਮੁੱਖ ਨੁਕਤਿਆਂ ਤੋਂ ਤੈਅ ਕੀਤਾ ਗਿਆ ਹੈ। ਇਸ ਵਿਚ ਉਪਲਬਧ ਆਰਥਿਕ ਮੌਕੇ, ਸਿਆਸੀ ਮਜ਼ਬੂਤੀ, ਅਕਾਦਮਿਕ ਪ੍ਰਾਪਤੀਆਂ ਤੇ ਸਿਹਤ ਪੱਖ ਸ਼ਾਮਲ ਕੀਤੇ ਗਏ ਹਨ।

# ਅੰਮ੍ਰਿਤਸਰ ਵਿਖੇ ਟੂਰਿਜ਼ਮ ਦੇ ਵਿਕਾਸ ਲਈ ਪੰਜਾਬ ਸਰਕਾਰ ਵਿਸ਼ੇਸ਼ ਧਿਆਨ ਦੇਵੇ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਪੰਜਾਬ ਸਰਕਾਰ ਨੂੰ ਅੰਮ੍ਰਿਤਸਰ ਦੇ ਸਰਬਪੱਖੀ ਵਿਕਾਸ ਲਈ ਵਿਸ਼ੇਸ਼ ਧਿਆਨ ਦੇਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਇੱਕ ਪੱਤਰ ਵਿੱਚ ਮੰਚ ਦੇ ਪ੍ਰਧਾਨ ਮਨਮੋਹਨ ਸਿੰਘ ਬਰਾੜ ਤੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਲਿਖਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਆਉਣ ਵਾਲੇ ਯਾਤਰੂਆਂ ਦੇ ਜੋ ਅੰਕੜੇ ਜਾਰੀ ਕੀਤੇ ਹਨ ਉਨ੍ਹਾਂ ਅਨੁਸਾਰ ਪੰਜਾਬ ਦੇ ਘਰੇਲੂ ਯਾਤਰੂਆਂ ਦਾ 27% ਤੇ ਵਿਦੇਸ਼ੀ ਯਾਤਰੂਆਂ ਦਾ 30% ਵਾਧਾ ਜੋ ਦਰਸਾਇਆ ਗਿਆ ਹੈ, ਉਸ ਵਿੱਚ 90% ਯੋਗਦਾਨ ਕੇਵਲ ਅੰਮ੍ਰਿਤਸਰ ਦਾ ਹੈ ਜਿਥੇ ਰੋਜ਼ਾਨਾ ਇੱਕ ਤੋਂ ਦੋ ਲੱਖ ਦੇ ਕਰੀਬ ਯਾਤਰੂ ਆਉਂਦੇ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਸਿੱਧੀਆਂ ਅੰਤਰ-ਰਾਸ਼ਟਰੀ ਹਵਾਈ ਸੇਵਾਵਾਂ ਰਾਹੀਂ ਲੰਡਨ, ਬਰਮਿੰਘਮ, ਸਿੰਗਾਪੁਰ, ਕੁਆਲਾਲੰਪੁਰ, ਦੁਬਈ, ਦੋਹਾ, ਸ਼ਾਰਜਾਹ, ਅਸ਼ਕਾਬਾਦ ਤੇ ਤਾਸ਼ਕੰਦ ਤੋਂ ਇਲਾਵਾ ਭਾਰਤ ਦੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ ਅਤੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਯਾਤਰੂਆਂ ਦੀ ਗਿਣਤੀ 2019-20 ਵਿੱਚ 30 ਲੱਖ ਦੇ ਕਰੀਬ ਪਹੁੰਚਣ ਵਾਲੀ ਹੈ। ਇਸ ਲਈ ਅੰਮ੍ਰਿਤਸਰ ਵਿਖੇ ਮੈਡੀਕਲ ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਮੈਡੀਸਿਟੀ ਬਣਾਈ ਜਾਵੇ, ਜਿਥੇ ਵਿਸ਼ਵ ਪ੍ਰਸਿੱਧ ਹਸਪਤਾਲਾਂ ਨੂੰ ਜਗ੍ਹਾ ਅਲਾਟ ਕੀਤੀ ਜਾਵੇ। ਇਸੇ ਤਰ੍ਹਾਂ ਅੰਮ੍ਰਿਤਸਰ ਵਿਖੇ ਸਾਫਟ ਵੇਅਰ ਟਕਨਾਲੋਜੀ ਪਾਰਕ (ਐਸ ਟੀ ਪੀ ਆਈ) ਦਾ ਇਨਕਯੂਬੇਸ਼ਨ ਕੇਂਦਰ ਆਉਂਦੇ 6 ਮਹੀਨੇ ਵਿੱਚ ਚਾਲੂ ਹੋ ਜਾਵੇਗਾ, ਇਸ ਲਈ ਅੰਮ੍ਰਿਤਸਰ ਵਿਖੇ ਆਈ. ਟੀ ਪਾਰਕ ਦੀ ਸਥਾਪਨਾ ਕੀਤੀ ਜਾਵੇ ਤੇ ਦੇਸ਼ ਵਿਦੇਸ਼ ਦੇ ਪ੍ਰਮੁੱਖ ਆਈ ਟੀ ਕੰਪਨੀਆਂ ਨੂੰ ਜਗ੍ਹਾ ਅਲਾਟ ਕੀਤੀ ਜਾਵੇ।

ਅੰਮ੍ਰਿਤਸਰ ਵਿਖੇ ਪਿਛਲੇ 14 ਸਾਲਾਂ ਤੋਂ ਪੰਜਾਬ ਇੰਟਰਨੈਸ਼ਨਲ ਟਰੇਡ ਐਕਸਪੋ ਹੋ ਰਿਹਾ ਹੈ ਜਿਸ ਵਿੱਚ ਹਰ ਸਾਲ 200 ਕਰੋੜ ਤੋਂ ਜ਼ਿਆਦਾ ਵਪਾਰ ਹੋ ਰਿਹਾ ਹੈ। ਪ੍ਰੰਤੂ ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ ਵਿਖੇ ਪਰਮਾਨੈਂਟ ਐਗਜੀਬੀਸ਼ਨ ਸੈਂਟਰ ਸਥਾਪਤ ਕਰਨ ਸੰਬੰਧੀ ਕੋਈ ਵੀ ਯਤਨ ਨਹੀਂ ਕੀਤਾ ਗਿਆ। ਮੰਚ ਨੇ ਮੰਗ ਕੀਤੀ ਹੈ ਕਿ ਅੰਮ੍ਰਿਤਸਰ ਵਿਖੇ ਜਲਦੀ ਤੋਂ ਜਲਦੀ, ਪਰਮਾਨੈਂਟ ਐਗਜੀਬੀਸ਼ਨ ਸੈਂਟਰ ਤੇ ਇੰਟਰਨੈਸ਼ਨਲ ਕਨਵੈਨਸ਼ਨ ਸੈਂਟਰ ਦੀ ਸਥਾਪਨਾ ਕੀਤੀ ਜਾਵੇ। ਪੰਜਾਬ ਸਰਕਾਰ ਅੰਮ੍ਰਿਤਸਰ ਵਿਖੇ ਇੱਕ ਵਿਸ਼ਵ ਪੱਧਰੀ ਟੂਰਿਜ਼ਮ ਪਾਰਕ ਜਿਸ ਵਿੱਚ ਵਿਸ਼ਵ ਪੱਧਰੀ ਮੱਛਲੀ ਘਰ, ਥੀਮ ਪਾਰਕ, ਵਾਟਰ ਸਪੋਰਟਸ ਆਦਿ ਸਥਾਪਤ ਕੀਤੇ ਜਾਣ ਤਾਂ ਜੋ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੇ ਯਾਤਰੂ ਜ਼ਿਆਦਾ ਸਮਾਂ ਅੰਮ੍ਰਿਤਸਰ ਵਿਖੇ ਬਤੀਤ ਕਰ ਸਕਣ।

# ਸ਼ਾਇਰੀ ਤੇ ਗਾਇਕੀ ਰਾਹੀਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਨੂੰ ਸਿਜਦਾ

## ਪੰਜਾਬੀ ਕਲਚਰਲ ਸੈਂਟਰ ਯੂਐੱਸਏ ਤੇ ਪੰਜਾਬੀ ਰੇਡੀਓ ਯੂਐੱਸਏ ਵਲੋਂ ਸ਼ਹੀਦੀ ਸਮਾਗਮ

**ਫਰੈਜ਼ਨੋ–** ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਅਤੇ ਪੰਜਾਬੀ ਰੇਡੀਓ ਯੂ.ਐੱਸ.ਏ. ਵਲੋਂ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸਦੀਵੀ ਯਾਦ ਵਿੱਚ ਕਰਵਾਏ ਸ਼ਹੀਦੀ ਸਮਾਗਮ ਵਿੱਚ ਭਾਗ ਲੈਣ ਵਾਲਿਆਂ ਵਲੋਂ ਸੋਚਾਂ ਤੇ ਰੂਹਾਂ ਨੂੰ ਧੁਰ ਅੰਦਰੋਂ ਟੁੰਭਦੀ ਸ਼ਾਇਰੀ ਤੇ ਗਾਇਕੀ ਰਾਹੀਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਨੂੰ ਸਿਜਦਾ ਕੀਤਾ ਗਿਆ। ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਫਰੈਜ਼ਨੋਂ ਸਟੂਡੀਓ 2125 ਐਨ ਬਾਰਟਨ ਐਵੇਨਿਊ (2125 N Barton Ave Fresno CA 93703) ਦੇ ਵਿਹੜੇ ਵਿੱਚ 14 ਦਸੰਬਰ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ ਕਰਵਾਏ ਇਸ ਸਮਾਗਮ ਵਿੱਚ ਹਰ ਉਮਰ ਦੇ ਪੁਰਸ਼ਾਂ, ਬੀਬੀਆਂ ਅਤੇ ਬੱਚੇ–ਬੱਚੀਆਂ ਨੇ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਰਚਨਾਵਾਂ ਰਾਹੀਂ ਅਜਿਹਾ ਭਾਵੁਕ ਮਾਹੌਲ ਸਿਰਜਿਆ ਕਿ ਵੱਡੀ ਤਾਦਾਦ ਵਿੱਚ ਜੁੜੇ ਸਰੋਤੇ ਅਹਿਸਾਸ ਦੇ ਪੱਧਰ ਉੱਤੇ ਗੁਰੂ ਪਰਿਵਾਰ ਦੀ ਸਿੱਖ ਪੰਥ ਨੂੰ ਮਹਾਨ ਦੇਣ ਅੱਗੇ ਨਤਮਸਤਕ ਹੋਏ ਹੋਏ ਸਨ। ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਹੋਸਟ ਰਾਜਕਰਨ ਬੀਰ ਸਿੰਘ ਨੇ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਸਭ ਤੋਂ ਪਹਿਲਾਂ ਰਾਣੀ ਕਾਹਲੋਂ ਨੂੰ ਸਟੇਜ ਉੱਤੇ ਆਉਣ ਦਾ ਸੱਦਾ ਦਿੱਤਾ। ਸੁਰੀਲੀ ਆਵਾਜ਼ ਵਾਲੀ ਰਾਣੀ ਕਾਹਲੋਂ ਨੇ ਬੜੀ ਭਾਵਪੂਰਤ ਸ਼ਾਇਰੀ ਤੇ ਗੀਤਾਂ ਰਾਹੀਂ ਮਾਹੌਲ ਨੂੰ ਧਾਰਮਿਕ ਰੰਗ ਵਿੱਚ ਰੰਗਿਆ।

ਇਸਤੋਂ ਬਾਅਦ ਰਾਜਕਰਨਬੀਰ ਸਿੰਘ ਨੇ ਸਟੇਜ ਦੀ ਕਾਰਵਾਈ ਪੰਜਾਬੀ ਰੇਡੀਓ ਯੂ.ਐੱਸ.ਏ. ਦੀ ਹੋਸਟ ਤੇ ਗਾਇਕਾ ਜੋਤ ਰਣਜੀਤ ਕੌਰ ਨੂੰ ਸੌਂਪੀ ਜਿਸਨੇ ਸਮੁੱਚੀ ਸੰਗਤ ਨੂੰ ਜੀ ਆਇਆਂ ਕਹਿੰਦਿਆਂ ਕਵੀਸ਼ਰੀ ਪ੍ਰੰਪਰਾ ਨੂੰ ਸਮਰਪਿਤ ਪਰਿਵਾਰ ਦੇ ਹੋਣਹਾਰ ਬੱਚੇ ਗੁਰਮਨਦੀਪ ਸਿੰਘ ਲੋਪੋਂ ਨੂੰ ਸੱਦਾ ਦਿੱਤਾ। ਉਸਨੇ 'ਬਾਜ਼ਾਂ ਵਾਲੇ ਦੀ ਸ਼ਹਾਦਤ' ਨੂੰ ਬੜੇ ਸੋਹਣੇ ਸ਼ਬਦਾਂ ਰਾਹੀਂ ਯਾਦ ਕੀਤਾ।

ਪੰਜਾਬੀ ਰੇਡੀਓ ਯੂਐੱਸਏ ਨਾਲ ਰੇਡੀਓ ਨਾਲ ਲਗਾਤਾਰ ਜੁੜੇ ਰਹਿਣ ਵਾਲੇ ਬਜ਼ੁਰਗ ਮਾਤਾ ਸ਼ਰਨਜੀਤ ਕੌਰ ਨੇ 'ਨਾ ਉਡੀਕਿਓ ਦਾਦੀ ਜੀ, ਅਸੀਂ ਮੁੜ ਨਹੀਂ ਆਉਣਾ, ਭੁੱਲ ਜਾਇਓ ਪੋਤਿਆਂ ਦਾ, ਹੁਣ ਲਾਡ ਲਡਾਉਣਾ' ਦੇ ਬੋਲ ਜਦੋਂ ਛੋਹੇ ਤਾਂ ਹਰ ਅੱਖ ਨਮ ਜਾਪਦੀ ਸੀ। ਅਮਰੀਕ ਸਿੰਘ ਬਸਰਾ ਨੇ ਭਾਈ ਮੋਤੀ ਮਹਿਰਾ ਦੀ ਸ਼ਰਧਾ ਤੇ ਕੁਰਬਾਨੀ ਦਾ ਵਰਨਣ ਇਉਂ ਕੀਤਾ '। ਇੱਕ ਕਿਰਤੀ ਹਾਂ ਹੱਲ ਨਾ ਕਰ ਸਕਾਂ, ਬੁਰਜਾਂ ਤੋਂ ਉੱਤੇ ਸਵਾਲਾਂ ਨੂੰ। ਇੱਕ ਦੁੱਧ ਦਾ ਗੜਵਾ ਹਾਜ਼ਰ ਹੈ, ਖੁਦ ਛਕੋ ਛਕਾਓ ਲਾਲਾਂ ਨੂੰ।' ਜਿਨ੍ਹਾਂ ਬੱਚੇ–ਬੱਚੀਆਂ ਨੇ ਇਸ ਸਮਾਗਮ ਵਿੱਚ ਸ਼ਹਾਦਤਾਂ ਨੂੰ ਸਮਰਪਿਤ ਰਚਨਾਵਾਂ ਰਾਹੀਂ ਸਰੋਤਿਆਂ ਨੂੰ ਮਾਣਮੱਤੇ ਇਤਿਹਾਸ ਨਾਲ ਜੋੜਿਆ ਉਨ੍ਹਾਂ ਵਿੱਚ ਅਨਮੋਲ ਕੌਰ, ਕਰਮਬੀਰ ਕੌਰ, ਹਰਨੀਤ ਕੌਰ, ਨਸੀਬ ਸਿੰਘ ਨਸੀਬ, ਮਸਕੀਨ ਕੌਰ, ਜਸਜੋਤ ਸਿੰਘ ਮਨੇਸ਼, ਸਤਨਾਮ ਸਿੰਘ, ਹਰਗੁਨ ਕੌਰ ਮਨੇਸ਼, ਗੁਰਸਿਮਰਨ ਸਿੰਘ ਰਾਠੌਰ, ਮਿਲਨਜੀਤ ਸਿੰਘ, ਤਸਬੀ ਕੌਰ, ਮਸਕੀਨ ਕੌਰ, ਅਮਨਜੋਤ ਕੌਰ, ਸਿਮਰਨ ਕੌਰ, ਰਾਜਬੀਰ ਸਿੰਘ, ਕਰਨਪਾਲ ਸਿੰਘ ਪਰਮਾਰ, ਸੂਰਵੀਰ ਸਿੰਘ, ਗੁਰਸਿਮਰਨ ਸਿੰਘ ਰਾਠੌਰ, ਧਰਮਪਾਲ ਸਿੰਘ ਅਤੇ ਗੁਰਵਿੰਦਰਪਾਲ ਸਿੰਘ ਰਾਠੌਰ ਸ਼ਾਮਲ ਸਨ।



ਬੱਚਿਆਂ ਤੋਂ ਇਲਾਵਾ ਕੁੰਦਨ ਸਿੰਘ ਧਾਮੀ, ਰੇਡੀਓ ਹੋਸਟ ਮਹਿੰਦਰ ਸਿੰਘ ਸੰਧਾਂਵਾਲੀਆ, ਸਿੱਖੀ ਨੂੰ ਸਮਰਪਿਤ ਲੋਪੋਂ ਕਵੀਸ਼ਰੀ ਜਥੇ ਵਾਲੇ ਦਲਜੀਤ ਸਿੰਘ ਲੋਪੋਂ, ਸ਼ਿੰਦਰਪਾਲ ਸਿੰਘ ਮੀਰਪੁਰੀ, ਸਤਨਾਮ ਸਿੰਘ, ਕੁਲਦੀਪ ਸਿੰਘ ਫਰੈਜ਼ਨੋਂ, ਪਰਮਪਾਲ ਸਿੰਘ ਅਤੇ ਸੁਖਬੀਰ ਕੌਰ ਲੋਪੋਂ ਨੇ ਅਪਣੀਆਂ ਰਚਨਾਵਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਸਟੇਜ ਦੀ ਸੇਵਾ ਬੜੀ ਸੋਹਣੀ ਤਰ੍ਹਾਂ ਨਿਭਾਉਂਦਿਆਂ ਜੋਤ ਰਣਜੀਤ ਕੌਰ ਅੰਦਰਲੀ ਗਾਇਕਾ 'ਅੱਧੀਂ ਰਾਤੀਂ ਮਾਂ ਗੁਜਰੀ, ਬੈਠੀ ਘੋੜੀਆਂ ਚੰਦਾਂ ਦੀਆਂ ਗਾਵੇ, ਅੱਖੀਆਂ ਦੇ ਤਾਰਿਆਂ ਦਾ ਮੈਨੂੰ ਚਾਣਨਾ ਨਜ਼ਰ ਨਾ ਆਵੇ' ਰਾਹੀਂ ਸਰਹਿੰਦ ਦੇ ਠੰਡੇ ਬੁਰਜ ਵਿੱਚ ਮਾਤਾ ਗੁਜਰੀ ਜੀ ਦੇ ਦਰਦਮਈ ਪਲਾਂ ਦੇ ਦਿਲ ਟੁੰਭਵੇਂ ਜ਼ਿਕਰ ਰਾਹੀਂ ਹਾਜ਼ਰ ਹੋਈ।

ਉੱਘੇ ਬਜ਼ੁਰਗ ਸ਼ਾਇਰ ਮਾਸਟਰ ਲਛਮਣ ਸਿੰਘ ਰਾਠੌਰ ਨੇ ਇਸ ਸਮਾਗਮ ਦੀ ਸਫ਼ਲਤਾ ਵਿੱਚ ਅਹਿਮ ਯੋਗਦਾਨ ਪਾਇਆ। ਉਹ ਸਿਰਫ਼ ਅਪਣੀਆਂ ਰਚਨਾਵਾਂ ਰਾਹੀਂ ਹੀ ਨਹੀਂ ਬਲਕਿ ਅਪਣੇ ਪਰਿਵਾਰ ਦੇ ਬੱਚਿਆਂ ਨੂੰ ਲਗਾਤਾਰ ਸਿੱਖ ਇਤਿਹਾਸ ਸਬੰਧੀ ਮਿਆਰੀ ਸ਼ਾਇਰੀ ਨਾਲ ਜੋੜ ਕੇ ਸਰਾਹੁਣਯੋਗ ਕਾਰਜ ਕਰ ਰਹੇ ਹਨ।

ਤਿੰਨ ਘੰਟਿਆਂ ਦੇ ਕਰੀਬ ਚੱਲੇ ਇਸ ਸ਼ਹੀਦੀ ਸਮਾਗਮ ਵਿੱਚ ਸ਼ਾਮਲ ਸਭਨਾਂ ਲਈ ਭੋਜਨ ਤੇ ਚਾਹ ਪਾਣੀ ਦਾ ਲੰਗਰ ਨਿਊ ਇੰਡੀਆ ਸਵੀਟ ਐਂਡ ਸਪਾਈਸਜ ਵਾਲੇ ਜਸਵਿੰਦਰ ਸਿੰਘ ਵਲੋਂ ਲਾਇਆ ਗਿਆ। ਸ਼ਹੀਦੀ ਸਮਾਗਮ ਨੂੰ ਸਪਾਂਸਰ ਕਰਨ ਵਾਲਿਆਂ ਵਿੱਚ ਸਰਬਜੀਤ ਸਿੰਘ ਸਰਾਂ ਕਰਮਨ, ਲੇਖਕ ਸ਼ਾਇਰ ਨਿਰਮਲ ਸਿੰਘ ਲਾਲੀ ਯੂਬਾ ਸਿਟੀ ਅਤੇ ਮਨਜੀਤ ਸਿੰਘ ਦੀਵਾਨਾ ਸ਼ਾਮਲ ਸਨ। ਉੱਘੇ ਵਿਦਵਾਨ ਡਾ. ਗੁਰੂਮੇਲ ਸਿੱਧੂ ਅਪਣੇ ਜਰੂਰੀ ਰੁਝੇਂਵਿਆਂ ਵਿੱਚੋਂ ਕੁਝ ਸਮਾਂ ਕੱਢ ਕੇ ਪ੍ਰਬੰਧਕਾਂ ਦੀ ਹੌਸਲਾ ਅਫ਼ਜ਼ਾਈ ਲਈ ਸਮਾਗਮ 'ਚ ਪੁੱਜੇ। ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਤੇ ਪੰਜਾਬੀ ਰੇਡੀਓ ਯੂ.ਐੱਸ.ਏ. ਦੀ ਸਮੁੱਚੀ ਟੀਮ ਦੀ ਤਰਫੋਂ ਹਰਜੋਤ ਸਿੰਘ ਖਾਲਸਾ ਤੇ ਬਲਵਿੰਦਰ ਕੌਰ ਵਲੋਂ ਸਭਨਾਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚੇ–ਬੱਚੀਆਂ ਦੀ ਹੌਂਸਲਾ ਅਫ਼ਜ਼ਾਈ ਵਜੋਂ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਹੋਰਨਾਂ ਭਾਗ ਲੈਣ ਵਾਲਿਆਂ ਦਾ ਵੀ ਮਾਣ–ਸਨਮਾਨ ਕੀਤਾ ਗਿਆ। ਸ਼ਹੀਦੀ ਸਮਾਗਮ ਵਿੱਚ ਫਰੈਜਨੋਂ ਨੇੜ੍ਹਲੇ ਸ਼ਹਿਰਾਂ ਕਰਮਨ, ਮਡੇਰਾ, ਕਲੋਵਿਸ, ਸੈਂਗਰ ਤੇ ਸੇਲਮਾ ਤੋਂ ਇਲਾਵਾ ਸੈਕਰਾਮੈਂਟੋ ਤੋਂ ਵੀ ਗੁਰਸਿੱਖ ਪਹੁੰਚੇ ਹੋਏ ਸਨ।

# ਪੰਜਾਬੀ ਸਾਹਿਤ ਸਭਾ ਜਲੰਧਰ ਛਾਉਣੀ ਵੱਲੋਂ ਪ੍ਰਵਾਸੀ ਸ਼ਾਇਰ ਹਰਭਜਨ ਸਿੰਘ ਚੇੜਾ ਦਾ ਸਨਮਾਨ





**ਜਲੰਧਰ –** ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪੰਜਾਬੀ ਸਾਹਿਤ ਸਭਾ ਜਲੰਧਰ ਛਾਉਣੀ ਵੱਲੋਂ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾ ਕੇ ਪ੍ਰਵਾਸੀ ਸ਼ਾਇਰ ਹਰਭਜਨ ਸਿੰਘ ਚੇੜਾ ਦਾ ਸਨਮਾਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਨਾਮਵਰ ਨਾਵਲਕਾਰ ਬਲਵੰਤ ਸਿੰਘ ਸੜਕਨਾਮਾ, ਨਿਰੰਜਣ ਸਿੰਘ ਸਾਥੀ, ਹਰਮੀਤ ਅਟਵਾਲ, ਪ੍ਰਸਿੱਧ ਕਹਾਣੀਕਾਰ ਮੋਹਨ ਲਾਲ ਫਿਲੌਰੀਆ ਹਰਭਜਨ ਸਿੰਘ ਚੇੜਾ ਸੁਸ਼ੋਭਿਤ ਹੋਏ। ਸਭਾ ਦੇ ਪ੍ਰਧਾਨ ਹਰਮੀਤ ਸਿੰਘ ਅਟਵਾਲ ਨੇ ਹਰਭਜਨ ਸਿੰਘ ਚੇੜਾ ਦੇ ਸਾਹਿਤਕ ਸਫਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਅਜਿਹੇ ਹੋਣਹਾਰ ਕਵੀ ਨੂੰ ਸਨਮਾਨਿਤ ਕਰਕੇ ਸਭਾ ਮਾਣ ਮਹਿਸੂਸ ਕਰਦੀ ਹੈ। ਬਲਵੰਤ ਸਿੰਘ ਸੜਕਨਾਮਾ ਅਤੇ ਮੋਹਨ ਲਾਲ ਫਿਲੌਰੀਆ ਨੇ ਕਿਹਾ ਕਿ ਕਵੀਆਂ ਲੇਖਕਾਂ ਨੂੰ ਦੇਸ਼ ਦੇ ਮੌਜੂਦਾ ਹਾਲਾਤਾਂ ਬਾਰੇ ਵੱਧ ਤੋਂ ਵੱਧ ਲਿਖਣਾ ਚਾਹੀਦਾ ਹੈ। ਇਸ ਦੋਰਾਨ ਤਲਵਾੜਾ ਤੋਂ ਪਹੁੰਚੇ ਨਾਮਵਰ ਨਾਵਲਕਾਰ ਧਰਮਪਾਲ ਸਾਹਿਲ ਦਾ ਨਵਾਂ ਨਾਵਲ "ਖਿੜਣ ਤੋਂ ਪਹਿਲਾਂ" ਵੀ ਲੋਕ ਅਰਪਣ ਕੀਤਾ ਗਿਆ। ਨਾਵਲ ਬਾਰੇ ਧਰਮਪਾਲ ਸਾਹਿਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਸ਼ਾ ਵਿਭਾਗ ਵੱਲੋਂ ਜਲਦ ਹੀ ਇਹ ਨਾਵਲ ਹਿੰਦੀ ਤੇ ਅੰਗਰੇਜ਼ੀ ਵਿੱਚ ਵੀ ਛਪ ਰਿਹਾ ਹੈ। ਇਸ ਮੌਕੇ 17 ਕੁ ਸਾਲਾਂ ਦੇ ਨਵੇਂ ਕਵੀ ਹਿੰਦਪਾਲ ਦਾ ਪਲੇਠਾ ਕਾਵਿ ਸੰਗ੍ਰਹਿ "ਮਨ ਅਰੂਪ" ਵੀ ਲੋਕ ਅਰਪਣ ਕੀਤਾ ਗਿਆ, ਜਿਸ ਵਿੱਚੋਂ ਹਿੰਦਪਾਲ ਨੇ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ। ਇਸ ਉਪਰੰਤ ਹੋਏ ਸ਼ਾਨਦਾਰ ਕਵੀ ਦਰਬਾਰ ਵਿਚ ਪ੍ਰਸਿੱਧ ਸ਼ਾਇਰ ਡਾ. ਰਾਮ ਮੂਰਤੀ, ਜਗਦੀਸ਼ ਰਾਣਾ, ਜਸਪਾਲ ਜੀਰਵੀ, ਆਸ਼ੀ ਈਸਪੁਰੀ, ਪਰਮਦਾਸ ਹੀਰ, ਜਸਵਿੰਦਰ ਸਿੰਘ ਜਿੰਦੀ, ਸੁਰਿੰਦਰ ਢੰਡਾ, ਹਿੰਦਪਾਲ, ਸੁਰਿੰਦਰ ਮਕਸੂਦਪੁਰੀ, ਹਰਭਜਨ ਸਿੰਘ ਚੇੜਾ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ। ਸਭਾ ਵੱਲੋਂ ਪੱਤਰਕਾਰ ਮੋਹਿੰਦਰ ਰਾਮ ਫੁਗਲਾਣਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ. ਪ੍ਰੋਗਰਾਮ ਦੇ ਅੰਤ ਵਿਚ ਨਿਰੰਜਣ ਸਿੰਘ ਸਾਥੀ ਨੇ ਅਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਪੰਜਾਬੀ ਸਾਹਿਤ ਸਭਾ ਜਲੰਧਰ ਛਾਉਣੀ ਭਾਵੇਂ ਥੋੜ੍ਹਾ ਸਮੇਂ ਤੋਂ ਹੀ ਹੋਂਦ ਵਿਚ ਆਈ ਹੈ ਪਰ ਇਸਦੇ ਪ੍ਰੋਗਰਾਮ ਬਹੁਤ ਪ੍ਰਭਾਵਸ਼ਾਲੀ ਹੁੰਦੇ ਹਨ। ਇਸ ਮੌਕੇ ਸਭਾ ਦੇ ਹੋਰ ਮੈਂਬਰ ਪਰਮਜੀਤ ਸਿੰਘ ਸਨਸੋਆ, ਪ੍ਰਿੰਸੀਪਲ ਸਤਨਾਮ ਸਿੰਘ, ਸੁਸ਼ੀਲ ਕੁਮਾਰ, ਹਰਪਾਲ ਸਿੰਘ ਸੈਣੀ, ਪਰਵਿੰਦਰ ਸਿੰਘ, ਅਮਰਜੀਤ ਸਿੰਘ, ਬਲਦੇਵ ਕੁਮਾਰ, ਸਰਵਣ ਸਿੰਘ ਅਤੇ ਪ੍ਰਸਿੱਧ ਮੰਚ ਸੰਚਾਲਕ ਅਤੇ ਪੱਤਰਕਾਰ ਤੀਰਥ ਸਪਰਾ ਵੀ ਹਾਜਰ ਰਹੇ।









ਗੁਰੂ ਨਾਨਕ ਸਾਹਿਬ ਜੀ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸ਼ੁੱਭ ਸਮਾਗਮਾਂ ਦੌਰਾਨ ਦਸ ਨਵੰਬਰ 2019 ਨੂੰ ਪੰਜਾਬ ਸਰਕਾਰ ਵੱਲੋਂ ਸਨਮਾਨਿਤ 550 ਉੱਘੀਆਂ ਸ਼ਖ਼ਸੀਅਤਾਂ ਵਿਚ ਕੈਲੇਫੋਰਨੀਆ ਦੇ ਨਾਮਵਰ ਡਾਕਟਰ ਦਲਵੀਰ ਸਿੰਘ ਪੰਨੂ ਨੂੰ ਵੀ ਇੰਦਰ ਕੁਮਾਰ ਗੁਜਰਾਲ ਯੂਨੀਵਰਸਿਟੀ ਕਪੂਰਥਲਾ ਵਿਖੇ ਪੰਜਾਬ ਦੇ ਚੀਫ਼ ਮਿਨਿਸਟਰ ਅਮਰਿੰਦਰ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ। ਡਾ. ਪੰਨੂ ਦੰਦਾਂ ਦੀਆਂ ਡਾਕਟਰੀ ਸੇਵਾਵਾਂ ਦੇ ਨਾਲ ਨਾਲ ਸਿੱਖ ਇਤਿਹਾਸ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ। ਇਸ ਮੌਕੇ ਉਨ੍ਹਾਂ ਦੀ ਖੋਜ ਪੁਸਤਕ 'ਸਿੱਖ ਹੈਰੀਟੇਜ ਬੀਯੌਂਡ ਬਾਰਡਰਜ਼' (sikh heritage beyond borders) ਵੀ ਮੁੱਖ ਮੰਤਰੀ ਵੱਲੋਂ ਲੋਕ ਅਰਪਣ ਕੀਤੀ ਗਈ। ਇਹ ਪਹਿਲਾਂ ਯੂਬਾ ਸਿਟੀ ਮੇਲੇ ਦੌਰਾਨ ਕੈਲੇਫੋਰਨੀਆ ਅਤੇ ਲਾਹੌਰ ਯੂਨੀਵਰਸਿਟੀ ਪਾਕਿਸਤਾਨ ਵਿਚ ਰੀਲੀਜ਼ ਹੋ ਚੁੱਕੀ ਹੈ। ਪੁਰਾਣੀਆਂ ਦੁਰਲਭ ਤਸਵੀਰਾਂ ਸਮੇਤ 416 ਪੰਨਿਆਂ ਦੀ ਇਹ ਗਿਆਨ ਭਰਪੂਰ ਵਡ ਆਕਾਰੀ ਪੁਸਤਕ ਐਮਾਜ਼ਾਨ (amazon.com) ਤੋਂ ਉਪਲਬਧ ਹੈ।

# ਅੰਬੇਡਕਰਾਇਟ ਲੀਗਲ ਫੋਰਮ ਵੱਲੋਂ ਭਾਰਤੀ ਨਾਗਰਿਕਤਾ ਸੋਧ ਬਿਲ ਦਾ ਵਿਰੋਧ

**ਜਲੰਧਰ–** ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਵੱਲੋਂ ਇਕ ਮੀਟਿੰਗ ਹੋਈ, ਜਿਸ ਵਿਚ ਭਾਰਤ ਸਰਕਾਰ ਵੱਲੋਂ ਪਾਸ ਕਰਵਾਏ ਰਜਿਸਟਰ ਵਿਚ ਨਾਗਰਿਕਤਾ ਦਰਜ ਕਰਨ ਲਈ ਦੇਸ਼ਾਂ ਅਤੇ ਧਰਮਾਂ ਨੂੰ ਆਧਾਰ ਬਣਾਉਣ ਦਾ ਸਖ਼ਤ ਵਿਰੋਧ ਕੀਤਾ ਹੈ।




ਗਏ ਨਾਗਰਿਕਤਾ ਸੋਧ ਬਿਲ ਨੂੰ ਗੈਰ ਸੰਵਿਧਾਨਕ ਦੱਸਿਆ, ਜੋ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਅਤੇ ਮੂਲ ਸਿਧਾਂਤਾਂ ਦੇ ਵਿਰੁੱਧ ਹੈ।

ਇਸ ਬਿਲ ਵਿਚ ਜੋ ਭਾਰਤ ਦੀ ਨਾਗਰਿਕਤਾ ਲਈ ਧਰਮ ਨੂੰ ਆਧਾਰ ਲਿਆ ਗਿਆ ਹੈ ਅਤੇ ਐਨ. ਆਰ. ਸੀ. ਦੇ ਭਾਰਤ ਦਾ ਸੰਵਿਧਾਨ ਇਕ ਧਰਮ ਨਿਰਪੱਖ ਹੈ ਅਤੇ ਇਸ ਵਿਚ ਕਿਸੇ ਵੀ ਧਰਮ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਇਸ ਦੀ ਸਖ਼ਤ ਨਿਖੇਧੀ ਕਰਦੀ ਹੈ ਅਤੇ ਭਾਰਤ ਦੇ ਰਾਸ਼ਟਰਪਤੀ ਨੂੰ ਬੇਨਤੀ ਕਰਦੀ ਹੈ ਕਿ ਇਸ ਨੂੰ ਸਦਨ ਵਿਚ ਵਾਪਸ ਭੇਜਿਆ ਜਾਵੇ।

BERKSHIRE HATHAWAY
BH HS
Home Services
Shangara Ram
ELITE REAL ESTATE

Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828

# ਨਾਗਰਿਕਤਾ ਸੋਧ ਬਿੱਲ ਦਾ ਅੰਬੇਡਕਰ ਭਵਨ ਟਰੱਸਟ ਤੇ ਅੰਬੇਡਕਰ ਮਿਸ਼ਨ ਸੋਸਾਇਟੀ ਨੇ ਕੀਤਾ ਵਿਰੋਧ



**ਜਲੰਧਰ–** ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਆਰ ਸੀ ਸੰਗਰ ਅਤੇ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਵਿਚ ਕਿਹਾ ਕਿ ਨਾਗਰਿਕਤਾ ਸੋਧ ਬਿੱਲ ਲੋਕ ਸਭਾ ਅਤੇ ਰਾਜ ਸਭਾ ’ਚ ਪਾਸ ਹੋਣ ਤੇ ਇਸ ਨੂੰ ਰਾਸ਼ਟਰਪਤੀ ਨੇ ਮੰਜੂਰੀ ਦੇ ਦਿਤੀ ਹੈ ਜਿਸ ਕਰਕੇ ਇਹ ਕਾਨੂੰਨਨ ਲਾਗੂ ਹੋ ਜਾਵੇਗਾ. ਜਿਓਂ ਹੀ ਇਹ ਬਿੱਲ ਲੋਕ ਸਭਾ ਚ ਪੇਸ਼ ਹੋਇਆ ਤਾਂ ਪੂਰੇ ਦੇਸ਼ ਵਿਚ ਇਸਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਸੀ। ਸ਼੍ਰੀ ਸੰਗਰ ਅਤੇ ਮੈਡਮ ਕਲਿਆਣ ਨੇ ਕਿਹਾ ਕਿ ਨਾਗਰਿਕਤਾ ਸੋਧ ਬਿੱਲ ਵਿਚ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਤੋਂ ਆਉਣ ਵਾਲੇ ਹਿੰਦੂਆਂ, ਸਿਖਾਂ, ਬੋਧੀਆਂ, ਜੈਨੀਆਂ, ਪਾਰਸੀਆਂ ਤੇ ਈਸਾਈਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਤੇਜ ਕਰਨ ਦੀ ਵਿਵਸਥਾ ਹੈ. ਇਹ ਬਿੱਲ ਧਰਮ ਦੇ ਅਧਾਰ ਤੇ ਹੈ। ਇਸ ਵਿਚ ਮੁਸਲਮਾਨਾਂ ਦਾ ਨਾਮ ਨਹੀਂ ਹੈ। ਆਸਾਮ ਅਤੇ ਤ੍ਰਿਪੁਰਾ ’ਚ ਹਾਲਾਤ ਜਿਆਦਾ ਵਿਗੜ ਚੁਕੇ ਹਨ ਜਿਸ ਕਰਕੇ ਪ੍ਰਸ਼ਾਸਨ ਨੂੰ ਕਰਫਿਊ ਲਗਾਉਣਾ ਪਿਆ। ਮਣੀਪੁਰ, ਮੇਘਾਲਿਆ, ਅਰੁਣਾਚਲ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਵੀ ਵਿਰੋਧ ਕਾਰਣ ਹਾਲਾਤ ਸੁਖਾਵੇਂ ਨਹੀ ਹਨ. ਸੂਚਨਾ ਅਨੁਸਾਰ ਕੇਰਲ, ਬੰਗਾਲ ਅਤੇ ਪੰਜਾਬ ਨਾਗਰਿਕਤਾ ਸੋਧ ਬਿੱਲ ਨੂੰ ਲਾਗੂ ਨਹੀਂ ਕਰਨਗੇ। ਸ਼੍ਰੀ ਸੰਗਰ ਅਤੇ ਮੈਡਮ ਕਲਿਆਣ ਨੇ ਅੱਗੇ ਕਿਹਾ ਕਿ ਇਸ ਬਿੱਲ ਦੇ ਮਜੂਦਾ ਸਰੂਪ ਨੂੰ ਵਾਪਸ ਲੈਣ ਵਾਸਤੇ ਇਕ ਹਜਾਰ ਵਿਗਿਆਨਕਾਂ ਅਤੇ ਵਿਦਵਾਨਾਂ ਨੇ ਇਕ ਯਾਚਿਕਾ ਤੇ ਦਸਤਖ਼ਤ ਕੀਤੇ ਹਨ।

ਯਾਚਿਕਾ ਤੇ ਦਸਤਖ਼ਤ ਕਰਨ ਵਾਲੇ ਲੋਕਾਂ ਵਿਚ ਹਾਰਵਰਡ ਯੂਨੀਵਰਸਿਟੀ, ਮੇਸਾਚੁਸੇਟ੍ਸ ਯੂਨੀਵਰਸਿਟੀ, ਭਾਰਤੀ ਪ੍ਰਾਯੋਗਿਕੀ ਸੰਸਥਾਨ ਸਮੇਤ ਕਈ ਪ੍ਰਤਿਸ਼ਠ ਸੰਸਥਾਨਾਂ ਨਾਲ ਜੁੜੇ ਵਿਦਵਾਨ ਹਨ. ਰਸਾਇਣ ਦੇ ਨੋਬਲ ਪੁਰਸਕਾਰ ਜੇਤੂ ਤੇ ਰਾਇਲ ਸੋਸਾਇਟੀ (ਜਿਸ ਵਿਚ ਦੁਨੀਆਂ ਭਰ ਦੇ ਸਰਕਰਦਾ ਵਿਗਿਆਨੀ ਸ਼ਾਮਲ ਹਨ) ਨੇ ਵੀ ਨਾਗਰਿਕਤਾ ਸੋਧ ਬਿੱਲ ਦੀ ਕੜੀ ਨਿੰਦਾ ਕੀਤੀ ਹੈ।

ਇਹ ਬਿੱਲ ਦੇਸ਼ ਦੀ ਏਕਤਾ ਅਖੰਡਤਾ ਲਈ ਘਾਤਕ ਸਿੱਧ ਹੋਵੇਗਾ. ਅੰਬੇਡਕਰ ਭਵਨ ਟਰੱਸਟ ਅਤੇ ਅੰਬੇਡਕਰ ਮਿਸ਼ਨ ਸੋਸਾਇਟੀ ਇਸ ਨਾਗਰਿਕਤਾ ਸੋਧ ਬਿੱਲ ਦੀ ਸਖ਼ਤ ਸ਼ਬਦਾਂ ’ਚ ਨਿੰਦਾ ਕਰਦੇ ਹਨ. ਇਸ ਮੌਕੇ ਅੰਬੇਡਕਰ ਭਵਨ ਦੇ ਫਾਊਂਡਰ ਟਰੱਸਟੀ ਲਾਹੌਰੀ ਰਾਮ ਬਾਲੀ, ਟਰੱਸਟੀ ਸੋਹਨ ਲਾਲ (ਸਾਬਕਾ ਡੀ.ਪੀ.ਆਈ. ਕਾਲਿਜਾਂ), ਬਲਦੇਵ ਰਾਜ ਭਾਰਦਵਾਜ, ਜਨਰਲ ਸਕੱਤਰ ਡਾ. ਜੀ..ਸੀ. ਕੌਲ, ਅੰਬੇਡਕਰ ਮਿਸ਼ਨ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ, ਐਡਵੋਕੇਟ ਕੁਲਦੀਪ ਭੱਟੀ, ਨਿਰਮਲ ਬਿਨਜੀ, ਸ਼ੁਭਮ ਗੌਤਮ ਅਤੇ ਐਡਵੋਕੇਟ ਕੁਲਦੀਪ ਭੱਟੀ ਹਾਜਰ ਸਨ।

# ਭਾਰਤੀ ਨਾਗਰਿਕਤਾ ਸੋਧ ਬਿੱਲ ਦੇਸ਼ ਦੀ ਏਕਤਾ ਅਖੰਡਤਾ ਲਈ ਘਾਤਕ ਸਿੱਧ ਹੋਵੇਗਾ- ਸਮਤਾ ਸੈਨਿਕ ਦਲ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇੱਕ ਪ੍ਰੈਸ ਬਿਆਨ ’ਚ ਕਿਹਾ ਕਿ ਨਾਗਰਿਕਤਾ ਸੋਧ ਬਿੱਲ ਪਾਸ ਹੋਣ ਨਾਲ ਅਸਾਮ, ਮਣੀਪੁਰ, ਤ੍ਰਿਪੁਰਾ, ਮੇਘਾਲਿਆ ਤੇ ਅਰੁਣਾਚਲ ਵਿਚ ਬੰਦ ਦੇ ਨਾਲ ਨਾਲ ਸਾੜ ਫੂਕ ਦੀਆਂ ਖ਼ਬਰਾਂ ਆ ਰਹੀਆਂ ਹਨ। ਪੂਰੇ ਦੇਸ਼ ਵਿਚ ਬਿੱਲ ਦਾ ਵਿਰੋਧ ਹੋਇਆ ਹੈ। ਇਸ ਬਿੱਲ ਦੇ ਪਾਸ ਹੋਣ ਤੇ ਡਰ ਦਾ ਮਾਹੌਲ ਬਣ ਰਿਹਾ ਹੈ, ਜਿਸ ਦੇ ਸੰਕੇਤ ਅੱਛੇ ਨਹੀਂ ਹਨ। ਇਸ ਬਿੱਲ ਦੇ ਮਜੂਦਾ ਸਰੂਪ ਨੂੰ ਵਾਪਸ ਲੈਣ ਵਾਸਤੇ ਇਕ ਹਜ਼ਾਰ ਵਿਗਿਆਨਕਾਂ ਅਤੇ ਵਿਦਵਾਨਾਂ ਨੇ ਇਕ ਯਾਚਿਕਾ ਤੇ ਦਸਤਖ਼ਤ ਕੀਤੇ ਹਨ। ਯਾਚਿਕਾ ਤੇ ਦਸਤਖ਼ਤ ਕਰਨ ਵਾਲੇ ਲੋਕਾਂ ਵਿਚ ਹਾਰਵਰਡ ਯੂਨੀਵਰਸਿਟੀ, ਮੇਸਾਚੁਸੇਟ੍ਸ ਯੂਨੀਵਰਸਿਟੀ, ਭਾਰਤੀ ਪ੍ਰਾਯੋਗਿਕੀ ਸੰਸਥਾਨ ਸਮੇਤ ਕਈ ਪ੍ਰਤਿਸ਼ਠ ਸੰਸਥਾਨਾਂ ਨਾਲ ਜੁੜੇ ਵਿਦਵਾਨ ਹਨ। ਵਰਿਆਣਾ ਨੇ ਕਿਹਾ ਕਿ ਦੇਸ਼ ਵਿਚ ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੇਸ਼ ਆਰਥਿਕ ਤੌਰ ਤੇ ਤਬਾਹ ਹੋਣ ਵੱਲ ਵੱਧ ਰਿਹਾ ਹੈ। ਮਹਿੰਗਾਈ ਅਸਮਾਨ ਛੂਹ ਰਹੀ ਹੈ। ਇੰਡਸਟਰੀ ਬੰਦ ਹੋ ਰਹੀ ਹੈ। ਬੇਰੁਜਗਾਰੀ ਦੀ ਮਾਰ ਹੇਠਾਂ ਲੋਕ ਮਰ ਰਹੇ ਹਨ। ਰਸਾਇਣ ਦੇ ਨੋਬਲ ਪੁਰਸਕਾਰ ਜੇਤੂ ਤੇ ਰਾਇਲ



ਸੋਸਾਇਟੀ (ਜਿਸ ਵਿਚ ਦੁਨੀਆਂ ਭਰ ਦੇ ਸਰਕਰਦਾ ਵਿਗਿਆਨੀ ਸ਼ਾਮਲ ਹਨ) ਨੇ ਵੀ ਨਾਗਰਿਕਤਾ ਸੋਧ ਬਿੱਲ ਦੀ ਸਖਤ ਨਿੰਦਾ ਕੀਤੀ ਹੈ।ਵਰਿਆਣਾ ਨੇ ਅੱਗੇ ਕਿਹਾ ਕਿ ਨਾਗਰਿਕਤਾ ਸੋਧ ਬਿੱਲ ਵਿਚ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਤੋਂ ਆਉਣ ਵਾਲੇ ਹਿੰਦੂਆਂ, ਸਿਖਾਂ, ਬੋਧੀਆਂ, ਜੈਨੀਆਂ, ਪਾਰਸੀਆਂ ਤੇ ਈਸਾਈਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਤੇਜ ਕਰਨ ਦੀ ਵਿਵਸਥਾ ਹੈ। ਇਹ ਧਰਮ ਦੇ ਨਾਮ ਤੇ ਹੈ। ਇਸ ਵਿਚ ਮੁਸਲਮਾਨਾਂ ਦਾ ਨਾਮ ਨਹੀਂ ਹੈ। ਇਹ ਬਿੱਲ ਦੇਸ਼ ਦੀ ਏਕਤਾ ਅਖੰਡਤਾ ਲਈ ਘਾਤਕ ਸਿੱਧ ਹੋਵੇਗਾ। ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ, ਨਿਰਮਲ ਬਿਨਜੀ , ਸ਼ੁਭਮ ਗੌਤਮ ਅਤੇ ਸਨੀ ਥਾਪਰ ਮੌਜੂਦ ਸਨ।

# ਪਰਕਸ ਵੱਲੋਂ ਸ਼ੰਗਾਰਾ ਸਿੰਘ ਭੁੱਲਰ ਦੇ ਅਕਾਲ ਚਲਾਣੇ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ–** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾKਅੰਮ੍ਰਿਤਸਰ (ਪਰਕਸ) ਨੇ ਸ਼੍ਰੋਮਣੀ ਪੱਤਰਕਾਰ ਸ਼ੰਗਾਰਾ ਸਿੰਘ ਭੁਲਰ ਦੇ ਅਕਾਲ ਚਲਾਣੇ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ ,ਪ੍ਰਬੰਧਕੀ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਸਕੱਤਰ ਗੁਰਮੀਤ ਪਲਾਹੀ ਨੇ ਕਿਹਾ ਕਿ ਉਹ ਬਹੁਤ ਹੀ ਸੁਹਿਰਦ ,ਮਿਲਣਸਾਰ ਅਤੇ ਪੱਤਰਕਾਰੀ ਨੂੰ ਸਮਰਪਿਤ ਸਨ ।ਉਹ ਇੱਕੋ ਇੱਕ ਅਜਿਹੇ ਪੱਤਰਕਾਰ ਸਨ ਜਿਨ੍ਹਾਂ ਨੂੰ ਚਾਰ ਅਖ਼ਬਾਰਾਂ ਦੇ ਸੰਪਾਦਕ ਹੋਣ ਦਾ ਮਾਣ ਪ੍ਰਾਪਤ



ਹੈ।ਉਹ ਲੰਬਾ ਸਮਾਂ ਪੰਜਾਬੀ ਟ੍ਰਿਬਿਊਨ ਵਿਚ ਬਤੌਰ ਸੰਪਾਦਕ ਰਹਿਣ ਪਿੱਛੋਂ ਪੰਜਾਬੀ ਜਾਗਰਣ ਦੇ ਬਾਨੀ ਸੰਪਾਦਕ, ਦੇਸ਼ ਵਿਦੇਸ਼ ਟਾਈਮਜ਼ ਦੇ ਸੰਪਾਦਕ ਰਹੇ ।ਉਹ ਪੰਜਾਬੀ ਨਿਊਜ਼ ਏਜੰਸੀ ਵਿਸ਼ਵ ਵਾਰਤਾ ਦੇ ਸੰਪਾਦਕ ਵੀ ਰਹੇ । ਇਸ ਸਮੇਂ ਉਹ ਰੋਜ਼ਾਨਾ ਸਪੋਕਸਮੈਨ ਦੇ ਸੰਪਾਦਕ ਸਨ।ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬੀ ਪੱਤਰਕਾਰੀ ਨੂੰ ਕਦੇ ਨਾ ਪੂਰਾ ਕੀਤਾ ਜਾਣ ਵਾਲਾ ਘਾਟਾ ਪਿਆ ਹੈ। ਉਹ ਭਾਵੇਂ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ,ਪਰ ਉਨ੍ਹਾਂ ਦੀਆਂ ਲਿਖਤਾਂ ਉਨ੍ਹਾਂ ਦੇ ਨਾਂ ਨੂੰ ਹਮੇਸ਼ਾਂ ਕਾਇਮ ਰਖਣਗੀਆਂ।



ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਹੋਇਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਮਾਪੇ ਅਧਿਆਪਕ ਮਿਲਣੀ ਦੌਰਾਨ ਬੱਚਿਆਂ ਦੇ ਮਾਤਾ ਪਿਤਾ ਤੇ ਸਕੂਲ ਦੇ ਅਧਿਆਪਕ। **-ਤਸਵੀਰ ਨਰਿੰਦਰ ਸਿੰਘ ਬਰਨਾਲ**

# ਸ. ਪਿਆਰਾ ਸਿੰਘ ਕੁਢੈਲ ਸਿਲਾਈ ਸੈਂਟਰ ਵਿਖੇ ਸਲਾਨਾ ਸਰਟੀਫ਼ਿਕੇਟ ਤਕਸੀਮ ਸਮਾਰੋਹ ਆਯੋਜਿਤ

**ਮੁਕੰਦਪੁਰ (ਰੇਸ਼ਮ ਕਰਨਾਣਵੀ)–** ਸ. ਪਿਆਰਾ ਸਿੰਘ ਕੁਢੈਲ ਸਿਲਾਈ ਸੈਂਟਰ ਵਿਖੇ ਸਲਾਨਾ ਸਰਟੀਫ਼ਿਕੇਟ ਤਕਸੀਮ ਸਮਾਰੋਹ ਵਿਲੱਖਣ ਅੰਦਾਜ਼ ਵਿੱਚ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਡੇ ਇਕੱਠ ਦੀ ਥਾਂ ਸੈਂਟਰ ਵਿੱਚ ਹੀ ਬੱਚਿਆ ਦੇ ਰੂਬਰੂ ਬੈਠ ਕੇ ਉਹਨਾ ਨਾਲ ਸਿੱਧੇ ਸੰਵਾਦ ਰਚਾਏ ਗਏ। ਅਤਿ ਸਤਿਕਾਰਯੋਗ ਮਾਸਟਰ



ਬਖਤਾਵਰ ਸਿੰਘ ਜੀ ਨੇ ਜਿੱਥੇ ਬੱਚਿਆ ਨੂੰ ਆਪਣਾ ਆਸ਼ੀਰਵਾਦ ਪ੍ਰਦਾਨ ਕੀਤਾ ਉੱਥੇ ਉਹਨਾਂ ਨੂੰ ਗੁਣਾ ਦੇ ਧਾਰਨੀ ਹੋਣ ਦੀ ਸਿੱਖਿਆ ਵੀ ਦਿੱਤੀ। ਸ. ਤਿਲਕਰਾਜ ਸਿੰਘ ਚਾਹਲ ਜੀ ਨੇ ਆਪਣੇ ਸੰਬੋਧਨ ਵਿੱਚ ਬੱਚਿਆ ਨੂੰ ਆਪਣੇ ਗੁਣਾਂ ਦਾ ਕਾਰੋਬਾਰ ਅਤੇ ਰੁਜ਼ਗਾਰ ਵਿੱਚ ਬਦਲਣ ਦਾ ਤਰੀਕਾ ਦੱਸਿਆ। ਸ. ਇਕਬਾਲ ਸਿੰਘ ਨੇ ਸੰਬੋਧਨ ਕਰਦਿਆਂ ਬੱਚਿਆ ਨੂੰ ਲਗਨ ਨਾਲ ਕੰਮ ਕਰਨ ਅਤੇ ਜ਼ਿੰਦਗੀ ਪ੍ਰਤੀ ਜ਼ੁੰਮੇਵਾਰ ਬਣਨ ਦੀ ਸਿੱਖਿਆ ਦਿੱਤੀ। ਸ. ਅਵਤਾਰ ਸਿੰਘ ਜੀ ਨੇ ਆਪਣੇ ਸੰਬੋਧਨ ਵਿੱਚ ਹੁਨਰ ਅਤੇ ਕ.ਲਾ ਜ਼ਿੰਦਗੀ ਭਰ ਨਿਖਾਰਨ ਅਤੇ ਬਿਨਾ ਕਿਸੇ ਮਕਸਦ ਤੋਂ ਵੀ ਸਿੱਖਦੇ ਰਹਿਣ ਦੀ ਲੋੜ ਤੇ ਜ਼ੋਰ ਪਾਇਆ।

ਗੁਰਵਿੰਦਰ ਸਿੰਘ ਨਿੱਪੀ ਅਤੇ ਇਕਬਾਲ ਸਿੰਘ ਨੇ ਸ. ਸੰਤੋਖ ਸਿੰਘ ਕੁਢੈਲ ਵੱਲੋਂ ਅਰੰਭੇ ਕਾਰਜਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਉਹਨਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

ਅਖੀਰ ਵਿੱਚ ਚੌਥੇ ਬੈਚ ਦੀਆ ਬੱਚੀਆਂ ਨੂੰ ਸਰਟੀਫ਼ਿਕੇਟ ਵੰਡੇ ਗਏ ਜਿਸ ਵਿੱਚ ਪਤਵੰਤੇ ਸੱਜਣਾਂ ਤੋਂ ਇਲਾਵਾ ਮੈਡਮ ਰਮਨਜੀਤ ਕੌਰ ਜੀ ਨੇ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਸਮਾਰੋਹ ਦੇ ਅੰਤ ਵਿੱਚ ਗਰਮ ਚਾਹ ਪਕੌੜੇ ਅਤੇ ਮਠਿਆਈ ਦੇ ਲੰਗਰ ਵਰਤੇ।

# ਬਸਪਾ ਵੱਲੋਂ ਬਾਬਾ ਸਾਹਿਬ ਡਾ.ਅੰਬੇਡਕਰ ਦਾ ਪ੍ਰੀ ਨਿਰਵਾਣ ਮਨਾਇਆ ਗਿਆ

## 2022 ਵਿੱਚ ਦਲਿਤ ਨੂੰ ਸੱਤਾ ਦਾ ਭਾਗੀਦਾਰ ਬਣਾਉਣਾ ਸਾਡਾ ਮੁੱਖ ਨਿਸ਼ਾਨਾ- ਸੁਖਵਿੰਦਰ ਕੋਟਲੀ







**ਧੂਰੀ–** ਬਹੁਜਨ ਸਮਾਜ ਪਾਰਟੀ ਵੱਲੋਂ ਡਾ. ਬੀ. ਆਰ. ਅੰਬੇਡਕਰ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਵਿਸਾਲ ਜਾਗ੍ਰਿਤੀ ਸਮਾਗਮ ਧੂਰੀ ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਦਿੱਲੀ ਤੋਂ ਵਿਧਾਇਕ ਸੰਦੀਪ ਵਾਲਮੀਕੀ ਅਤੇ ਬਸਪਾ ਪੰਜਾਬ ਦੇ ਸੀਨੀਅਰ ਆਗੂ ਸੁਖਵਿੰਦਰ ਕੋਟਲੀ ਨੇ ਵਿਸ਼ੇਸ਼ ਤੌਰ ਪੁੱਜੇ। ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਸੰਦੀਪ ਵਾਲਮੀਕੀ ਨੇ ਕਿਹਾ ਕਿ ਆਰ. ਐੱਸ. ਐੱਸ. ਦੀ ਸਹਿ ’ਤੇ ਕੇਂਦਰ ਸਰਕਾਰ ਦੇਸ ਅੰਦਰ ਦਲਿਤਾਂ, ਪੱਛੜੇ ਵਰਗਾਂ ਅਤੇ ਘੱਟ ਗਿਣਤੀਆਂ ’ਤੇ ਅੱਤਿਆਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦਲਿਤ ਸਮਾਜ ਭਲਾ ਤਾਂ ਹੀ ਹੋਵੇਗਾ, ਜੇਕਰ ਉਹ ਰਾਜਨੀਤਿਕ ਤੌਰ ’ਤੇ ਚੇਤੰਨ ਹੋ ਕੇ ਬਸਪਾ ਸੰਸਥਾਪਕ ਕਾਂਸੀ ਰਾਮ ਦੀ ਜਨਮ ਭੂਮੀ ਤੇ ਆਪਣੀ ਸੱਤਾ ਕਾਇਮ ਕਰੇਗਾ।ਬਸਪਾ ਦੇ ਸੂਬਾਈ ਆਗੂ ਸੁਖਵਿੰਦਰ ਕੋਟਲੀ ਨੇ ਕਿਹਾ ਕਿ ਪੰਜਾਬ ਅੰਦਰ ਦਲਿਤਾਂ ’ਤੇ ਹੋ ਰਹੇ ਅੱਤਿਆਚਾਰਾਂ ਨੂੰ ਪੱਕੇ ਤੌਰ ’ਤੇ ਰੋਕਣ ਲਈ 2022 ਵਿੱਚ ਦਲਿਤਾਂ ਨੂੰ ਸੱਤਾ ਦਾ ਭਾਗੀਦਾਰ ਬਣਾਉਣਾ ਹੀ ਸਾਡਾ ਨਿਸ਼ਾਨਾ ਹੈ।ਉਨ੍ਹਾਂ ਕਿਹਾ ਕਿ ਅਸੀਂ ਕਾਸੀ ਰਾਮ ਦੇ ਅੰਦੋਲਨ ਨੂੰ ਅੰਜਾਮ ਤੱਕ ਲੈ ਕੇ ਜਾਣਾ ਹੈ, ਇਸ ਲਈ ਸਾਨੂੰ ਭਾਵੇਂ ਕੋਈ ਵੀ ਕੁਰਬਾਨੀ ਕਰਨੀ ਪਵੇ। ਬਸਪਾ ਆਗੂ ਡਾ. ਮੱਖਣ ਸਿੰਘ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਨਾਲ ਦਲਿਤਾਂ ਦਾ ਭਲਾ ਹੋ ਸਕਦਾ ਹੈ। ਚਮਕੌਰ ਸਿੰਘ ਵੀਰ ਨੇ ਕਿਹਾ ਬਸਪਾ ਹਮੇਸ਼ਾ ਕਿਰਤੀ ਲੋਕਾਂ ਦੇ ਸੰਵਿਧਾਨਕ ਹੱਕਾਂ ਦੀ ਲੜਾਈ ਲੜਦੀ ਰਹੀ ਹੈ ਅਤੇ ਭਾਰਤੀ ਸੰਵਿਧਾਨ ਦੀ ਰਾਖੀ ਲਈ ਸਾਨੂੰ ਇੱਕਮੁੱਠ ਹੋ ਕੇ ਮਨੂਵਾਦੀ ਤਾਕਤਾਂ ਨਾਲ ਟਾਕਰਾ ਕਰਨਾ ਪਵੇਗਾ।

ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਡਾ. ਅੰਬੇਡਕਰ ਜੀ ਨੇ ਇਕੱਲਿਆਂ ਹੀ ਸੰਘਰਸ਼ ਕਰਕੇ ਕਰੋੜਾਂ ਦਲਿਤ ਲੋਕ ਗੁਲਾਮੀ ਭਰੇ ਜੀਵਨ ਤੋਂ ਮੁਕਤ ਕੀਤਾ ਪਰ ਅੱਜ ਕਰੋੜਾਂ ਦਲਿਤ ਲੋਕ ਮਿਲ ਕੇ ਵੀ ਬਾਬਾ ਸਾਹਿਬ ਦਾ ਸੱਤਾ ਪ੍ਰਾਪਤੀ ਦਾ ਸੁਪਨਾ ਪੂਰਾ ਨਹੀ ਕਰ ਸਕੇ। ਇਸ ਬਾਰੇ ਸਾਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।ਡਾ. ਮੱਖਣ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਜ਼ਮੀਨਾਂ ਨੂੰ ਉਦਯੋਗਿਕ ਘਰਾਨਿਆਂ ਨੂੰ ਦੇਣ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫ਼ੰਡ ਜਾਰੀ ਨਾ ਕਰਨ, ਸਿੱਖਿਆ ਮੰਤਰੀ ਵੱਲੋਂ ਬੇਰੁਜ਼ਗਾਰ ਅਧਿਆਪਕਾਂ ਨੂੰ ਗਾਲ੍ਹਾਂ ਕੱਢਣ ਅਤੇ ਕੇਂਦਰ ਸਰਕਾਰ ਵੱਲੋਂ ਫ਼ਿਰਕੂ ਅਧਾਰ ’ਤੇ ਪਾਸ ਕੀਤੇ ਨਾਗਰਿਕਤਾ ਸੋਧ ਬਿੱਲ ਦੇ ਵਿਰੋਧ ਵਿੱਚ ਹਾਜ਼ਰ ਵਰਕਰਾਂ ਕੋਲੋਂ ਹੱਥ ਖੜੇ ਕਰਕੇ ਮਤੇ ਪਾਸ ਕਰਵਾਏ। ਜੈ ਭੀਮ ਦੇ ਨਾਅਰਿਆਂ ਦੀ ਗੂੰਜ ਵਿੱਚ ਬਸਪਾ ਵਰਕਰਾਂ ਨੇ ਅਹਿਦ ਲਿਆ ਕਿ 2022 ਵਿੱਚ ਦਲਿਤਾਂ ਦੀ ਸੱਤਾ ਵਿੱਚ ਹਿੱਸੇਦਾਰੀ ਪ੍ਰਾਪਤ ਕਰਨ ਲਈ ਉਹ ਹਰ ਤਰਾਂ ਦੀ ਮੁਸੀਬਤ ਨਾਲ ਟਾਕਰਾ ਕਰਨ ਦਾ ਮਨ ਬਣਾ ਚੁੱਕੇ ਹਨ। ਇਸ ਮੌਕੇ ਰਮੇਸ਼ ਕੌਲ, ਜਗਦੀਸ ਰਾਣਾ, ਸੁਸ਼ੀਲ ਵਿਰਦੀ, ਮੋਤੀ ਲਾਲ ਛਾਛੀਆ, ਦਰਸਨ ਸਿੰਘ ਜਲੂਰ, ਅਮਰੀਕ ਸਿੰਘ ਕਾਲਾ, ਸਰਬਜੀਤ ਸਿੰਘ ਖੇੜੀ, ਸੋਮਾ ਸਿੰਘ ਗੰਡੇਵਾਲ, ਹਰਬੰਸ ਸਿੰਘ ਛੀਨੀਵਾਲ, ਸ਼ਮਸ਼ਾਦ ਅਨਸਾਰੀ, ਹਵਾ ਸਿੰਘ ਹਨੇਰੀ, ਦਰਬਾਰਾ ਸਿੰਘ ਭਦੌੜ, ਪਵਿੱਤਰ ਸਿੰਘ, ਕੁਲਵੰਤ ਸਿੰਘ ਟਿੱਬਾ ਹਲਕਾ ਇੰਚਾਰਜ ਮਹਿਲ ਕਲਾਂ, ਦਰਸਨ ਸਿੰਘ ਬਾਜਵਾ, ਮੰਗਤ ਰਾਏ ਭੀਖੀ, ਅਮਰੀਕ ਬੀਹਲਾ, ਬਲਜੀਤ ਗੁੰਮਟੀ, ਗੁਰਤੇਜ ਸਿੰਘ ਭਲਵਾਨ, ਰਣਧੀਰ ਸਿੰਘ ਨਾਗਰਾ, ਹਰਬੰਸ ਸਿੰਘ ਲੌਂਗੋਵਾਲ, ਬੀਬੀ ਬਲਜੀਤ ਕੌਰ ਵਿਰਕ, ਓਮ ਪ੍ਰਕਾਸ਼ ਸਰੋਏ, ਬੰਤਾ ਸਿੰਘ ਕੈਂਪਰ, ਜਗਤਾਰ ਸਿੰਘ ਬਾਲੀਆਂ, ਨਿੱਕਾ ਸਿੰਘ ਹਸਨਪੁਰ, ਏਕਮ ਸਿੰਘ ਛੀਨੀਵਾਲ ਆਦਿ ਆਗੂ ਵੀ ਹਾਜ਼ਰ ਸਨ।ਜੀਵਨ ਮਹਿਮੀ, ਸਰਬਜੀਤ ਛੱਲਾ, ਕਮਲ ਤੱਲ੍ਹਣ, ਮਨਦੀਪ ਮਨੀ ਅਤੇ ਵਿੱਕੀ ਬਹਾਦਰਕੇ ਆਦਿ ਗਾਇਕਾਂ ਨੇ ਮਿਸ਼ਨਰੀ ਗੀਤ ਪੇਸ਼ ਕੀਤੇ।

# ਨੌਸ਼ਹਿਰਾ ਦਾ ਸ਼ੇਰ "ਬ੍ਰਿਗੇਡੀਅਰ ਮੁਹੰਮਦ ਉਸਮਾਨ"



ਹਰਦੀਪ ਸਿੰਘ ਚੁੰਬਰ
91-94636-01616

ਦੇਸ਼ਭਗਤੀ ਕਿਸੇ ਮਜਹਬ, ਜਾਤੀ, ਧਰਮ, ਵਰਗ ਜਾਂ ਕਿਸੇ ਖਾਸ ਖੇਤਰ ਦੀ ਪਹਿਚਾਣ ਦੀ ਮਹੁਥਾਜ ਨਹੀਂ ਹੁੰਦੀ। ਇਹ ਨਾਂ ਹੀ ਜੋਸ਼ੀਲੀਆਂ, ਭੜਕੀਤੀਆਂ ਡੀਬੇਟਾਂ, ਕੁੱਕੜ ਲੜਾਈਆਂ, ਭਾਸ਼ਨਾਂ ਦੇ ਤਰਕ ਵਿਤੱਰਕ ਵਿੱਚੋਂ ਪੈਦਾ ਹੁੰਦੀ ਹੈ। ਹਰ ਵਿਅਕਤੀ ਸਮਾਂ ਆਉਣ ਤੇ ਸਾਬਤ ਕਰਦਾ ਅਤੇ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਦੇਸ਼ ਭਗਤੀ ਦੇ ਪੈਮਾਨੇ ਉਤੇ ਖਰਾ ਉਤਰੇ ਅਤੇ ਕਿਸੇ ਦੇਸ਼ ਨੂੰ ਜੀਵਨ ਨਾਲ ਬੰਨਕੇ ਨਹੀਂ ਜੀ ਸਕਦਾ। ਇਸ ਨੂੰ ਸੱਚ ਕਰ ਦਿਖਾਇਆ ਅਜ਼ਾਦ ਭਾਰਤ ਦੀ ਪਹਿਲੀ ਲੜਾਈ ਦੇ ਮਹਾਨ ਇਨਸਾਨ ਮਹਾਵੀਰ ਚੱਕਰ ਵਿਜ਼ੇਤਾ ਨੇ।

ਬ੍ਰਿਗੇਡੀਅਰ ਮੁਹੰਮਦ ਉਸਮਾਨ, ਮਹਾਂਵੀਰ ਚੱਕਰ ਵਿਜ਼ੇਤਾ,ਉਸ ਨੂੰ ਉਸਮਾਨ ਮੁਹੰਮਦ ਵੀ ਕਿਹਾ ਜਾਂਦਾ ਹੈ। 1947 ਦੀ ਭਾਰਤ-ਪਾਕਿ ਜੰਗ ਵਿੱਚ ਮਾਰੇ ਗਏ ਭਾਰਤੀ ਸੈਨਾ ਦਾ ਸਭ ਤੋਂ ਉੱਚ ਰੈਂਕਿੰਗ ਅਧਿਕਾਰੀ ਸੀ। ਇੱਕ ਮੁਸਲਮਾਨ ਵਜੋਂ, ਉਸਮਾਨ ਭਾਰਤ ਦੇ "ਧਰਮ ਨਿਰਪੱਖਤਾ" ਦਾ ਪ੍ਰਤੀਕ ਹੈ। ਮਹਾਂ ਵੀਰ ਚੱਕਰ (ਅਸਲ ਵਿੱਚ ਮਹਾਨ ਯੋਧਾ ਤਗਮਾ) ਪਰਮ ਵੀਰ ਚੱਕਰ ਦੇ ਬਾਅਦ ਭਾਰਤ ਵਿੱਚ ਦੂਜਾ ਸਭ ਤੋਂ ਉੱਚਾ ਫੌਜੀ ਸਨਮਾਨ ਹੈ।





ਬ੍ਰਿਗੇਡੀਅਰ ਉਸਮਾਨ ਪ੍ਰਧਾਨ ਮੰਤਰੀ ਨਹਿਰੂ ਨਾਲ



ਜੰਮੂ- ਕਸਮੀਰ, ਝੰਗਰ ਵਿਖੇ ਬ੍ਰਿਗੇਡ ਉਸਮਾਨ ਦੇ ਨਾਮ ਤੇ ਇਕ ਯਾਦਗਾਰ ਉਸ ਹੀ ਚੱਟਾਨ ਤੇ ਬਣਾਈ ਗਈ ਸੀ ਜਿਸ ਉੱਤੇ ਉਸਦੀ ਜਾਨ ਲੈ ਗਈ ਸੀ।

ਭਾਰਤ ਦੀ ਵੰਡ ਦੇ ਸਮੇਂ ਉਸਨੇ ਹੋਰ ਬਹੁਤ ਸਾਰੇ ਮੁਸਲਮਾਨ ਅਧਿਕਾਰੀਆਂ ਨਾਲ ਪਾਕਿਸਤਾਨ ਦੀ ਸੈਨਾ ਵਿੱਚ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਭਾਰਤੀ ਫੌਜ ਨਾਲ ਸੇਵਾ ਜਾਰੀ ਰੱਖੀ। ਉਹ ਜੁਲਾਈ 1948 ਵਿਚ ਜੰਮੂ ਅਤੇ ਕਸ਼ਮੀਰ ਵਿਚ ਪਾਕਿਸਤਾਨੀ ਸੈਨਿਕਾਂ ਅਤੇ ਕਬਾਈਲੀਆਂਨਾਲ ਲੜਦਿਆਂ ਮਾਰਿਆ ਗਿਆ ਸੀ। ਬਾਅਦ ਵਿਚ ਉਸ ਨੂੰ ਦੁਸ਼ਮਣ, ਮਹਾਂ ਵੀਰ ਚੱਕਰ ਦੇ ਸਾਮ੍ਹਣੇ ਬਹਾਦਰੀ ਲਈ ਦੂਸਰੀ ਸਭ ਤੋਂ ਉੱਚੀ ਫੌਜੀ ਸਜਾਵਟ ਨਾਲ ਸਨਮਾਨਿਤ ਕੀਤਾ ਗਿਆ।

ਮੁਹੰਮਦ ਉਸਮਾਨ ਦਾ ਜਨਮ ਬੀਬੀਪੁਰ ਮਹੂ ਜ਼ਿਲ੍ਹਾ,ਅਜੋਕੇ ਉੱਤਰ ਪ੍ਰਦੇਸ਼ ਦਾਆਜ਼ਮਗੜ੍ਹ ਜ਼ਿਲ੍ਹਾ,ਬ੍ਰਿਟਿਸ਼ ਇੰਡੀਆ ਵਿੱਚ 15 ਜੁਲਾਈ 1912 ਨੂੰ ਹੋਇਆ ਸੀ। ਜਾਮੀਲੁਨ ਬੀਬੀ ਅਤੇ ਮੁਹੰਮਦ ਫਾਰੂਕ ਖੁੰਨਾਮਬੀਰ ਇਕ ਪੁਲਿਸ ਅਧਿਕਾਰੀ ਦੇ ਘਰ ਵਿੱਚ ਹੋਇਆ ਸੀ। ਉਸ ਦੀਆਂ ਤਿੰਨ ਵੱਡੀਆਂ ਭੈਣਾਂ ਅਤੇ ਦੋ ਛੋਟੇ ਭਰਾ ਸਨ।ਉਸਮਾਨ ਅਤੇ ਉਸਦਾ ਛੋਟਾ ਭਰਾ, ਸੁਭਾਨ ਅਤੇ ਗੁਫਰਾਨ, ਹਰੀਸ਼ ਚੰਦਰ ਭਾਈ ਸਕੂਲ, ਵਾਰਾਣਸੀ ਵਿਖੇ ਪੜ੍ਹੇ ਸਨ। 12 ਸਾਲ ਦੀ ਉਮਰ ਵਿੱਚ, ਉਸਨੇ ਡੁੱਬ ਰਹੇ ਬੱਚੇ ਨੂੰ ਬਚਾਉਣ ਲਈ ਖੂਹ ਵਿੱਚ ਛਾਲ ਮਾਰ ਦਿੱਤੀ ਸੀ।ਉਸਦਾ ਛੋਟਾ ਭਰਾ ਘੁਫਰਾਨ ਵੀ ਬ੍ਰਿਗੇਡੀਅਰ ਬਣਿਆਛੋਟਾ ਭਰਾਮੁਹੰਮਦ ਸੁਭਾਨ ਟਾਈਮਜ਼ ਆਫ ਇੰਡੀਆ ਦੇ ਇੱਕ ਪ੍ਰਸਿੱਧ ਪੱਤਰਕਾਰ ਸਨ। ਬ੍ਰਿਗੇਡੀਅਰ ਘੁਫਰਾਨ, ਭਾਰਤ ਦੇ ਪਹਿਲੇ ਰਾਸ਼ਟਰਪਤੀ, ਡਾ. ਰਾਜੇਂਦਰ ਪ੍ਰਸਾਦ ਦਾ ਉਪ ਸੈਨਿਕ ਸਕੱਤਰ ਸੀ।

ਭਾਰਤੀਆਂ ਨੇ 1920 ਤੋਂ ਆਰਮੀ ਵਿਚ ਕਮਿਸ਼ਨਡ ਅਫਸਰਾਂ ਵਜੋਂ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ ਸੀ, ਹਾਲਾਂਕਿ ਮੁਕਾਬਲਾ ਬਹੁਤ ਸਖ਼ਤ ਸੀ, ਅਤੇ ਸਿਰਫ ਕੁਲੀਨ ਵਰਗ ਜਾਂ ਭੂਮੀਪਤੀਆਂ ਨੂੰ ਹੀ ਤਰਜੀਹ ਦਿੱਤੀ ਗਈ ਸੀ।

ਉਸਮਾਨ ਨੇ ਫ਼ੌਜ ਵਿਚ ਭਰਤੀ ਹੋਣ ਦਾ ਮਨ ਬਣਾ ਲਿਆ, ਅਤੇ ਭਾਰਤੀਆਂ ਨੂੰ ਕਮਿਸ਼ਨ ਰੈਂਕ ਪ੍ਰਾਪਤ ਕਰਨ ਦੇ ਸੀਮਤ ਮੌਕਿਆਂ ਦੇ ਬਾਵਜੂਦ ਅਤੇ ਸਖਤ ਕੰਪੀਟੀਸ਼ਨ ਹੋਣ ਦੇ ਬਾਵਜੂਦ, ਉਹ ਵੱਕਾਰੀ ਰਾਇਲ ਮਿਲਟਰੀ ਅਕੈਡਮੀ ਸੈਂਡਹਰਸਟ (ਆਰ.ਐੱਮ.ਏ.ਐੱਸ.) ਵਿਚ ਭਰਤੀ ਹੋਣ ਵਿਚ ਸਫਲ ਹੋ ਗਿਆ। ਉਹ 1932 ਵਿਚ ਆਰ.ਐੱਮ.ਏ.ਐੱਸ. ਵਿਚ ਭਰਤੀ ਹੋਇਆ, ਇਕ ਸੈਕਿੰਡ ਲੈਫਟੀਨੈਂਟ ਵਜੋਂ ਕਮਿਸ਼ਨ ਕੀਤਾ ਗਿਆ ਅਤੇ 1 ਫਰਵਰੀ 1934 ਨੂੰ ਭਾਰਤੀ ਫੌਜ ਲਈ ਅਣ-ਨਿਰਧਾਰਤ ਸੂਚੀ ਵਿਚ ਨਿਯੁਕਤ ਕੀਤਾ ਗਿਆ। ਉਹ 12 ਮਾਰਚ 1934 ਨੂੰ ਕੈਮਰੂਨ ਦੇ ਲੋਕਾਂ ਦੀ ਪਹਿਲੀ ਬਟਾਲੀਅਨ ਨਾਲ ਜੁੜਿਆ ਹੋਇਆ ਸੀ।

## ਮਿਲਟਰੀ ਕੈਰੀਅਰ

ਉਹ ਉਨ੍ਹਾਂ 10 ਵਿਦਿਆਰਥੀਆਂ ਵਿਚੋਂ ਇਕ ਸੀ ਜੋ 1932 ਵਿਚ ਦੇਹਰਾਦੂਨ ਅਕੈਡਮੀ ਗਏ ਸਨ। ਇਹ ਇੰਗਲੈਂਡ ਵਿਚ ਸਿਖਲਾਈ ਪ੍ਰਾਪਤ ਕਰਨ ਵਾਲੇ ਭਾਰਤੀਆਂ ਦਾ ਆਖ਼ਰੀ ਸਮੂਹ ਵੀ ਸੀ ਕਿਉਂਕਿ ਇਸੇ ਸਾਲ ਦੇਹਰਾਦੂਨ ਵਿਚ ਇੰਡੀਅਨ ਮਿਲਟਰੀ ਅਕੈਡਮੀ (ਆਈਐਮਏ) ਦੀ ਸਥਾਪਨਾ ਕੀਤੀ ਗਈ ਸੀ।ਉਸਨੂੰ 23 ਸਾਲ ਦੀ ਉਮਰ ਵਿੱਚ ਬਾਲੋਚ ਰੈਜੀਮੈਂਟ ਵਿੱਚ ਕਮਿਸ਼ਨ ਦਿੱਤਾ ਗਿਆ ਸੀ ਅਤੇ ਵਿਸ਼ਵ ਯੁੱਧ ਦੌਰਾਨ ਅਫ਼ਗਾਨਿਸਤਾਨ ਅਤੇ ਬਰਮਾ ਵਿੱਚ ਕਾਰਵਾਈ ਕਰਦਿਆਂ ਵੇਖਿਆ ਗਿਆ ਸੀ।

ਕੈਮਰੂਨੀਆਂ ਦੇ ਨਾਲ ਸਾਲ ਦੇ ਅੰਤ ਵਿਚ, 19 ਮਾਰਚ 1935 ਨੂੰ, ਉਸਨੂੰ ਭਾਰਤੀ ਸੈਨਾ ਵਿਚ ਨਿਯੁਕਤ ਕੀਤਾ ਗਿਆ ਅਤੇ 10 ਵੀਂ ਬਲੋਚ ਰੈਜੀਮੈਂਟ (5-10 ਬੱਲੂਚ) ਦੀ 5 ਵੀਂ ਬਟਾਲੀਅਨ ਵਿਚ ਤਾਇਨਾਤ ਕੀਤਾ ਗਿਆ। ਸਾਲ ਦੇ ਬਾਅਦ ਵਿੱਚ ਉਸਨੇ 1935 ਦੀ ਮੋਹਮਾਂਦ ਮੁਹਿੰਮ ਦੌਰਾਨ ਉੱਤਰ-ਪੱਛਮੀ ਸਰਹੱਦ 'ਤੇ ਸਰਗਰਮ ਸੇਵਾ ਨਿਭਾਈ। ਉਸਨੇ ਨਵੰਬਰ 1935 ਵਿਚ ਉਰਦੂ ਵਿਚ ਸਭ ਤੋਂ ਪ੍ਰਮੁੱਖ ਦੁਭਾਸ਼ੀਏ ਵਜੋਂ ਯੋਗਤਾ ਪ੍ਰਾਪਤ ਕੀਤੀ।

ਉਸਮਾਨ ਨੂੰ 30 ਅਪ੍ਰੈਲ 1936 ਨੂੰ ਲੈਫਟੀਨੈਂਟ ਅਤੇ 31 ਅਗਸਤ 1941 ਨੂੰ ਕਪਤਾਨ ਵਜੋਂ ਤਰੱਕੀ ਦਿੱਤੀ ਗਈ ਸੀ। ਅਪ੍ਰੈਲ 1944 ਤੱਕ ਉਹ ਇੱਕ ਅਸਥਾਈ ਮੇਜਰ ਸੀ। ਉਸਨੇ ਬਰਮਾ ਵਿਚ ਸੇਵਾ ਨਿਭਾਈ ਅਤੇ ਲੰਡਨ ਗਜ਼ਟ ਵਿਚ 27 ਸਤੰਬਰ 1945 ਵਿਚ ਇਕ ਅਸਥਾਈ ਮੇਜਰ ਵਜੋਂ ਭੇਜਣ ਵਿਚ ਉਸ ਦਾ ਜ਼ਿਕਰ ਕੀਤਾ ਗਿਆ। ਉਸਨੇ ਅਪ੍ਰੈਲ 1945 ਤੋਂ ਅਪ੍ਰੈਲ 1946 ਤਕ 10 ਵੀਂ ਬਲੋਚ ਰੈਜੀਮੈਂਟ (14K10 ਬੱਲੋਚ) ਦੀ 14 ਵੀਂ ਬਟਾਲੀਅਨ ਦੇ ਕਮਾਂਡਰ ਵਜੋਂ ਸੇਵਾ ਦਿੱਤੀ।

ਭਾਰਤ ਦੀ ਵੰਡ ਦੇ ਸਮੇਂ, ਉਸਮਾਨ, ਬਲੂਚ ਰੈਜੀਮੈਂਟ ਵਿੱਚ ਇੱਕ ਮੁਸਲਮਾਨ ਅਧਿਕਾਰੀ ਹੋਣ ਕਰਕੇ, ਪਾਕਿਸਤਾਨੀ ਲੀਡਰਸ਼ਿਪ ਦੁਆਰਾ ਪਾਕਿ ਫੌਜ ਦੀ ਚੋਣ ਕਰਨ ਲਈ ਸਖ਼ਤ ਦਬਾਅ ਸੀ। ਹਾਲਾਂਕਿ, ਇਸ ਤੱਥ ਦੇ ਬਾਵਜੂਦ ਕਿ ਉਸ ਨੂੰ ਪਾਕਿਸਤਾਨ ਦੇ ਆਰਮੀ ਚੀਫ਼ ਵਜੋਂ ਭਵਿੱਖ ਦੀ ਸਥਿਤੀ ਦਾ ਵਾਅਦਾ ਬਣਦਾ ਸੀ, ਫਿਰ ਵੀ ਉਹ ਸਹਿਮਤ ਨਹੀਂ ਸੀ। ਜਦੋਂ ਬਲੋਚ ਰੈਜੀਮੈਂਟ ਨੂੰ ਪਾਕਿਸਤਾਨ ਨੂੰ ਅਲਾਟ ਕਰ ਦਿੱਤਾ ਗਿਆ ਤਾਂ ਉਸਮਾਨ ਨੂੰ ਡੋਗਰਾ ਰੈਜੀਮੈਂਟ ਵਿਚ ਤਬਦੀਲ ਕਰ ਦਿੱਤਾ ਗਿਆ।

## 1947 ਦੀ ਹਿੰਦ-ਪਾਕਿ ਜੰਗ

1947 ਵਿਚ ਪਾਕਿਸਤਾਨ ਨੇ ਕਬਾਇਲੀ ਲੜਾਕਿਆਂ ਨੂੰ ਜੰਮੂ-ਕਸ਼ਮੀਰ ਰਿਆਸਤ ਵਿਚ ਉਸ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਵਿਚ ਭੇਜਿਆ ਅਤੇ ਇਸ ਨੂੰ ਪਾਕਿਸਤਾਨ ਦਾ ਕਬਜਾ ਕਰਨ ਲਈ ਭੇਜ ਦਿਤਾ। ਉਸਮਾਨ ਉਸ ਸਮੇਂ 77 ਵੇਂ ਪੈਰਾਸ਼ੂਟ ਬ੍ਰਿਗੇਡ ਦੀ ਕਮਾਂਡ ਕਰ ਰਿਹਾ ਸੀ, ਉਸ ਨੂੰ 50 ਵੀਂ ਪੈਰਾਸ਼ੂਟ ਬ੍ਰਿਗੇਡ ਦੀ ਕਮਾਂਡ ਨਾਲ ਭੇਜਿਆ ਗਿਆ ਸੀ, ਜੋ ਦਸੰਬਰ 1947 ਵਿਚ ਝਾਂਗਰ ਵਿਖੇ ਤਾਇਨਾਤ ਸੀ। 25 ਦਸੰਬਰ 1947 ਨੂੰ ਬ੍ਰਿਗੇਡ ਵਿਰੁੱਧ ਭਾਰੀ ਹਮਲਾ ਕਰਕੇ ਪਾਕਿਸਤਾਨੀ ਫ਼ੌਜਾਂ ਨੇ ਝੰਗਰ ਉਤੇ ਕਬਜ਼ਾ ਕਰ ਲਿਆ। ਮੀਰਪੁਰ ਅਤੇ ਕੋਟਲੀ ਤੋਂ ਆਉਣ ਵਾਲੀਆਂ ਸੜਕਾਂ ਦੇ ਕੰਢੇ 'ਤੇ ਸਥਿਤ, ਝੰਗਰ ਰਣਨੀਤਕ ਮਹੱਤਤਾ ਵਾਲਾ ਸੀ। ਉਸ ਦਿਨ ਉਸਮਾਨ ਨੇ ਝੰਗਰ ਉੱਤੇ ਕਬਜ਼ਾ ਕਰਨ ਦਾ ਪ੍ਰਣ ਲਿਆ - ਇਹ ਇਕ ਕਾਰਨਾਮਾ ਸੀ ਜੋ ਉਸਨੇ ਤਿੰਨ ਮਹੀਨਿਆਂ ਬਾਅਦ ਪੂਰਾ ਕੀਤਾ, ਪਰ ਆਪਣੀ ਜਾਨ ਦੀ ਕੀਮਤ ਤੇ।

ਜਨਵਰੀ ਤੋਂ ਫਰਵਰੀ 1948 ਵਿਚ ਉਸਮਾਨ ਨੇ ਜੰਮੂ ਅਤੇ ਕਸ਼ਮੀਰ ਦੇ ਦੋਵਾਂ ਉੱਚ ਰਣਨੀਤਕ ਥਾਵਾਂ ਨੌਸ਼ਹਿਰਾ ਅਤੇ ਝੰਗਰ ਉੱਤੇ ਜ਼ਬਰਦਸਤ ਹਮਲੇ ਕੀਤੇ। ਭਾਰੀ ਮੁਸ਼ਕਲਾਂ ਅਤੇ ਵੱਡੀ ਸੰਖਿਆ ਦੇ ਖਿਲਾਫ ਨੌਸ਼ਹਿਰਾ ਦੀ ਰੱਖਿਆ ਦੌਰਾਨ, ਭਾਰਤੀ ਫੌਜਾਂ ਨੇ ਪਾਕਿਸਤਾਨੀਆਂ 'ਤੇ ਤਕਰੀਬਨ 2000 ਜਾਨੀ ਨੁਕਸਾਨ ਅਤੇ ਜ਼ਖਮੀ ਕੀਤੇ (ਲਗਭਗ 1000 ਮਰੇ ਅਤੇ 1000 ਜ਼ਖਮੀ) ਜਦੋਂਕਿ ਭਾਰਤੀ ਫੌਜ ਦੇ 33 ਮਰੇ ਅਤੇ 102 ਜ਼ਖਮੀ ਹੋਏ।

ਉਸ ਦੇ ਬਚਾਅ ਪੱਖ ਨੇ ਉਸਨੂੰ "ਨੌਸ਼ਹਿਰਾ ਦਾ ਸ਼ੇਰ" ਨਾਮ ਦਿੱਤਾ। ਫਿਰ ਪਾਕਿਸਤਾਨੀ ਬਲਾਂ ਨੇ ਉਸ ਦੇ ਸਿਰ ਦੇ ਇਨਾਮ ਵਜੋਂ 50,000 ਰੁਪਏ ਦੀ ਰਾਸ਼ੀ ਦਾ ਐਲਾਨ ਕੀਤਾ। ਪ੍ਰਸ਼ੰਸਾ ਅਤੇ ਵਧਾਈਆਂ ਤੋਂ ਪ੍ਰਭਾਵਤ ਹੋਣ ਤੋਂ ਬਾਅਦ, ਉਸਮਾਨ ਨੇ ਫਰਸ਼ 'ਤੇ ਪਈ ਚਟਾਈ' ਤੇ ਸੌਣਾ ਜਾਰੀ ਰੱਖਿਆ ਕਿਉਂਕਿ ਉਸਨੇ ਸਹੁੰ ਖਾਧੀ ਸੀ ਕਿ ਉਹ ਉਦੋਂ ਤਕ ਮੰਜੇ 'ਤੇ ਨਹੀਂ ਸੌਂਵੇਗਾ ਜਦ ਤੱਕ ਉਹ ਝੰਗਰ ਨੂੰ ਵਾਪਸ ਨਹੀਂ ਲੈ ਲੈਂਦਾ, ਜਿੱਥੋਂ ਉਸ ਨੂੰ 1947 ਦੇ ਅਖੀਰ ਵਿਚ ਪਾਕ ਨੂੰ ਵਾਪਸ ਜਾਣਾ ਪਿਆ।

ਉਸ ਸਮੇਂ ਦੇ ਲੈਫਟੀਨੈਂਟ ਜਨਰਲ ਕੇ ਐਮ ਕਰੀਅੱਪਾ (ਬਾਅਦ ਵਿੱਚ ਜਨਰਲ ਅਤੇ ਚੀਫ਼ ਆਫ਼ ਆਰਮੀ ਸਟਾਫ ਅਤੇ ਰਿਟਾਇਰਮੈਂਟ ਤੋਂ ਬਾਅਦ ਫੀਲਡ ਮਾਰਸ਼ਲ ਬਣੇ ਕਈ ਸਾਲਾਂ), ਜਿਨ੍ਹਾਂ ਨੇ ਪੱਛਮੀ ਸੈਨਾ ਦੇ ਕਮਾਂਡਰ ਦਾ ਅਹੁਦਾ ਸੰਭਾਲਿਆ ਸੀ, ਨੇ ਆਪਣਾ ਕਾਰਜਨੀਤਿਕ ਹੈੱਡਕੁਆਰਟਰ ਜੰਮੂ ਅੱਗੇ ਲਿਆਇਆ ਤਾਂ ਜੋ ਦੋ ਮਹੱਤਵਪੂਰਨ ਕਾਰਜਾਂ ਦੇ ਸੰਚਾਲਨ ਦੀ ਨਿਗਰਾਨੀ ਕੀਤੀ ਜਾ ਸਕੇ - ਝੰਗਰ ਅਤੇ ਪੁੰਛ ਦਾ ਕਬਜ਼ਾ।ਅਪ੍ਰੇਸ਼ਨਾਂਫਰਵਰੀ 1948 ਦੇਆਖਰੀਹਫ਼ਤੇਸ਼ੁਰੂਹੋਈਆ। 19 ਵੀਂਇਨਫੈਂਟਰੀਬ੍ਰਿਗੇਡਨੇਉੱਤਰੀਚੱਟਾਨਨਾਲਅੱਗੇਵਧਿਆ, ਜਦੋਂ ਕਿ 50 ਵੀਂ ਪੈਰਾਸ਼ੂਟ ਬ੍ਰਿਗੇਡ ਨੇ ਦੱਖਣ ਵਿਚ ਨੌਸ਼ਹਿਰਾ-ਝੰਗਰ ਸੜਕ ਉੱਤੇ ਪਹਾੜੀਆਂ ਤੋਂ ਦੁਸ਼ਮਣ ਦਾ ਸਫਾਇਆ ਕਰ ਦਿੱਤਾ।

ਆਖਰਕਾਰ ਦੁਸ਼ਮਣ ਨੂੰ ਇਸ ਖੇਤਰ ਤੋਂ ਭਜਾ ਦਿੱਤਾ ਗਿਆ, ਅਤੇ ਝਾਂਗਰ ਨੂੰ ਮੁੜ ਕਬਜ਼ਾ ਕਰ ਲਿਆ ਗਿਆ। ਮਈ 19ਲ48 ਵਿਚ ਪਾਕਿਸਤਾਨ ਨੇ ਆਪਣੀਆਂ ਨਿਯਮਤ ਫੌਜਾਂ ਨੂੰ ਮੈਦਾਨ ਵਿਚ ਲੈ ਆਂਦਾ। ਝਾਂਗਰ ਨੂੰ ਇਕ ਵਾਰ ਫਿਰ ਭਾਰੀ ਤੋਪਖਾਨਾ, ਬੰਬਾਰੀ ਦਾ ਸਾਹਮਣਾ ਕਰਨਾ ਪਿਆ ਅਤੇ ਪਾਕਿ ਫੌਜ ਦੁਆਰਾ ਝੰਗਰ ਉੱਤੇ ਕਈ ਤਕੜੇ ਹਮਲੇ ਕੀਤੇ। ਹਾਲਾਂਕਿ, ਉਸਮਾਨ ਨੇ ਇਸ ਨੂੰ ਦੁਬਾਰਾ ਹਾਸਲ ਕਰਨ ਦੀਆਂ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਨਕਾਮ ਕੀਤਾ।ਇਹ 3 ਜੁਲਾਈ 1948 ਨੂੰ ਸ਼ਾਮ 5.45 ਵਜੇ ਸੀ।

ਨੌਸ਼ਹਿਰਾ (ਜੰਮੂ) ਨੇੜੇ ਝੰਗਰ ਵਿੱਚ ਸੂਰਜ ਡੁੱਬਣ ਵਾਲਾ ਸੀ ਅਤੇ ਬ੍ਰਿਗੇਡੀਅਰ ਆਪਣੀ ਸ਼ਾਮ ਦੀ ਨਮਾਜ਼ ਅਦਾ ਕਰ ਰਿਹਾ ਸੀ, ਆਪਣੇ ਕਮਾਂਡ ਪੋਸਟ 'ਤੇ ਆਪਣੇ ਸਟਾਫ ਅਧਿਕਾਰੀਆਂ ਨਾਲ ਰੋਜ਼ਾਨਾ ਮੁਲਾਕਾਤ ਕਰ ਰਿਹਾ ਸੀ। ਅਚਾਨਕ ਹੋਈ ਗੋਲਾਬਾਰੀ ਦੇ ਫਟਣ ਨੇ ਉਨ੍ਹਾਂ ਸਾਰਿਆਂ ਨੂੰ ਚੱਟਾਨ ਦੇ ਪਿੱਛੇ ਲੁਕਣ ਲਈ ਦੌੜਾਇਆ।

ਬ੍ਰਿਗੇਡੀਅਰ ਨੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਉਸਨੇ ਆਪਣੀ ਫੀਲਡ ਗਨਜ ਨੂੰ ਕਿਲ੍ਹਾਬੰਦੀ ਵਿਚ ਸ਼ਾਮਲ ਕਰਨ ਲਈ ਨਿਰਦੇਸ਼ ਦਿੱਤੇ ਜਦੋਂ ਕਿ ਉਸਨੇ ਖੁਦ ਦੂਜਿਆਂ ਨੂੰ ਚੇਤੰਨ ਕਰਨ ਦੀ ਕੋਸ਼ਿਸ਼ ਵਿਚ ਸੰਭਾਵਤ ਤੌਰ ਤੇ ਕੋਸ਼ਿਸ਼ ਕੀਤੀ। ਪਰ ਜਦੋਂ ਉਹ ਬਾਹਰ ਨਿਕਲਿਆ ਤਾਂ ਇੱਕ 25-ਪੌਂਡਰ ਦਾ ਇੱਕ ਗੋਲਾ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਿਆ। ਉਸਦੇ ਆਖਰੀ ਸ਼ਬਦ ਸਨ "ਮੈਂ ਮਰ ਰਿਹਾ ਹਾਂ ਪਰ ਉਸ ਖੇਤਰ ਨੂੰ ਨਾ ਜਾਣ ਦੇਈਏ ਜਿਸ ਲਈ ਅਸੀਂ ਦੁਸ਼ਮਣ ਬਚਾਉਣ ਲਈ ਲੜ ਰਹੇ ਹਾਂ।" ਉਸਦੀ ਪ੍ਰੇਰਣਾਦਾਇਕ ਅਗਵਾਈ ਅਤੇ ਮਹਾਨ ਹੌਂਸਲਾ ਸਦਕਾ, ਉਸਨੂੰ ਸ਼ਹਾਦਤ ਉਪਰੰਤ ਮਹਾਂਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ।

ਭਾਰਤੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਸਹਿਯੋਗੀ ਜੰਗ ਦੇ ਮੈਦਾਨ ਵਿਚ ਆਪਣੀ ਜਾਨ ਕੁਰਬਾਨ ਕਰਨ ਲਈ "ਉਸ ਸਮੇਂ ਦਾ ਹੁਣ ਤੱਕ ਦਾ ਸਰਵਉੱਚ ਦਰਜਾ ਪ੍ਰਾਪਤ ਫੌਜੀ ਕਮਾਂਡਰ" ਦੇ ਸੰਸਕਾਰ ਵਿਚ ਸ਼ਾਮਲ ਹੋਏ ਸਨ। ਬ੍ਰਿਗੇਡੀਅਰ ਉਸਮਾਨ ਦੀ ਬਹਾਦਰੀ ਦੀ ਮਿਸਾਲ ਅਜ਼ਾਦ ਭਾਰਤ ਲਈ ਪ੍ਰੇਰਣਾ ਸਰੋਤ ਰਹੇਗੀ। "

## ਮੁਹੰਮਦ ਉਸਮਾਨ ਦੀ ਕਬਰ

ਉਸਮਾਨ ਨੂੰ ਨਵੀਂ ਦਿੱਲੀ ਦੇ ਜਾਮੀਆ ਮਿਲੀਆ ਇਸਲਾਮੀਆ ਕੈਂਪਸ ਨੇੜੇ ਇੱਕ ਕਬਰ ਵਿੱਚ ਦਫ਼ਨਾਇਆ ਗਿਆ ਹੈ।

ਉਪੇਂਦਰ ਸੂਦ ਅਤੇ ਰੰਜਨ ਕੁਮਾਰ ਸਿੰਘ, ਫਿਲਮ ਨਿਰਦੇਸ਼ਕਾਂ ਨੇ ਉਸਮਾਨ ਦੇ ਜੀਵਨ ਉੱਤੇ ਇੱਕ ਫਿਲਮ ਬਣਾਈ।
ਸ਼ਹੀਦੋ ਕੀ ਚਿਤਾਓ ਪਰ ਲਗੈਗੇ ਹਰ ਬਰਸ਼ ਮੇਲੇ।
ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਨ ਹੋਗਾ।

ਉਸ ਦੀ ਜਨਮ ਸ਼ਤਾਬਦੀ ਸਾਲ 2012 ਵਿਚ ਭਾਰਤੀ ਫੌਜ ਦੁਆਰਾ ਮਨਾਈ ਗਈ ਸੀ। ਬ੍ਰਿਗੇਡੀਅਰ ਉਸਮਾਨ ਦੀ ਯਾਦ ਵਿਚ ਗੋਰਖਾ ਟ੍ਰੇਨਿੰਗ ਸੈਂਟਰ ਵੱਲੋਂ ਇਕ ਪੈਰਾਮੋਟਰ ਅਭਿਆਨ ਦਾ ਆਯੋਜਨ ਕੀਤਾ ਗਿਆ।

## ਨਿੱਜੀ ਜ਼ਿੰਦਗੀ

ਬਰਮਾ ਵਿੱਚ ਡੋਗਰਾ ਫੌਜੀਆਂ ਨਾਲ ਸੇਵਾ ਕਰਦਿਆਂ, ਉਹ ਇੱਕ ਸ਼ਾਕਾਹਾਰੀ ਬਣ ਗਿਆ ਸੀ। ਉਸਨੇ ਆਪਣੇ ਆਦਮੀਆਂ ਨੂੰ ਮੰਗਲਵਾਰ ਨੂੰ ਵਰਤ ਰੱਖਣ ਦੀ ਤਾਕੀਦ ਕੀਤੀ ਤਾਂ ਜੋ ਭੋਜਨ ਪਿੰਡ ਵਾਸੀਆਂ ਵਿੱਚ ਵੰਡਿਆ ਜਾ ਸਕੇ। ਉਹ ਜੀਵਨ ਭਰ ਕੁਆਰੇ ਹੀ ਰਹੇ, ਉਹ ਆਪਣੀ ਤਨਖਾਹ ਦਾ ਇੱਕ ਬਹੁਤ ਸਾਰਾ ਹਿੱਸਾ ਗਰੀਬ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਵਿੱਚ ਖਰਚ ਕਰਦੇ ਸਨ।

ਉਹ ਧਾਰਮਿਕ ਸੀ ਪਰ ਫਿਰ ਵੀ ਕੱਟੜ ਦੇਸ਼ ਭਗਤ ਇਨਸਾਨ ਸਨ। ਇਹ ਖ਼ਬਰ ਮਿਲਦਿਆਂ ਕਿ ਕਬਾਇਲੀਆਂ ਨੇ ਨੌਸ਼ਹਿਰਾ ਨੇੜੇ ਇਕ ਮਸਜਿਦ ਵਿਚ ਸ਼ਰਨ ਲਈ ਹੋਈ ਹੈ ਅਤੇ ਸਾਡੀ ਫੌਜ ਧਾਰਮਿਕ ਢਾਂਚੇ 'ਤੇ ਗੋਲੀਬਾਰੀ ਕਰਨ ਤੋਂ ਝਿਜਕ ਰਹੀ ਹੈ, ਉਹ ਨਿੱਜੀ ਤੌਰ' ਤੇ ਉਥੇ ਪਹੁੰਚ ਗਿਆ ਅਤੇ ਫਾਇਰ ਖੋਲ੍ਹਣ ਦਾ ਆਦੇਸ਼ ਦਿੱਤਾ, ਇਹ ਕਹਿ ਕੇ ਕਿ ਇਹ ਧਾਰਮਿਕ ਜਗ੍ਹਾ ਹੁਣ ਪਵਿਤਰ ਨਹੀਂ ਰਹੀ। ਗਲਤ ਅਨਸਰਾਂ ਦੁਆਰਾ ਕਬਜ਼ਾ ਕੀਤਾ ਗਿਆ ਹੈ। ਉੱਚ ਦਰਜੇ ਦੀ ਦੇਸ਼ ਭਗਤੀ, ਸੱਚੇ ਇਮਾਨ ਅਤੇ ਬਹੁਤ ਹੀ ਬਹਾਦਰ ਬ੍ਰਿਗੇਡੀਅਰ ਮੁਹੰਮਦ ਉਸਮਾਨ, ਮਹਾਨ ਸੈਨਿਕਾਂ ਦੇ ਮੋਹਰੀਆਂ ਵਿਚੋਂ ਇਕ ਬਣਿਆ ਹੋਇਆ ਹੈ ਅਤੇ ਇਹੋ ਜਿਹੇ ਪ੍ਰੇਰਣਾਦਾਇਕ ਇਨਸਾਨ ਭਾਰਤ ਨੇ ਕਦੇ ਕਦੇ ਹੀ ਪੈਦਾ ਹੁੰਦੇ ਹਨ ਜਿਨ੍ਹਾਂ ਨੇ ਮਾਨਵਤਾ ਦਾ ਸਿਰ ਉੱਚਾ ਕੀਤਾ ਹੈ।

# ਨਵੇਂ ਕਾਨੂੰਨ ਤੋਂ ਭਾਰਤੀ ਮੁਸਲਮਾਨਾਂ ਨੂੰ ਡਰਨ ਦੀ ਲੋੜ ਨਹੀਂ'- ਸ਼ਾਹੀ ਇਮਾਮ

ਨਵੀਂ ਦਿੱਲੀ- ਦੇਸ਼ ਦੀ ਰਾਜਧਾਨੀ 'ਚ ਨਾਗਰਿਕਤਾ ਕਾਨੂੰਨ ਖ਼ਿਲਾਫ਼ ਜਾਰੀ ਪ੍ਰਦਰਸ਼ਨ ਵਿਚਕਾਰ ਦਿੱਲੀ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਸੈਈਦ ਅਹਿਮਦ ਬੁਖਾਰੀ ਦਾ ਅਹਿਮ ਬਿਆਨ ਆਇਆ ਹੈ। ਉਨ੍ਹਾਂ ਕਿਹਾ ਕਿ ਨਾਗਰਕਿਤਾ ਸੋਧ ਕਾਨੂੰਨ ਤੇ ਰਾਸ਼ਟਰੀ ਨਾਗਰਕਿਤਾ ਰਜਿਸਟਰ 'ਚ ਫ਼ਰਕ ਹੈ। ਨਾਲ ਹੀ ਕਿਹਾ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਤਾਂ ਬਣ ਗਿਆ ਹੈ ਪਰ ਐੱਨਆਰਸੀ ਕਾਨੂੰਨ ਨਹੀਂ ਬਣਿਆ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਵਿਰੋਧ ਪ੍ਰਦਰਸ਼ਨ ਕਰਨਾ ਸਾਡਾ ਅਧਿਕਾਰ ਹੈ ਤੇ ਸਾਨੂੰ ਇਸ ਨਾਲ ਕੋਈ ਵੱਖ ਨਹੀਂ ਕਰ ਸਕਦਾ। ਇਸ ਨਾਲ ਹੀ ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਇਹ ਨਸੀਹਤ ਦਿੱਤੀ ਹੈ ਕਿ ਪ੍ਰਦਰਸ਼ਨ ਦੌਰਾਨ ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖਣ। ਗੌਰਤਲਬ ਹੈ ਕਿ ਮੰਗਲਵਾਰ ਨੂੰ ਪੂਰਬੀ ਦਿੱਲੀ ਦੇ ਦਰਿਆਗੰਜ, ਜਾਫਰਾਬਾਦ, ਤੇ ਸੀਲਮਪੁਰ ਸਮੇਤ ਅੱਧਾ ਦਰਜ਼ਨ ਇਲਾਕਿਆਂ 'ਚ ਵਿਰੋਧ ਪ੍ਰਦਰਸ਼ਨ ਹਿੰਸਕ ਹੋ ਗਿਆ ਸੀ। ਇਸ ਦੌਰਾਨ 20 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ ਤਾਂ ਕਈ ਵਾਹਨਾਂ 'ਚ ਵੀ ਭੰਨ-ਤੋੜ ਕੀਤੀ ਗਈ।

### ਪਿੱਛੇ ਹਟਣ ਦਾ ਸਵਾਲ ਹੀ ਨਹੀਂ : ਸ਼ਾਹ

ਨਾਗਰਿਕਤਾ (ਸੋਧ) ਐਕਟ ਖ਼ਿਲਾਫ਼ ਦੇਸ਼ ਵਿਆਪੀ ਰੋਸ ਦੇ ਬਾਵਜੂਦ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਇਸ ਨੂੰ ਲਾਗੂ ਕਰਨ ਤੋਂ ਪਿੱਛੇ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਇਹ ਯਕੀਨੀ ਬਣਾਏਗੀ ਕਿ ਪਾਕਿਸਤਾਨ, ਅਫ਼ਗਾਨਿਸਤਾਨ ਤੇ ਬੰਗਲਾਦੇਸ਼ ਦੇ ਗ਼ੈਰ-ਮੁਸਲਿਮ ਸ਼ਰਨਾਰਥੀਆਂ ਨੂੰ ਨਾਗਰਿਕਤਾ ਮਿਲੇ ਤੇ ਉਹ ਭਾਰਤ 'ਚ ਸ਼ਾਨ ਨਾਲ ਰਹਿ ਸਕਣ। ਸ਼ਾਹ ਨੇ ਐਕਟ ਦੇ ਵਿਰੁੱਧ ਜਾਣ ਵਾਲਿਆਂ ਨੂੰ ਚੁਣੌਤੀ ਦਿੰਦਿਆਂ ਕਿਹਾ 'ਜਿੰਨਾ ਵਿਰੋਧ ਕਰਨਾ ਹੈ ਕਰ ਲਓ, ਕੁਝ ਵੀ ਹੋ ਜਾਵੇ, ਮੋਦੀ ਸਰਕਾਰ ਆਪਣੇ ਰੁਖ਼ 'ਤੇ ਕਾਇਮ ਹੈ ਤੇ ਇਨ੍ਹਾਂ ਧਰਮਾਂ ਦੇ ਸ਼ਰਨਾਰਥੀਆਂ ਨੂੰ ਭਾਰਤੀ ਨਾਗਰਿਕਤਾ ਦੇਵੇਗੀ।' ਗ੍ਰਹਿ ਮੰਤਰੀ ਨੇ ਕਿਹਾ ਕਿ ਕੋਈ ਭਾਰਤੀ ਇਸ ਐਕਟ ਕਾਰਨ ਆਪਣੀ ਨਾਗਰਿਕਤਾ ਨਹੀਂ ਗੁਆਵੇਗਾ। ਕਾਨੂੰਨ ਧਰਮ ਦੇ ਆਧਾਰ 'ਤੇ ਜਬਰ-ਜ਼ੁਲਮ ਸਹਿਣ ਵਾਲੀਆਂ ਗੁਆਂਢੀ ਮੁਲਕ ਦੀਆਂ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇਣ ਲਈ ਬਣਾਇਆ ਗਿਆ ਹੈ। ਸ਼ਾਹ ਨੇ ਸਵਾਲ ਕੀਤਾ ਕਿ ਜੇ ਹਿੰਦੂ, ਸਿੱਖ ਤੇ ਹੋਰ ਭਾਰਤ ਨਹੀਂ ਆ ਸਕਣਗੇ ਤਾਂ ਹੋਰ ਕਿੱਥੇ ਜਾਣਗੇ? ਉਨ੍ਹਾਂ ਵਿਰੋਧ ਕਰ ਰਹੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਇਸ ਨੂੰ ਚੰਗੀ ਤਰ੍ਹਾਂ ਪੜ੍ਹਨ ਤੇ ਇਸ ਦਾ ਅਰਥ ਸਮਝਣ।

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵਾਂ ਸਾਲ 2020, 31 ਦਸੰਬਰ 2019 ਨੂੰ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵਾਂ ਸਾਲ 2020, 31 ਦਸੰਬਰ 2019 ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਓ ਇਸ ਨਵਾਂ ਸਾਲ 2020 ਦੀ ਸ਼ੁਰੂਆਤ ਵਿਚ ਆਪਾਂ ਸਭ ਲਈ ਪਿਆਰ, ਸਤਿਕਾਰ, ਖੁਸ਼ਹਾਲੀ, ਤੰਦਰੁਸਤੀ ਅਤੇ ਇਤਫਾਕ ਲਈ ਅਰਦਾਸ ਕਰੀਏ। ਇਸ ਮੌਕੇ ਗਿਆਨੀ ਭੁਪਿੰਦਰ ਸਿੰਘ ਜੀ, ਗਿਆਨੀ ਓਮਪਾਲ ਸਿੰਘ ਜੀ ਅਤੇ ਹੋਰ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਇਲਾਵਾ ਨਵੇਂ ਸਾਲ 2020 ਦੀ ਲੋਹੜੀ 13 ਜਨਵਰੀ ਨੂੰ ਮਨਾਈ ਜਾਵੇਗੀ ਅਤੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 643ਵਾਂ ਗੁਰਪੁਰਬ ਦਿਹਾੜਾ 9 ਫਰਵਰੀ 2020 ਨੂੰ ਮਨਾਇਆ ਜਾਵੇਗਾ, ਜਿਸ ਸਬੰਧਤ ਵਧੇਰੇ ਜਾਣਕਾਰੀ ਅਗਲੇਰੇ ਅੰਕਾਂ ਵਿਚ ਪੇਸ਼ ਕੀਤੀ ਜਾਵੇਗੀ।

Gurughar is open every day. Sukhmani Sahib path/ Akhand Path and Langar sewa is hosted by Sangat or some devotee every Sunday, followed by Guru Ka Kirtan. Please come and join us in the Sunday Diwan.

"NANAK NAM CHARDI KALA TERE BHANE SARBAT DA BHALA"

Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabu | Dharam Pal Chonkria | Vinod Kumar |

# TANDOOR
Indian Restaurant

27167 Mission Blvd. Hayward, CA 95544





ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM




Shashi Paul (707)372-5657, Ramesh Suman (925)366-3618
Anoop Singh Cheema (925)250-4546, Ricky Pal (925)329-1954

**Tickets can be purchased at:**

Chicago Pizza, 2961 Railroad Ave, Pittsburg, CA - (925) 473-9000
Spice of India, 3739 Railroad Ave Pittsburg, CA - (925) 432-6826
Dass Sweets, 309 H Street, Antioch, CA - (925) 754-3277
Apna Bazaar , 101 Railroad Ave, Antioch, CA - (925) 778-7860




# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ

## ਤੀਸਰਾ ਸਾਲਾਨਾ ਖਾਲਸਾ ਦਰਬਾਰ

25 ਦਸੰਬਰ, 2019 ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਨਗੇ। ਆਪ ਸਭ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦਿੱਤੇ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਸਾਹਿਬ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

### ਪ੍ਰੋਗਰਾਮ

| | | | |
|---|---|---|---|
| ਭਾਈ ਸੁਰਜੀਤ ਸਿੰਘ ਮਜ਼ਬੂਰ | ਸਵੇਰੇ 10 ਵਜੇ ਤੋਂ ਸਵੇਰੇ 10.45 | ਭਾਈ ਅੰਮ੍ਰਿਤ ਪਾਲ ਸਿੰਘ ਜੀ | ਦੁਪਹਿਰ 1.45 ਤੋਂ ਬਾਅਦ ਦੁਪਹਿਰ 2.30 ਵਜੇ ਤੱਕ |
| ਭਾਈ ਹਰਚਰਨ ਸਿੰਘ ਖਾਲਸਾ | ਸਵੇਰੇ 10.45 ਤੋਂ ਸਵੇਰੇ 11.30 | ਭਾਈ ਹਰਚਰਨ ਸਿੰਘ ਖਾਲਸਾ | ਬਾਅਦ ਦੁਪਹਿਰ 2.30 ਵਜੇ ਤੋਂ ਬਾਅਦ ਦੁਪਹਿਰ 3.15 ਵਜੇ ਤੱਕ |
| ਭਾਈ ਅੰਮ੍ਰਿਤ ਪਾਲ ਸਿੰਘ ਜੀ | ਸਵੇਰੇ 11.30 ਤੋਂ ਦੁਪਹਿਰ 12.15 ਵਜੇ ਤੱਕ | ਭਾਈ ਨਿਰੰਜਣ ਸਿੰਘ ਜੀ | ਬਾਅਦ ਦੁਪਹਿਰ 3.15 ਵਜੇ ਤੋਂ ਸ਼ਾਮੀ 4 ਵਜੇ ਤੱਕ |
| ਡਾ. ਮਨਪ੍ਰੀਤ ਸਿੰਘ ਜੀ | ਦੁਪਹਿਰ 12.15 ਤੋਂ ਦੁਪਹਿਰ 1 ਵਜੇ ਤੱਕ | ਡਾ. ਮਨਪ੍ਰੀਤ ਸਿੰਘ ਜੀ | ਸ਼ਾਮੀ 4 ਵਜੇ ਤੋਂ ਸ਼ਾਮੀ 5 ਵਜੇ ਤੱਕ |
| ਭਾਈ ਨਿਰੰਜਣ ਸਿੰਘ ਜੀ | ਦੁਪਹਿਰ 1 ਵਜੇ ਤੋਂ ਦੁਪਹਿਰ 1.24 ਵਜੇ ਤੱਕ | | |



# Messages # Pratham Dhanvad Samagam



On the auspicious occasion of the celebration of the 550th Prakash Purv of Guru Nanak Dev, Desh Doaba is organizing "Pratham Dhanbad Samagam" on December 21, 2019. Desh Doaba and Ambedkar Times are the two well established weekly newspapers. Both of these papers have been single handedly managed and continuously published by Prem K. Chumber, Editor-in-Chief for the last many years. Their contributions towards the dissemination of valuable information for the betterment of the Punjabi Society in general and the dysphoric Dalit Samaj in particular is praiseworthy. I wish them many more new heights in their endeavors!!

**Prof (Dr) Ronki Ram**
**Shaheed Bhagat Singh Chair Professor of Political science,**
**Panjab University, Chandigarh (India)**



I am happy to learn that the Desh Doaba is hosting "Pratham Dhanvad Samagam" on December 21, 2019 in commemoration of the 550th Parkash Divas of Guru Nanak DevJi, a harbinger of brotherhood and humanity. It is matter of gratification to say that the well circulated Desh Doaba has been contributing positively, in its own way, to uphold the rich ideals of the philosophy and mission of the great Guru in bringing about peace and harmony among the communities and the society at large. I take this opportunity to wish the Samagam a great success and convey my best wishes for the further success and prosperity of the Desh Doaba.

(**Ambassador Ramesh Chander)**
**I.F.S. (Retired)**
*A -72, Silver Residency Apartments, (near TV Tower) KhurlaKingra, Nakodar Road, JALANDHAR (Punjab) Tele: +919988510940 E-mail: rc2345@yahoo.com*



I was immensely pleased to see your invitation celebrating the "DESH DOABA PRATHAM DHANVAD SAMAGAM" on December 21st, 2019 in Hayward (California). This will be a downright recognition of your dedicated efforts and hard work to bring this publication to the level of a regular periodical. Hearty Congratulations with best wishes for continued success of your perseverance and professional journalism. It has been my pleasure to be a regular reader of the esteemed columns of Desh Doaba and Ambedkar Times ever since their foundation.

I shall try my best to join the festivities of the occasion.

It is also an added pleasure to know from your conversation that Dr. Ronki Ram has again assumed the office of DEAN in the faculty of Arts, Punjab University, Chandigarh, India. I hereby convey my congratulations to Dr. Ronki Ram Ji through these lines with best wishes for an other successful tenure in this dignified position.

**With due regards**
**- O.P. Balley**
**General Secretary, Supreme Council Sri Guru Ravidass Sabhas, USA**

## AMBEDKARTIMES.COM takes pride in congratulating Honorable Prof (Dr) Ronki Ram, Shaheed Bhagat Singh Chair Professor of Political Science, Panjab University, Chandigarh

It is great honour and pleasure for all of us (the forums of Ambedkartimes. com and Deshdoaba.com) to share with our esteemed readers and supporters that Prof (Dr) Ronki Ram, Shaheed Bhagat Singh Chair Professor of Political Science, Panjab University, Chandigarh today got elected Dean of the Faculty of Arts for the 5th times.

**Prem K.Chumber,**










# Buying or Selling any Business? Call Now 916-271-5404

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY $1500/mo.
Listing Price to $139,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA




5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory




Coffee Shop for Sale
Monthly Gross Sales: $25,000
Listing Price: $150,000




4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA




5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA




3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA




BERKSHIRE HATHAWAY
Home Services
Elite Real Estate

# OFFICE: 7412 ELSIE AVE., SACRAMENTO, CA 95828

# ਕਰਮਨ ਸ਼ਹਿਰ ਦੀ ਕ੍ਰਿਸਮਿਸ ਪਰੇਡ ’ਤੇ ਸਿੱਖ ਭਾਈਚਾਰੇ ਨੇ ਲਾਏ ਲੰਗਰ

**ਕਰਮਨ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕੈਲੀਫੋਰਨੀਆਂ ਦੇ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਉੱਥੋਂ ਸਿਟੀ ਪ੍ਰਬੰਧਕਾਂ ਵੱਲੋਂ ਸਮੁੱਚੇ ਸਥਾਨਿਕ ਭਾਈਚਾਰੇ ਦੇ ਸਹਿਯੋਗ ਨਾਲ ਬੀਤੇ ਦਿਨੀ ਰਾਤ ਨੂੰ ਸਲਾਨਾ ਪਰੇਡ ਕੀਤੀ ਗਈ। ਜਿਸ ਦੀ ਰਸਮੀ ਸੁਰੂਆਤ ਸਿਟੀ ਹਾਲ ਤੋਂ ਹੋਈ ਅਤੇ ਇਕ ਵੱਡੇਕ੍ਰਿਸਮਿਸ ਦੇ ਦਰੱਖਤ ਦੀਆ ਲਾਈਟਾ ਚਲਾ ਰੋਸ਼ਨੀ ਕਰਦੇ ਹੋਏ ਸਮੁੱਚੇ ਕ੍ਰਿਸ਼ਚੀਅਨ ਭਾਈਚਾਰੇ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਉਪਰੰਤ ਸਿਟੀ ਦੇ ਵੱਖ-ਵੱਖ ਵਿਭਾਗਾਂ ਤੋਂ ਵਿਲਾਵਾ, ਨਿੱਜੀ ਕੰਪਨੀਆਂ, ਸਟੋਰਾਂ ਅਤੇ ਸੰਸਥਾਵਾਂ ਦੇ ਲਾਈਟਾ ਅਤੇ ਝਾਕੀਆਂ ਆਦਿਕ ਨਾਲ ਬਹੁਤ ਸਾਰੇ ਸਜੇ ਫਲੋਟ ਸੜਕ ਦੇ ਦੋਨੋ ਪਾਸੇ ਬੈਠੇ ਲੋਕਾਂ ਦੀ ਖਿੱਚ ਦਾ ਕੇਂਦਰ ਰਹੇ। ਇਸ ਪਰੇਡ ਵਿੱਚ ਪਹਿਲੀ ਵਾਰ ਪੰਜਾਬੀ ਸਿੱਖ ਭਾਈਚਾਰੇ ਵੱਲੋਂ ਸਿੱਖ ਪਹਿਚਾਣ ਦੀ ਗੱਲ ਕਰਦਾ ਅਤੇ ਕ੍ਰਿਸਮਿਸ ਦੀਆ ਛੁੱਟੀਆਂ




ਦੌਰਾਨ ਸਮੁੱਚੇ ਭਾਈਚਾਰੇ ਨੂੰ ਮੁਬਾਰਕਬਾਦ ਦਿੰਦਾ ਆਪਣਾ ਫਲੋਟ ਸਾਮਲ ਕੀਤਾ। ਇਸੇ ਦੌਰਾਨ ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ ਨੂੰ ਸਮਰਪਿਤ 1000 ਦੇ ਕਰੀਬ ਖਾਣੇ ਦੇ ਡੱਬੇ ਅਤੇ ਪਾਣੀ ਆਦਿਕ ਦੇ ਲੰਗਰ ਲਾਏ ਗਏ ਅਤੇ ਬੱਚਿਆ ਲਈ ਖਡੋਣੇ ਵੀ ਵੰਡੇ ਗਏ। ਹਰ ਖਾਣਾ ਪ੍ਰਾਪਤ ਕਰਨ ਵਾਲੇ ਨੂੰ



ਖਾਣੇ ਦੇ ਡੱਬੇ ਦੇ ਨਾਲ ਸਿੱਖਾਂ ਦੀ ਪਹਿਚਾਣ ਅਤੇ ਇਤਿਹਾਸ ਦੀ ਜਾਣਕਾਰੀ ਦਿੰਦਾ ਇੰਗਲਿਸ ਵਿੱਚ ਛਪਿਆ ਪੈਫਲਿਟ (ਪਰਚਾ) ਦਿੱਤਾ ਗਿਆ। ਬੇਸੱਕ ਇੱਥੋ ਦੇ ਮੈਕਸੀਕਨ ਮੂਲ ਦੀ ਬਹੁ-ਗਿਣਤੀ ਸਪੈਨਿਸ ਭਾਸ਼ਾ ਦੇ ਜਾਣਕਾਰ ਹਨ। ਜੋ ਕਿ ਆਮ ਤੋਰ ’ਤੇ ਪੰਜਾਬੀ ਭਾਈਚਾਰੇ ਅਤੇ ਸਿੱਖ ਪਹਿਚਾਣ ਤੋਂ ਚੰਗੀ ਤਰ੍ਹਾਂ ਜਾਣੂ ਵੀ ਹਨ। ਪਰ ਸਿੱਖ ਇਤਿਹਾਸ ਦੀ ਜਾਣਕਾਰੀ ਦੇਣ ਵਿੱਚ ਇਹ ਵੰਡਿਆਂ ਗਿਆ ਪੇਪਰ ਸਹਾਈ ਹੋਵੇਗਾ। ਇਸ ਪਰੇਡ ਵਿੱਚ ਸੇਵਾਦਾਰਾਂ ਤੋਂ ਇਲਾਵਾ ਬਹੁਤੇ ਸਥਾਨਿਕ ਪੰਜਾਬੀ ਭਾਈਚਾਰੇ ਦੀ ਸ਼ਮੂਲੀਅਤ ਨਜ਼ਰ ਨਹੀਂ ਆਈ। ਪਰ ਗੁਰੂ ਨਾਨਕ ਦੇਵ ਜੀ ਦੇ ਇਸ ਮਿਸ਼ਨ ਦੀ ਸੁਰੂਆਤ ਹੋਣ ’ਤੇ ਸਥਾਨਿਕ ਲੋਕਾਂ ਵਿੱਚ ਚੰਗੀ ਪ੍ਰਸੰਸਾ ਹੋਈ। ਜਿਸ ਬਾਰੇ ਬੋਲਦੇ ਹੋਏ ਕਰਮਨ ਸ਼ਹਿਰ ਦੇ ਪੁਲੀਸ ਮੁੱਖੀ ਮਿਸਟਰ ਜਾਨ ਗੋਲਡਨ (Mr. John Golden) ਨੇ ਵੀ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ। ਇਸ ਨਾਨਕ ਮਿਸ਼ਨ ਨੂੰ ਅੱਗੇ ਤੋਰਨ ਵਿੱਚ ਵਿਰਸਾ ਫਾਊਡੇਸ਼ਨ ਦੇ ਮੈਂਬਰਾਂ ਨੇ ਸੇਵਾ ਨਿਭਾਈ। ਅੰਤ ਸਮੁੱਚੇ ਅਮਰੀਕਨ ਭਾਈਚਾਰੇ ਵਿੱਚ ਖੁਸ਼ੀਆਂ ਵੰਡਦੀ ਇਹ ਸਲਾਨਾ ਪਰੇਡ ਯਾਦਗਾਰੀ ਹੋ ਨਿੱਬੜੀ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੀ 20ਵੇਂ ਮੇਲੇ ਦੇ ਸਬੰਧੀ ਹੋਈ ਅਹਿਮ ਇਕੱਤਰਤਾ

## ਕਾਲੇ ਪਾਣੀ ਦੇ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ 20ਵਾਂ ਮੇਲਾ

**ਫਰਿਜ਼ਨੋਂ (ਕੁਲਵੀਰ ਹੇਅਰ)-** ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੇ ਅਹੁਦੇਦਾਰਾਂ ਅਤੇ ਸਹਿਯੋਗੀਆਂ ਦੀ ਇਕ ਅਹਿਮ ਮੀਟਿੰਗ ਫੋਰਮ ਦੇ ਮੋਡੀ ਆਗੂ ਜਸਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਕਰਵਾਏ ਜਾ ਰਹੇ ਹਨ 20ਵੇਂ ਮੇਲੇ ਦੀਆਂ ਤਿਆਰੀਆਂ ਸਬੰਧੀ ਵਿਚਾਰਾਂ ਹੋਈਆਂ ਅਤੇ ਮੇਲੇ ਦੇ ਪ੍ਰਬੰਧਾਂ ਦੀਆਂ ਵੱਖ ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।



ਮੀਟਿੰਗ ਉਪਰੰਤ ਜਸਵੰਤ ਸਿੰਘ ਮਾਨ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ 20ਵਾਂ ਮੇਲਾ ਕਾਲੇ ਪਾਣੀ ਅਤੇ ਦੇਸ਼ ਦੇ ਹੋਰ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ।ਪਿਛਲੇ ਸਾਲ ਦੀ ਤਰਾਂ ਇਹ ਮੇਲਾ ਵੀ ਸੈਂਟਰਲ ਹਾਈ ਸਕੂਲ 3535 ਨੋਰਥ ਕੋਰਨੀਲੀਆ (ਫਰਿਜ਼ਨੋਂ) ਵਿਖੇ 29 ਮਾਰਚ 2020, ਦਿਨ ਐਤਵਾਰ ਦੁਪਿਹਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।

ਇਸ ਮੇਲੇ ਦੌਰਾਨ ਉੱਚ ਕੋਟੀ ਦੇ ਬੁਲਾਰੇ ਅਤੇ ਬੁੱਧੀਜਵੀ ਆਪਣੇ ਵਿਚਾਰ ਪੇਸ਼ ਕਰਨਗੇ, ਲੋਕ ਗਾਇਕ ਸ਼ਹੀਦਾਂ ਦੀ ਸ਼ਹਾਦਤ ਦਾ ਬ੍ਰਿਤਾਂਤ ਸੰਗੀਤਕ ਵੰਨਗੀਆਂ ਵਿਚ ਪੇਸ਼ ਕਰਨਗੇ। ਬੱਚਿਆਂ ਵਲੋਂ ਗੀਤ, ਕਵਿਤਾ, ਗਿੱਧਾ, ਭੰਗੜਾ ਆਦਿ ਦਾ ਪ੍ਰੋਗਰਾਮ ਪੇਸ਼ ਹੋਵੇਗਾ। ਮੀਟਿੰਗ ਦੌਰਾਨ ਬੀਤੇ ਸਮੇਂ ਵਿਚ ਹੋਏ ਹਰ ਮੇਲੇ ਵਿਚ ਸਹਿਯੋਗ ਦੇਣ ਲਈ ਸੈਂਟਰਲ ਵੈਲੀ ਦੇ ਭਾਰਤੀ ਭਾਈਚਾਰੇ ਅਤੇ ਸਾਰੀਆਂ ਸੰਸਥਵਾਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਵਾਰ ਵੀ ਸਭ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਸ. ਮਾਨ ਨੇ ਦੱਸਿਆ ਕਿ ਮੇਲੇ ਵਿਚ ਬੱਚਿਆਂ ਵਲੋਂ ਖਾਸ ਪ੍ਰੋਗਰਾਮ ਹੋਵੇਗਾ ਜਿਸ ਦੌਰਾਨ ਕੋਈ ਵੀ ਬੱਚਾ ਹਿੱਸਾ ਲੈ ਸਕਦਾ ਹੈ।ਇਸ ਮੀਟਿੰਗ ਵਿਚ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪੋ ਆਪੇ ਵਿਚਾਰ ਸਾਂਝੇ ਕੀਤੇ।ਹੋਰ ਜਾਣਕਾਰੀ ਲਈ ਸੰਸਥਾ ਨਾਲ 559-618-0156, 559-287-0822 ਤੇ ਸੰਪਰਕ ਕੀਤਾ ਜਾ ਸਕਦਾ ਹੈ।



ਸ਼੍ਰੋਮਣੀ ਕਵੀ ਜਨਾਬ ਆਜ਼ਾਦ ਜਲੰਧਰੀ ਜੀ ਨੂੰ ਅਦਾਰਾ ’’ਦੇਸ਼ ਦੁਆਬਾ’’ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਇੰਡੋ-ਯੂਸ ਮੰਚ ਦੇ ਮੁੱਖ ਸੰਪਾਦਕ ਸ. ਜਸਵੀਰ ਸਿੰਘ ਤੱਖਰ ਅਤੇ ਉਘੇ ਸਮਾਜ ਸੇਵੀ ਸ. ਸੁਦੇਸ਼ ਸਿੰਘ ਅਟਵਾਲ ਦੇਸ਼ ਦੁਆਬਾ ਵੱਲੋਂ ਕਰਵਾਏ ਜਾ ਰਹੇ ’ਪ੍ਰਥਮ ਧੰਨਵਾਦ ਸਮਾਗਮ’ ਦਾ ਸੱਦਾ ਪੱਤਰ ਉਹਨਾਂ ਦੇ ਗ੍ਰਹਿ ਵਿਖੇ ਦਿੰਦੇ ਹੋਏ। (ਫੋਟੋ ਦੇਸ਼ ਦੁਆਬਾ)



ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੇਫੋਰਨੀਆ) ਦੀ 2020 ਨੂੰ ਹੋਣ ਜਾ ਰਹੀਆਂ ਚੋਣਾਂ ਲਈ ਵੋਟਾਂ ਬਣਾ ਰਹੀ ਸੰਗਤ ਦੀ ਇਕ ਝਲਕ, ਜਿਸ ਵਿਚ ਉਘੇ ਬਿਜਨਸਮੈਨ ਸ ਭੁਪਿੰਦਰ ਸਿੰਘ ਪਰਮਾਰ ਵੀ ਨਜਰ ਆ ਰਹੇ ਹਨ। (ਫੋਟੋ ਦੇਸ਼ ਦੁਆਬਾ)



ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੇਫੋਰਨੀਆ) ਵਿਖੇ ਗਰੀਬ, ਬੇਸਹਾਰਾ, ਜ਼ਰੂਰਤਮੰਦ ਲੋਕਾਂ ਲਈ ਕੰਬਲ ਆਦਿ ਇਕੱਠੇ ਕਰਦੀਆਂ ਮਾਣਯੋਗ ਬੀਬੀਆਂ। (ਫੋਟੋ ਦੇਸ਼ ਦੁਆਬਾ)



ਪਿਛਲੇ ਦਿਨੀਂ ਮੈਕਸੀਕਨ ਮੂਲ ਦੇ ਕੇਵਿਨ ਦੇ 11 ਸਾਲਾ ਬੱਚੇ ਦੇ ਸਸਕਾਰ ਕਰਨ ਲਈ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਬਹੁਤ ਸਾਰੀਆਂ ਸਮਾਜ ਸੇਵੀ ਸ਼ਖਸੀਅਤਾਂ ਧਨ ਰਾਸ਼ੀ ਇਕੱਤਰ ਕਰਦੀਆਂ ਹੋਈਆਂ, ਜਿਹਨਾਂ ਖੁਦ ਵੀ ਯੋਗਦਾਨ ਪਾਇਆ। ਉਹਨਾਂ ਵਿਚ ਸਰਵ ਸ੍ਰੀ ਮੱਖਣ ਸਿੰਘ ਬੈਂਸ (ਰਾਜਾ ਸਵੀਟਸ ਐਂਡ ਕੇਟਰਿੰਗ ਵਾਲੇ), ਜਸਵੀਰ ਸਿੰਘ ਤੱਖਰ (ਏ. ਏ. ਏ. ਆਟੋ ਬਾਡੀ ਵਰਕਸ ਵਾਲੇ), ਦੁਆਬਾ ਇੰਸ਼ੋਰੈਂਸ ਵਾਲੇ ਗੁਰਚਰਨ ਸਿੰਘ ਮਾਨ, ਸਿਟੀ ਕੌਂਸਲ ਮੈਂਬਰ ਗੈਰੀ ਸਿੰਘ ਜੀ। (ਫੋਟੋ ਦੇਸ਼ ਦੁਆਬਾ)

# ਚਮਕੌਰ ਦਾ ਯੁੱਧ (21-23 ਦਸੰਬਰ 1704)



ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਲਈ 11 ਨਵੰਬਰ, 1675 ਨੂੰ ਸ਼ਹੀਦੀ ਪਾਈ। ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਸੰਭਾਲਦਿਆਂ, ਕੌਮ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਨ ਲਈ 1699 ਵਿਚ ਖਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜ਼ਾਦੀ ਤੇ ਪਹਿਰਾ ਦਿੱਤਾ। ਗੁਰੂ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈਭੀਤ ਸਨ। ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਖੂਨੀ ਇਰਾਦਾ ਸੀ। ਅਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਤੰਗ ਆ ਚੁੱਕੇ ਸਨ। ਅਨੰਦਗੜ੍ਹ ਦਾ ਕਿਲਾ ਖਾਲੀ ਕਰਵਾਉਣ ਲਈ ਫੌਜ ਨੂੰ ਸਿਖਾਈ ਦਿੱਤੀ ਗਈ। ਗੁਰੂ ਜੀ ਕਿਲੇ ਵਿਚ ਡਟੇ ਰਹੇ। ਲੰਮੀ ਉਡੀਕ ਤੋਂ ਬਾਅਦ ਵੈਰੀ ਮਕਾਰੀ ਤੇ ਉਤਰ ਆਏ। ਉਹਨਾਂ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਜੀ ਅਨੰਦਪੁਰ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਜੀ ਨੇ 20 ਦਸੰਬਰ, 1704 ਦੀ ਸਰਦ ਰਾਤ ਨੂੰ 400 ਸਿੰਘਾਂ ਨਾਲ ਅਨੰਦਪੁਰ ਛੱਡ ਦਿੱਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿਆਲ ਦੀ ਕਕਰੀਲੀ ਤੂਫਾਨੀ 20-21 ਦਸੰਬਰ ਵਿਚਲੀ ਰਾਤ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਿਰਸਾ ਨਦੀ ਤੇ ਘਮਸਾਨ ਦਾ ਯੁੱਧ ਹੋਇਆ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਫੌਜ ਦਾ ਰਾਹ ਰੋਕਦੇ ਲੜਦੇ ਰਹੇ। ਬਾਕੀਆਂ ਨੂੰ ਸਿਰਸਾ ਪਾਰ ਭੇਜਦੇ ਰਹੇ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਯੁੱਧ ਵਿਚ ਡਟੇ ਰਹੇ। ਮੁਗਲ ਗਿਣਤੀ ਵਿਚ ਬਹੁਤ ਸਨ ਤਾਂ ਇਸ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। ਇਸ ਅਸਥਾਨ ਤੇ ਇਹਨਾਂ ਦੀ ਯਾਦਗਾਰ ਬਣੀ ਹੈ। ਗੁਰੂ ਜੀ ਦਾ ਪਰਿਵਾਰ ਵੀ ਵਿੱਛੜ ਗਿਆ, ਉਥੇ ਗੁਰਦੁਆਰਾ 'ਪ੍ਰਵਾਰ ਵਿਛੋੜਾ' ਸੁਸ਼ੋਭਿਤ ਹੈ। ਸਿਰਸਾ ਤੋਂ ਪਾਰ ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ ਤੇ ਰੋਪੜ ਵੱਲ ਚੱਲ ਪਏ। ਰੋਪੜ ਦੇ ਕੋਲ ਜਾ ਠਹਿਰ ਬਣਾਈ।

ਚੌਧਰੀ ਬੁਧੀਚੰਦ ਜ਼ਿੰਮੀਦਾਰ ਨੇ ਕਿਹਾ ਗੁਰੂ ਜੀ ਵੈਰੀ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਜੀ ਇਸ ਉੱਚੀ ਹਵੇਲੀ ਕੱਚੀ ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇੱਥੇ ਖ਼ਾਲਸੇ ਦੇ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਲਿਖਿਆ ਜਾਣਾ ਹੈ। ਹੁਣ ਫੈਸਲਾਕੁੰਨ ਯੁੱਧ ਸੰਭਵ ਹੈ। ਗੁਰੂ ਜੀ ਨੇ ਆਪਣੀ ਰਣਨੀਤੀ ਦੀ ਸੂਝ ਨਾਲ ਕੱਚੀ ਗੜ੍ਹੀ ਨੂੰ ਫੌਜੀ ਕਿਲੇ ਦਾ ਰੂਪ ਦੇ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਨਾਲ ਲੱਗਦੇ ਮੈਦਾਨਾਂ ਵਿਚ ਪਹੁੰਚ ਗਈਆਂ। ਇਕ ਪਾਸੇ ਗੁਰੂ ਜੀ ਨਾਲ ਲੰਮੇ ਯੁੱਧਾਂ ਦੇ ਸਤਾਏ ਭੁੱਖਣ ਭਾਣੇ 40 ਸਿੰਘ ਸਨ, ਦੂਸਰੇ ਪਾਸੇ ਸਿਖਲਾਈ ਪ੍ਰਾਪਤ ਵੈਰੀ ਦੀ ਗੁਰੂ ਜੀ ਦੇ ਕਥਨ ਅਨੁਸਾਰ 10 ਲੱਖ ਫੌਜ, ਜੋ ਨਵਾਬ ਵਜੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਜੀ ਨੇ ਇੱਥੋਂ ਤੀਰਾਂ ਦੀ ਬੁਛਾੜ ਨਾਲ ਯੁੱਧ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ, ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਦੀ ਕਿਸੇ ਨੇ ਹਿੰਮਤ ਨਹੀਂ ਕੀਤੀ। ਗੁਰੂ ਜੀ ਨੇ ਕਿਹਾ ਕਿ ਫੌਜੀ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਦੀਵਾਰ ਨਾਲ ਪੌੜੀ ਲਗਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ, ਗੁਰੂ ਜੀ ਨੇ ਤੀਰ ਨਾਲ ਉਸਨੂੰ ਮਾਰ ਮੁਕਾਇਆ। ਫਿਰ ਗਨੀਖਾਨ ਅੱਗੇ ਆਇਆ ਗੁਰੂ ਜੀ ਨੇ ਉਸਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀ ਫੌਜ ਭੈਭੀਤ ਹੋ ਗਈਆਂ। ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇਕੋ ਹੱਲੇ ਨਾਲ ਕੱਚੀ ਗੜ੍ਹੀ ਸਰ ਕਰ ਲਈ ਜਾਵੇ ਤਾਂ ਜੋ ਫੈਸਲਾਕੁੰਨ ਯੁੱਧ ਲੜਿਆ ਜਾ ਸਕੇ।

ਤਦ ਜਰਨੈਲ ਹਦਾਇਤ ਖਾਂ, ਇਜ਼ਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਜਹਾਨ ਖਾਂ, ਅਸਲਮ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਲ ਵਧੀਆਂ।

ਗੁਰੂ ਜੀ ਬਾਹਰ ਦਾ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉੱਚੀ ਮਮਟੀ ਤੇ ਚਲੇ ਗਏ। ਦੋਵੇਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ ਗੜ੍ਹੀ ਦੇ ਮੁੱਖ ਦੁਆਰ 'ਤੇ ਤਾਇਨਾਤ ਸਨ। ਤਲਵਾਰ, ਤੀਰ, ਨੇਜ਼ੇ, ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀ ਕਲਾ ਵਿਚ ਸਨ। ਉਹਨਾਂ ਨੂੰ ਮਾਣ ਸੀ ਕਿ ਧਰਮ ਯੁੱਧ ਵਿਚ ਉਹ ਗੁਰੂ ਜੀ ਦੇ ਨਾਲ ਹਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ 1704 ਨੂੰ ਚਮਕੌਰ ਵਿਚ ਉਹ ਯੁੱਧ ਹੋਇਆ ਜੋ ਸੰਸਾਰ ਦੀਆਂ ਮਿਸਾਲੀ ਜੰਗਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੈਰੀ ਦੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਭੇਜਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਯੁੱਧ ਹੋਇਆ। ਖੰਡਾ ਖੜਕਿਆ , ਤੀਰ, ਨੇਜ਼ੇ, ਤਲਵਾਰਾਂ, ਭਾਲੇ ਚੱਲੇ। ਸਰਦੀ ਦੀ ਸਵੇਰ ਵਿਚ ਯੁੱਧ ਦਾ ਮੈਦਾਨ ਮਘ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ੍ਹ ਸੁੱਟਿਆ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਇੰਨਾ ਭਿਆਨਕ ਕਿਵੇਂ ਹੋ ਸਕਦਾ ਹੈ? ਚਮਕੌਰ ਦੀ ਧਰਤੀ ਖੂਨ ਨਾਲ ਰੰਗੀ ਗਈ। ਖੂਨ ਦੇ ਘਾਣ ਮੱਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜ੍ਹਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਵਿਖਾਉਂਦੇ ਪੰਜਾਂ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੂਸਰਾ ਜਥਾ ਮੈਦਾਨ ਵਿਚ ਉਤਾਰਿਆ ਉਹ ਵੀ ਅਨੇਕਾਂ ਦੁਸ਼ਮਣਾਂ ਦਾ ਮੁਕਾਬਲੇ ਕਰਦੇ ਮਾਰ ਮੁਕਾਉਂਦੇ ਸ਼ਹੀਦੀ ਪਾ ਗਿਆ।

ਸਿੰਘ ਜਾਣ ਗਏ ਸਨ ਕਿ ਇੰਨੇ ਵੱਡੇ ਲਾਮ ਲਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸ਼ਚਿਤ ਹਨ। ਉਹਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਕੇ ਫਿਰ ਤਿਆਰ-ਬਰ-ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਯੁੱਧ ਵਿਚ ਜਾਣ ਦੀ ਆਗਿਆ ਮੰਗੀ। ਗੁਰਾਂ ਨੇ ਆਪਣੇ ਹੱਥੀਂ ਸ਼ਸ਼ਤਰ ਦੇ ਕੇ ਅੱਠ ਸਿੰਘਾਂ ਦਾ ਜਥਾ ਨਾਲ ਭੇਜਿਆ।

ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਵਿਚ ਆ ਗਏ। ਵੈਰੀ ਦੀਆਂ ਫੌਜਾਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ। ਬੜੀ ਬੀਰਤਾ ਨਾਲ ਤੀਰਾਂ ਦੇ ਵਾਰ ਕੀਤੇ ਤੇ ਵੈਰੀ ਦੀਆਂ ਛਾਤੀਆਂ ਵਿੰਨ੍ਹ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਸਾਹਮਣੇ ਆਓ। ਵੈਰੀ ਦੇ ਸਿਪਾਹੀ ਆ ਗਏ ਪਰ ਸਾਹਿਬਜ਼ਾਦੇ ਅੱਗੇ ਟਿਕ ਨਾ ਸਕੇ ਅਤੇ ਪਿੱਛੇ ਹਟਦੇ ਗਏ। ਦੁਸ਼ਮਣ ਸਰਦਾਰ ਨੇ ਵਾਰ ਕੀਤਾ, ਘੋੜਾ ਜ਼ਖਮੀ ਹੋ ਗਿਆ। ਪੈਦਲ ਹੀ ਜੰਗ ਜਾਰੀ ਰੱਖੀ। ਉਹ ਇਕੱਲੇ ਪੈ ਗਏ। ਵੈਰੀ ਨੇ ਇਕੋ ਹੱਲੇ ਨਾਲ ਸ਼ਹੀਦ ਕਰ ਦਿੱਤੇ। ਗੁਰੂ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ ਪਰ ਸਾਹਿਬਜ਼ਾਦੇ ਦੇ ਜੌਹਰ ਤੇ ਉਹਨਾਂ ਨੂੰ ਮਾਣ ਸੀ। ਉਹਨਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਹ ਸ਼ਹੀਦੀ ਵੇਖ ਕੇ ਆਪਣਾ ਫਰਜ਼ ਯਾਦ ਆਇਆ। ਉਹਨਾਂ ਨੇ ਗੁਰ ਪਿਤਾ ਤੋਂ ਆਪਣਾ ਫਰਜ਼ ਨਿਭਾਉਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਦੇ ਯੁੱਧ ਵਿਚ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਯੁੱਧ ਵਿਚ ਜਾ ਪਹੁੰਚੇ। ਯੁੱਧ ਦਾ ਮੈਦਾਨ ਫਿਰ ਤੋਂ ਭਖ ਗਿਆ। ਲਾਸ਼ਾਂ ਦੇ ਢੇਰ ਵਿਚ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜਾ ਸੂਤ ਲਿਆ। ਉਹ ਜਿੱਧਰ ਵੀ ਨੇਜਾ ਘੁੰਮਾਉਂਦੇ ਵੈਰੀ ਨੂੰ ਮਾਰ ਮੁਕਾਉਂਦੇ। 'ਸਵਾ ਲਾਖ ਸੇ ਏਕ ਲੜਾਊਂ" ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀ ਨੇ ਸਾਹਿਬਜ਼ਾਦੇ ਨੂੰ ਪੂਰੀ ਤਰ੍ਹਾਂ ਘੇਰ ਲਿਆ। ਉਹ ਤਲਵਾਰ ਚਲਾਉਂਦੇ ਰਹੇ। ਸਾਹਿਬਜ਼ਾਦੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਛਿਪਣ ਤੱਕ ਯੁੱਧ ਚਲਦਾ ਰਿਹਾ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਥਾ ਸ਼ਹੀਦੀ ਪਾ ਗਿਆ। ਗੁਰੂ ਜੀ ਨੇ ਕਿਹਾ ਕਿ ਅਮਾਨਤ ਅਦਾ ਹੋਈ!

ਸੂਰਜ ਛਿਪਣ ਤੇ ਯੁੱਧ ਖਤਮ ਹੋਇਆ। ਸਿੰਘ ਗੁਰੂ ਜੀ ਨੇ ਨਾਲ ਗੜ੍ਹੀ ਵਿਚ ਜਾ ਬੈਠੇ। ਗੁਰੂ ਜੀ ਨੇ ਕਿਹਾ ਵੈਰੀ ਨਾਲ ਮਰਦੇ ਦਮ ਤੱਕ ਯੁੱਧ ਜਾਰੀ ਰਹੇਗਾ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਖ਼ਾਲਸੇ ਨੂੰ ਅਕਾਲ ਪੁਰਖ ਦੀ ਓਟ ਹੈ। ਯੁੱਧ ਭੂਮੀ ਵਿਚ ਪਿੱਠ ਨਹੀਂ ਦਿਖਾਉਣੀ ਧਰਮ ਲਈ ਕੁਰਬਾਨ ਹੋਣਾ ਹੈ। ਗੜ੍ਹੀ ਵਿਚ ਬੱਚੇ 11 ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਗੜ੍ਹੀ ਛੱਡ ਜਾਓ। ਪੰਜ ਪਿਆਰਿਆਂ ਦੀ ਚੋਣ ਕਰਕੇ ਭਾਈ ਦਯਾ ਸਿੰਘ ਦੀ ਅਗਵਾਈ ਹੇਠ ਗੁਰੂ ਜੀ ਨੂੰ ਕਿਹਾ ਕਿ ਆਪ ਜੀ ਸ਼ਹੀਦੀ ਨਾਲ ਪੰਥ ਦਾ ਭਵਿੱਖ ਖ਼ਤਰੇ ਵਿਚ ਪੈ ਜਾਵੇਗਾ। ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹਮੇਸ਼ਾ ਜ਼ਰੂਰਤ ਹੈ, ਇਸ ਲਈ ਆਪ ਸੁਰੱਖਿਅਤ ਚਲੇ ਜਾਓ।

ਪੰਜਾਂ ਪਿਆਰਿਆਂ ਦਾ ਪੰਥਕ ਹੁਕਮ ਮੰਨਣਾ ਪਿਆ। ਉਹਨਾਂ ਕਿਹਾ ਉਹ ਪਿੱਠ ਵਿਖਾ ਨਹੀਂ ਜਾਣਗੇ, ਸਗੋਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਕੀਤਾ। ਆਪਣੇ ਹਮਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਲਗਾ ਕੇ ਆਪਣੀ ਪੁਸ਼ਾਕ ਪਾ ਕੇ ਉੱਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਨੂੰ ਗੁਰੂ ਜੀ ਨੇ ਬੁਰਜ ਉੱਤੇ ਖੜ੍ਹੇ ਹੋ ਕੇ ਨਰਸਿੰਘਾ ਵਜਾ ਕੇ ਕੱਚੀ ਗੜ੍ਹੀ ਤੋਂ ਬਾਹਰ ਨਿਕਲੇ ਤੇ ਉੱਚੇ ਟਿੱਬੇ ਤੋਂ ਤਿੰਨ ਵਾਰ ਕਿਹਾ ਕਿ 'ਪੀਰੇ ਹਿੰਦ ਮੇ ਰਵੱਦ' - 'ਹਿੰਦ ਦਾ ਪੀਰ ਚਲਾ ਗਿਆ'।

ਵੈਰੀ ਦੀਆਂ ਫੌਜਾਂ ਵਿਚ ਹੜਬੜੀ ਮੱਚ ਗਈ, ਉਹ ਬੁਖਲਾਅ ਗਏ। ਮਿਸਾਲ ਦੀ ਰਾਹ ਵਿਚ ਸੀ। ਗੁਰੂ ਜੀ ਨੇ ਮਿਸ਼ਾਲ ਤੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। 23 ਦਸੰਬਰ 1704 ਗੜ੍ਹੀ ਵਿਚ ਸਵੇਰ ਨੂੰ ਵੈਰੀ ਨੇ ਹਮਲਾ ਕਰ ਦਿੱਤਾ। ਸਿੰਘ ਬਾਹਰ ਨਿਕਲ ਆਏ ਟਾਕਰਾ ਹੋਇਆ ਸਿੰਘਾਂ ਨੇ ਫਿਰ ਕਈਆਂ ਨੂੰ ਮਾਰ ਮੁਕਾਇਆ।

ਗੁਰੂ ਜੀ ਦੇ ਦੱਸੇ ਰਾਹ ਤੇ ਚਲਦਿਆਂ ਵਾਰੋ-ਵਾਰੀ ਸ਼ਹੀਦੀ ਪਾ ਗਏ। ਉਹਨਾਂ ਦੀ ਲਾਸਾਨੀ ਕੁਰਬਾਨੀ ਕੌਮ ਲਈ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖ਼ਬਰ ਹੋਈ ਕਿ ਗੁਰੂ ਜੀ ਵੀ ਸ਼ਹੀਦ ਹੋ ਗਏ। ਪਰ ਇਹ ਇਕ ਭੁਲੇਖਾ ਸੀ। ਗੁਰੂ ਜੀ ਤਾਂ ਮਾ-ਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ। ਕੁਝ ਦਿਨਾਂ ਬਾਅਦ ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਵੀ ਗੁਰੂ ਜੀ ਕੋਲ ਪਹੁੰਚ ਗਏ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਗੁਰੂ ਜੀ ਨੂੰ ਮਿਲ ਗਈ। ਗੁਰੂ ਜੀ ਨੇ ਕਾਹੀ ਦੇ ਬੂਟੇ ਨੂੰ ਉਖੇੜ ਕੇ ਫੁਰਮਾਇਆ:

ਇਹ ਮੁਗਲ ਰਾਜ ਹੁਣ ਜੜ੍ਹੋਂ ਪੁੱਟਿਆ ਗਿਆ।

ਗੁਰੂ ਜੀ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਕਵਿਤਾ ਵਿਚ ਚਿੱਠੀ ਲਿਖੀ ਜਿਸਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ।

---

## ਦੂਰ ਬੁਢਾਪੇ ਦੂਰ, ਹੋਰ ਦੂਰ

(ਸਫਾ 6 ਦੀ ਬਾਕੀ)

ਜ਼ਿੰਦਗੀ ਲਈ ਆਕਸੀਜਨ ਦਾ ਕੰਮ ਕਰਦੀ ਹੈ।

ਹਫਤੇ ਵਿਚ ਘੱਟੋ ਘੱਟ ਇਕ ਵਾਰ ਦੋਸਤਾਂ-ਮਿੱਤਰਾਂ ਨਾਲ 'ਅੰਗੂਰ ਦੀ ਬੇਟੀ' (ਦਾਰੂ) ਨਾਲ ਸਾਥ ਨਿਭਾਓ। ਇਹ ਬੇਗਾਨਗੀ ਵਿਚ ਖੁਸ਼ਬੂ ਖਿਲਾਰ ਦਿੰਦੀ ਹੈ। ਲੋਕ ਪਾਣੀ ਮਿਲਾ ਕੇ ਪੀਂਦੇ ਹਨ, ਤੁਸੀਂ ਨਜ਼ਰਾਂ ਮਿਲਾ ਕੇ ਪੀਓ

ਕਹਿਤੇ ਹੈਂ ਪੀਨੇ ਵਾਲੇ,
ਮਰ ਜਾਤੇ ਹੈਂ ਜਵਾਨੀ ਮੇਂ।
ਹਮਨੇ ਤੋ ਬੂਢੇ ਜਵਾਨ ਹੋਤੇ
ਦੇਖੇ ਹੈਂ ਮੈਖਾਨੇ ਮੇਂ।

ਕਦੇ ਕਦੇ ਦਿਲ ਦਾ ਮਚਲਣਾ ਵੀ ਜ਼ਰੂਰੀ ਹੈ।
ਧਰਮਵੀਰ ਬਣੋ ਜਾਂ ਨਾ ਬਣੋ ਪਰ ਕਰਮਵੀਰ ਜ਼ਰੂਰ ਬਣੋ।

ਕਦਮ ਐਸਾ ਚਲੋ
ਕਿ ਨਿਸ਼ਾਨ ਬਣ ਜਾਏ
ਕਾਮ ਐਸਾ ਕਰੋ
ਕਿ ਪਹਿਚਾਨ ਬਣ ਜਾਏ।
ਜ਼ਿੰਦਗੀ ਤੋਂ ਸਭੀ ਜੀਅ ਲੇਤੇ ਹੈਂ
ਮਗਰ ਜ਼ਿੰਦਗੀ ਐਸੀ ਜੀਓ,
ਕਿ ਮਿਸਾਲ ਬਣ ਜਾਏ।

ਪੁਕਾਰ ਉਠੋ:
ਆਓ ਹਜ਼ੂਰ ਆਓ,
ਬਹਾਰੋਂ ਮੇਂ ਲੈ ਚਲੂੰਅ,
ਦਿਲ ਝੂੰਮਸ ਜਾਏ ਐਸੇ,
ਨਜ਼ਾਰੋਂ ਮੇਂ ਲੈ ਚਲੂੰਅ

ਮਦਦ ਦਿਖਾ ਕੇ ਨਹੀਂ ਛੁਪਾ ਕੇ ਕਰੋ। ਛੁਪ ਕੇ ਛੁਪ ਕੇ ਕੀਤੀ ਮਦਦ ਸਵਰਗ 'ਚ ਸੀਟ ਰਿਜ਼ਰਵ ਕਰ ਦਿੰਦੀ ਹੈ। ਬੁਢਾਪੇ ਨੂੰ ਅਪਾਹਜ ਕਰ ਦਿੰਦੀ ਹੈ। ਮਦਦ ਲਈ ਚੁੱਕਿਆ ਇਕ ਹੱਥ, ਲੱਖ ਦੁਆਵਾਂ ਨਾਲੋਂ ਅੱਛਾ ਹੈ।

ਬੁਢਾਪੇ ਦੀ ਆਹਟ ਆਉਣ ਤੋਂ ਪਹਿਲਾਂ ਪਹਿਲਾਂ ਰੈਗੂਲਰ ਆਮਦਨ ਦਾ ਸਾਧਨ ਜ਼ਰੂਰ ਹੋਣਾ ਚਾਹੀਦਾ ਹੈ। ਪੈਨਸ਼ਨ, ਐਮ. ਆਈ. ਐਸ. ਸਕੀਮ, ਕਿਰਾਇਆ ਆਮਦਨ, ਕੋਈ ਹਲਕੀ ਫੁਲਕੀ ਹਾਬੀ ਨੁਮਾ ਇਨਕਮ ਦਾ ਜਰੀਆ ਬੁਢਾਪੇ ਨੂੰ ਭਜਾਉਣ ਅਤੇ ਖੁਸ਼ ਰਹਿਣ ਲਈ ਸੰਜੀਵਨੀ ਬੂਟੀ ਹੈ।

ਉਮਰ ਦੇ ਸੱਠਵਿਆਂ, ਸੱਤਰਵਿਆਂ ਦੇ ਆਦਮੀਆਂ ਕੋਲ ਵਿਹਲ ਦੇ ਖੁੱਲ੍ਹੇ ਗੱਫੇ ਹੁੰਦੇ ਹੀ ਹਨ। ਦਿਨ ਵੇਲੇ ਸਬਜ਼ਬਾਗ ਦੇਖਣ ਦੀ ਆਦਮ ਪਾ ਲਓ। ਆਪਣੀ ਅਧੂਰੀ ਚਾਹਤ, ਕੋਈ ਰੀਝਾਂ ਨਾਲ ਪਾਲੀ ਆਸ-ਮੁਰਾਦ ਨੂੰ ਮਨ ਹੀ ਮਨ 'ਚ ਪੂਰੀ ਹੋਈ ਫਰਜ਼ ਕਰਕੇ ਸਮੇਂ ਦੀ ਪਤਝੜ ਨੂੰ ਬਹਾਰ 'ਚ ਬਦਲ ਲਓ। ਇਹ ਫਾਰਮੂਲਾ ਖਾਲੀ ਦੁਆਵਾਂ ਨਾਲੋਂ ਜ਼ਿਆਦਾ ਕਾਰਗਰ ਹੈ। ਹਿੰਗ ਲੱਗੇ ਨਾ ਫਟਕੜੀ ਤੇ ਰੰਗ ਵੀ ਚੋਖਾ। ਜ਼ਿੰਦਗੀ ਦੀਆਂ ਖੂਬਸੂਰਤ ਯਾਦਾਂ ਨੂੰ ਯਾਦ ਕਰਕ ਬੁਢਾਪੇ ਨੂੰ ਰਿਵਰਸ ਗੇਅਰ 'ਚ 'ਮਿਲਖਾ ਸਿੰਘ' ਬਣਾ ਦਿਓ।

ਆਪਣੇ ਮਨਪਸੰਦ, ਆਪਣੇ ਹਾਣ ਦੇ ਗੀਤਾਂ ਦੀਆਂ ਕੈਸਟਾਂ ਜਾਂ ਵੀਡੀਓ ਸੁੱਟੋ। ਫਾਨੀ ਦੁਨੀਆਂ ਤੋਂ ਉਡਾਰੀ ਮਾਰ ਸਵਰਗਾਂ 'ਚ ਤਾਰੀਆਂ ਮਾਰੋ। ਕੋਈ ਮਨਪਸੰਦ ਟੀ. ਵੀ. ਚੈਨਲ, ਹਾਸ-ਰਸ ਭਰਪੂਰ ਪ੍ਰੋਗਰਾਮ ਨੂੰ ਰੋਜ਼ਾਨਾ ਦਾ ਸਾਥੀ ਬਣਾਓ। ਆਕਾਸ਼ 'ਚ ਲੁਕੇ ਜੰਨਤ ਦੇ ਗੇਟ ਤੋੜ ਕੇ ਅੰਦਰ ਜਾ ਘੁਸੋ।

ਆਪਣੇ ਆਪ ਨਾਲ ਪਿਆਰ ਕਰੋ। ਤੁਹਾਡਾ ਆਪਣਾ ਸਰੀਰ ਹੀ ਮੰਦਰ ਹੈ। ਇਹ ਇੱਟਾਂ ਪੱਥਰਾਂ ਦੇ ਬਣੇ ਮੰਦਰ ਨਾਲੋਂ ਇਕ ਚਲਦਾ-ਫਿਰਦਾ, ਮਹਿਸੂਸ ਕਰਨ ਵਾਲਾ ਮੰਦਰ ਹੈ। ਇਸ ਵਿਚ ਬਹੁਤ ਖੂਬਸੂਰਤ ਤੇ ਬੇਸ਼ਕੀਮਤੀ ਖਜ਼ਾਨਾ ਹੈ। ਮੰਨ, ਬੁੱਧੀ ਅਤੇ ਰੂਹ ਆਦਿਕ ਅਨੇਕਾਂ ਹੀ ਸਦਾ ਚੱਲਣ ਵਾਲੀ ਆਟੋਮੈਟਿਕ ਖਾਨ ਹੈ। ਭਗਵਾਨ ਵੀ ਇੱਥੇ ਹੀ ਲੁਕਿਆ ਬੈਠਾ ਹੈ, ਉਸਦੀ ਲੁਕਣਗਾਹ ਕਿਧਰੇ ਹੋਰ ਹੁੰਦੀ ਤਾਂ ਸਰਕਾਰ ਨੇ ਉਸ ਉੱਤੇ ਵੀ ਪ੍ਰਾਪਰਟੀ ਟੈਕਸ ਲਗਾ ਦੇਣਾ ਸੀ। ਸੋ, ਇਸ ਮੰਦਰ ਨੂੰ ਬਾਹਰੋਂ ਵੀ ਅੰਦਰੋਂ ਵੀ ਸਜਾਓ ਤੇ ਸੰਤੁਸ਼ਟੀ ਲੁੱਟੋ। ਸਰੀਰ ਨੂੰ ਸੰਵਾਰੋ ਅਤੇ ਰੂਹ ਦੀ ਭੁੱਖ ਮਿਟਾਓ। ਰੂਹ ਦੀ ਭੁੱਖ ਅਥਵਾ ਦੁਰਯੋਧਨ ਅਤੇ ਰਾਵਣ ਨੂੰ ਅੰਦਰੋਂ ਮਾਰ ਕੇ ਯੁਧਿਸ਼ਟਰ ਅਤੇ ਰਾਮ ਨੂੰ ਆਪਣੀ ਜ਼ਿੰਦਗੀ ਦਾ ਸਟੇਅਰਿੰਗ ਪਕੜਾਓ। ਬੁਢਾਪਾ ਲੰਗੜਾ ਹੋ ਜਾਵੇਗਾ। ਐਵੇਂ ਬਹੁਤੇ ਕਰਮਾਂ-ਕਾਂਡਾਂ ਦੇ ਚੱਕਰਵਿਊ ਤੋਂ ਕਿਨਾਰਾ ਕਰਨਾ ਹੀ ਬਿਹਤਰ ਹੈ। ਹਰ ਨਵੇਂ ਦਿਨ ਘੱਟੋ ਘੱਟ ਦੋ ਆਦਮੀਆਂ ਨੂੰ ਖੁਸ਼ ਕਰਨ ਦੀ ਆਦਤ ਪਾਓ। ਦੂਜੇ ਨੂੰ ਤੁਸੀਂ ਤਾਂ ਹੀ ਖੁਸ਼ ਕਰ ਸਕਦੇ ਹੋ, ਜੇਕਰ ਤੁਸੀਂ ਆਪ ਖੁਸ਼ ਹੋ। ਦੁਖੀ ਆਦਮੀ ਕਿਆ ਖਾਕ ਖੁਸ਼ੀ ਖਿਲੇਰੇਗਾ। ਯਾਦ ਆਇਆ ਜਲੰਧਰ ਟ੍ਰੈਫਿਕ 'ਚ ਚੌਂਕ ਤੇ ਇਕ ਸਿਪਾਹੀ ਆਪਣੇ ਟਰੈਫਿਕ ਸਿਗਨਲਾਂ ਨਾਲ ਹੀ ਹਰ ਆਉਣ-ਜਾਣ ਵਾਲੇ ਨੂੰ ਖੁਸ਼ ਕਰਿਆ ਕਰਦਾ ਸੀ। ਹਰ ਕੋਈ ਉਸਦੀ ਖੁਸ਼ਨੁਮਾ ਕਲਾਕਾਰੀ ਦਾ ਕਾਇਲ ਹੋ ਕੇ ਲੰਘਦਾ ਸੀ। ਐਸੀ ਹੀ ਜੀਵਨ ਜਾਚ ਵਾਲੇ ਦੇ ਕੋਲੋਂ ਬੁਢਾਪਾ ਵੀ ਪਾਸ ਵੱਟ ਕੇ ਲੰਘ ਜਾਂਦਾ ਹੈ। ਜ਼ਿੰਦਗੀ ਦੇ ਹਰ ਪਲ ਨੂੰ ਇੰਜੁਆਏ ਕਰੋ।

ਕੁਝ ਲੋਕ ਚੱਪਲ ਦੀ ਤਰ੍ਹਾਂ ਹੁੰਦੇ ਹਨ। ਸਾਥ ਵੀ ਚਲਦੇ ਹਨ ਅਤੇ ਪਿੱਛੋਂ ਚਿੱਕੜ ਵੀ ਸੁੱਟਦੇ ਹਨ। ਯਾਦ ਰੱਖੋ ਪਿੱਛੋਂ ਉਹੀ ਬੋਲਦਾ ਹੈ ਜੋ ਤੁਹਾਡੇ ਪਿੱਛੇ ਹੁੰਦਾ ਹੈ। ਨਿੰਦਿਆ ਉਹੀ ਕਰਦਾ ਹੈ ਜੋ ਆਪ ਨਿੰਦਿਆ ਦਾ ਪਾਤਰ ਹੁੰਦਾ ਹੈ। ਯਾਦ ਰੱਖਿਆ ਜਾਵੇ ਕਿ ਫਲਦਾਰ ਬੂਟੇ ਨੂੰ ਵੱਟੇ ਮਾਰਦੇ ਹਨ, ਕਿਉਂਕਿ ਉਹ ਫਲ ਵੰਡਦਾ ਹੈ। ਕੋਈ ਕਿੱਕਰ ਨੂੰ ਵੱਟੇ ਮਾਰਦਾ ਨਹੀਂ ਦੇਖਿਆ ਹੋਵੇਗਾ।

ਅਮਰੀਕਾ ਵਿਚ ਟ੍ਰੈਫਿਕ ਨਿਯਮ ਹੈ ਕਿ ਚੌਂਕ ਜਾਂ ਕਰਾਸਿੰਗ ਉੱਤੇ ਫਸਟ ਕਮ, ਫਸਟ ਗੋ, ਸਾਰਾ ਟ੍ਰੈਫਿਕ, ਟਰੈਫਿਕ ਲਾਈਟਾਂ ਥਾਂ-ਥਾਂ ਲੱਗੇ ਕੈਮਰੇ ਅਤੇ ਟਰੈਫਿਕ ਪੁਲਿਸ ਦੀਆਂ ਛੁਪ ਕੇ ਖੜ੍ਹੀਆਂ ਕਾਰਾਂ 'ਚ ਬੈਠੇ ਪੁਲਿਸ ਅਫਸਰ ਕਰਦੇ ਹਨ। ਪੁਲਿਸ ਕਾਰਾਂ ਸੈਟੇਲਾਈਟ ਸਿਸਟਮ ਨਾਲ ਲੈਸ ਹੁੰਦੀਆਂ ਹਨ। ਭਾਰਤ ਵਾਂਗ ਚੌਂਕਾਂ ਆਦਿ ਉੱਤੇ ਪੁਲਿਸ ਕਰਮੀ ਤਾਇਨਾਤ ਨਹੀਂ ਹੁੰਦੇ। ਲੇਖਕ ਦਾ ਸਵੇਰੇ ਸ਼ਾਮ ਦਾ ਸੈਰ ਦਾ ਸਮਾਂ ਪੱਕਾ ਹੈ। ਪਾਰਕ ਨੂੰ ਜਾਣ ਲੱਗਿਆਂ ਘਰੋਂ ਤਿੰਨ ਕਰਾਸਿੰਗ ਆਉਂਦੇ ਹਨ। ਲੇਖਕ ਹਰ ਚੌਰਾਹੇ ਤੇ ਕਰਾਸਿੰਗ ਲਈ ਆਪਣੀ ਪ੍ਰਾਇਓਰਟੀ ਛੱਡ ਕੇ ਕਾਰ ਵਾਲੇ ਨੂੰ ਇਸ਼ਾਰਾ ਲੰਘ ਜਾਣ ਦਾ ਕਰਦਾ ਰਹਿੰਦਾ ਸੀ। ਹਰ ਕਾਰ ਸਵਾਰ ਹੱਥ ਨਾਲ ਥੈਂਕਸ ਕਰਦਾ ਤੇ ਅੰਦਰੂਨੀ ਖੁਸ਼ੀ ਭਰਪੂਰ ਦੇ ਕੇ ਲੰਘਦਾ। ਇਕ ਦਿਨ ਟਰੈਫਿਕ ਪੁਲਿਸ ਨੇ ਘੇਰ ਲਿਆ। ਕਹਿੰਦਾ ਤੁਸੀਂ ਟਰੈਫਿਕ ਨਿਯਮ ਤੋੜਦੇ ਹੋ। ਮੈਂ ਕਿਹਾ ਮੈਂ ਸੈਰ ਕਰ ਰਿਹਾ ਹਾਂ। ਇਹ ਲੋਕ ਆਪੋ ਆਪਣੇ ਜ਼ਰੂਰੀ ਕੰਮਾਂ 'ਤੇ ਜਾ ਰਹੇ ਹਨ। ਮੇਰੇ ਕਰਕੇ ਇਹ ਲੇਟ ਹੋਣ, ਮੈਨੂੰ ਅੱਛਾ ਨਹੀਂ ਲੱਗਦਾ। ਉਹ ਖੂਬ ਤੇ ਮੈਂ ਸੰਤੁਸ਼ਟ। ਪੁਲਿਸ ਵਾਲੇ ਦੇ ਪੁੱਛਣ 'ਤੇ ਮੈਂ ਦੱਸਿਆ ਕਿ ਮੈਂ ਇੰਡੀਅਨ ਹਾਂ, ਪੰਜਾਬ ਤੋਂ। ਉਹ ਖੂਬ ਹੋਇਆ ਤੇ ਜਾਣ ਲੱਗਾ ਕਹਿੰਦਾ, ਜੇ ਐਸਾ ਹੈ ਤਾਂ ਕਾਨੂੰਨ ਤੋੜਨਾ ਜਾਰੀ ਰੱਖੋ। ਪੁਲਿਸ ਵਾਲਾ ਖੂਬ, ਬੰਦਾ (ਮੈਂ) ਖੂਬ ਅਤੇ ਰਾਹਗੀਰ ਵੀ ਖੂਬ ਕਿਸੇ ਦਾ ਕੁਝ ਨਹੀਂ ਗਿਆ। ਕਾਨੂੰਨ ਤੋੜਨਾ ਵੀ ਖੂਬਗਵਾਰ ਹੋ ਨਿਕਲਿਆ।

ਉਹ ਮੇਰੇ ਹਾਣੀ ਸ਼ੇਰੋ! ਮਾਇਆ-ਮੋਹ ਘਟਾ ਲਓ। ਜੇਕਰ ਇਤਨੀ ਬੀਤਣ ਤੱਕ ਮਾਇਕ ਸੰਤੁਸ਼ਟੀ ਨਹੀਂ ਹੋਈ ਤਾਂ ਹੁਣ ਕੀ ਕੁਬੇਰ ਪ੍ਰਾਪਤ ਕਰ ਲਓਗੇ। ਆਪਣਿਆਂ ਲਈ ਬਹੁਤ ਜੀਅ ਲਿਆ। ਹੁਣ ਕਿਸੇ ਬੇਸਹਾਰਾ ਪਰ ਲਾਇਕ ਬੱਚੇ ਦੀ ਮਦਦ ਕਰੋ। ਆਪਣੀ ਅੱਜਕਲ੍ਹ ਦੀ ਆਮਦਨੀ ਦਾ 10 ਫੀਸਦੀ ਉਸ ਦੀ ਪੜ੍ਹਾਈ 'ਤੇ ਲਗਾਓ, ਦਿਖਾਵਾ ਨਾ ਕਰਕੇ, ਚੁੱਪ-ਚਪੀਤੇ ਕਰੋ। ਤੁਹਾਡੀ ਖੂਬੀ ਤੇ ਸੰਤੁਸ਼ਟੀ 'ਚ ਭਰਪੂਰ ਵਾਧਾ ਹੋਵੇਗਾ।

ਰੱਬ ਕੋਲੋਂ ਉਹ ਕੁਝ ਨਾ ਮੰਗੋ ਜੋ ਤੁਸੀਂ ਡੀਜ਼ਰਵ ਨਹੀਂ ਕਰਦੇ। ਐਵੇਂ ਦਸ ਰੁਪਏ ਦਾ ਚੜ੍ਹਾਵਾ ਚੜ੍ਹਾ ਕੇ ਲੰਮਾ-ਚੌੜਾ ਮੰਗ ਪੱਤਰ ਨਾ ਰੱਬ ਅੱਗੇ ਧਰ ਦਿਓ। ਕੁਝ ਨਹੀਂ ਮਿਲਣ ਵਾਲਾ, ਨਿਰਾਸ਼ਾ ਤੋਂ ਬਗੈਰ। ਜ਼ਿੰਦਗੀ 'ਚ ਕੀਤੇ ਆਪਣੇ ਕਰਮਾਂ ਦੀ ਬੈਲੈਂਸ ਸ਼ੀਟ ਆਪ ਬਣਾਓ ਅਤੇ ਆਪ ਹੀ ਜੱਜ ਕਰੋ ਕਿ ਸਵਰਗ ਦਾ ਦਰਵਾਜ਼ਾ ਖੁੱਲ੍ਹੇਗਾ ਜਾਂ ਫਿਰ ਨਰਕ ਸਾਹਿਬ ਦਾ ਗੇਟ ਕੀਪਰ ਬਨੇਰੇ ਉੱਤੇ ਮੋਮਬੱਤੀ ਬਾਲ ਕੇ ਅੰਦਰ ਧੱਕਣ ਲਈ ਉਡੀਕ ਕਰ ਰਿਹਾ ਹੈ। ਰੋਡੇ ਹੂਣੇ ਆਏ ਥੇ, ਕਿਆ ਚੀਕਾਂ ਮਾਰਦੇ ਜਾਓਗੇ ਜਾਂ ਹੱਸ ਹੱਸ ਕੇ ਸਵਰਗ ਵੱਲ ਜਾਣ ਦਾ ਇਰਾਦਾ ਹੈ।

ਦੋਸਤੋ, ਰੱਬ ਕੋਈ ਭੋਲਾ ਬੱਚਾ ਨਹੀਂ ਅਤੇ ਉਸਨੂੰ ਬਹੁਤ ਦਿਆਲੂ ਵੀ ਨਾ ਸਮਝੋ। ਉਹ ਫੋਕੀਆਂ ਇੱਛਾਵਾਂ ਦੀਆਂ ਲਿਸਟਾਂ ਹੀ ਨਹੀਂ ਪੜ੍ਹਦਾ ਰਹਿੰਦਾ। ਉਹਦਾ ਬਹੁਤ ਤਜਰਬਾ ਹੈ, ਉਹ ਸੁਪਰ, ਸਪੈਸ਼ਲਿਟੀ ਚਾਰਟਡ ਅਕਾਊਟੈਂਟ ਹੈ, ਜਾਣੀ ਜਾਣ ਹੈ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰੇਗਾ। ਕਰਮਾਂ ਤੇ ਹੀ ਨਿਬੇੜੇ ਕਰੂਗਾ।

ਜ਼ਿੰਦਗੀ ਦੇ ਇਸ ਪੜਾਅ ਉੱਤੇ ਵੀ ਅੱਧੋਂ ਵੱਧ, ਮੌਤ ਰੂਪੀ ਮਗਰਮੱਛ ਦੇ ਜਬਾੜੇ ਵਿਚ ਹਨ ਪਰ ਜਾਤ-ਪਾਤ, ਊਚ-ਨੀਚ, ਧਾਰਮਿਕ ਪੱਖਪਾਤ ਦੇ ਗਲੇ-ਸੜੇ, ਈਰਖਾ ਭਰਪੂਰ ਵਿਚਾਰਾਂ ਦੇ ਕਚਰੇ ਨਾਲ, ਬਦਬੂਦਾਰ ਸਾਹ ਲੈ ਰਹੇ ਹਾਂ। ਪੈਰਾਂ ਤੋਂ ਸਿਰ ਤੱਕ ਇਸ ਦਲਦਲ ਦਾ ਸ਼ਿਕਾਰ ਹਨ। ਇਨਸਾਨ ਦੀ ਜਾਤ, ਇਨਸਾਨ ਦਾ ਧਰਮ, ਸਿਰਫ ਤੇ ਸਿਰਫ ਇਨਸਾਨੀਅਤ ਹੈ, ਅਸਲੀ ਮੰਦਰ, ਮਸਜਿਦ, ਗੁਰਦੁਆਰਾ ਆਦਿ ਮਨੁੱਖੀ ਸਰੀਰ ਹੈ ਅਤੇ ਅਸਲੀ ਗ੍ਰੰਥ ਮਨੁੱਖੀ ਸਰੀਰ ਅੰਦਰਲੀ ਅੱਛੀ ਵਿਚਾਰਧਾਰਾ ਹੈ। ਜਾਂਦਾ ਜਾਂਦਾ ਇਕ ਪੱਤੇ ਦੀ ਗੱਲ ਦੱਸਦਾ ਜਾਵਾਂ! ਜੇਕਰ ਹੁਣ ਤੱਕ ਨੈਗੇਟੀਵਿਟੀ ਨੇ ਖਹਿੜਾ ਨਹੀਂ ਛੱਡਿਆ ਤਾਂ ਇਹ ਮੰਦਰ ਅਪਣਾਓ, ਜਿੱਥੋਂ ਤੱਕ ਹੋ ਸਕੇ ਹਰ ਹਾਲ ਵਿਚ ਖੂਬ, ਸੰਤੁਸ਼ਟ ਅਤੇ ਸਕਾਰਾਤਮਕ ਸੋਚ ਦਾ ਘੱਟੋ ਘੱਟ ਫਿਲਮੀ ਐਕਟਰ ਵਾਂਗ ਡਰਾਮਾ ਕਰੋ। ਇਹ 21 ਦਿਨ ਕਰੋ। ਖੂਬੀ ਤੇ ਸੰਤੁਸ਼ਟੀ ਤੁਹਾਡੀ ਆਦਤ ਬਣ ਜਾਵੇਗੀ। ਜੇਕਰ ਇਹ 41 ਦਿਨ ਕਰੋਗੇ ਤਾਂ ਤੁਹਾਡਾ ਸੁਭਾਅ ਵੀ ਅਜਿਹਾ ਬਣ ਜਾਊਗਾ। ਤੁਸੀਂ ਬਦਲ ਜਾਓਗੇ ਤੁਸੀਂ ਓਵਰਹਾਲ ਹੋ ਜਾਓਗੇ। ਦੁਖੀ ਰਾਮ ਤੋਂ ਸੁਖੀ ਰਾਮ 'ਚ ਬਦਲ ਜਾਓਗੇ। ਕੋਈ ਇਨਵੈਸਟਮੈਂਟ ਨਹੀਂ, ਲਾਭ ਹੀ ਲਾਭ। ਸਰੀਰ ਤੰਦਰੁਸਤ ਅਤੇ ਮਨ ਖੁਸ਼ਹਾਲ। ਇਕ ਆਖਰੀ ਮਸ਼ਵਰਾ ਹੈ ਕਿ ਹੁਣ ਦਿਮਾਗ ਨੂੰ ਰੈਸਟ ਕਰਨ ਦਿਓ ਅਤੇ ਦਿਲ ਨਾਲ ਦੋਸਤੀ ਪਾਓ। ਬਚੀ ਜ਼ਿੰਦਗੀ ਜ਼ਿੰਦਾਦਿਲੀ ਨਾਲ ਜੀਓ, ਦਿਮਾਗਗਿਰੀ ਨਾਲ ਨਹੀਂ। ਬੁਢਾਪਾ ਡਰਪੋਕ ਹੈ। ਸਿਰਫ ਡਰਾਉਣਾ ਆਉਣਾ ਚਾਹੀਦਾ ਹੈ।

ਜ਼ਿੰਦਗੀਆ ਕਾ ਸਫਰ,
ਹੈ ਜੇਹਹ, ਕੈਸਾਸਾ ਸਫਰ,
ਕੋਈ ਜਾਠਾਅ ਨਹੀਂ,
ਕੋਈ ਸਮਝਾਅ ਨਹੀਂ।
ਜ਼ਿੰਦਗੀਅ ਕੋ, ਬਹੁਤਾਅ, ਪਿਆਰ ਹਮ ਨੇ ਕਿਆ
ਮੌਤ ਸੇ ਭੀਅ, ਮੁਹੱਬਤ, ਨਿਭਾਏਗੇ ਹਮ।
ਰੋਠੇ ਰੋਠੇਅ, ਜ਼ਮਾਨੇਆ, ਮੇਂ ਆਏਅ ਥੇ,
ਮਗਰ, ਹੱਸਤੇ ਹੱਸਤੇ, ਜ਼ਮਾਨੇ ਸੇ ਜਾਏਂਗੇ ਹਮ।
ਖਾਲੀ ਹੱਥ ਆਏ ਸੀ ਪਰ ਖਾਲੀ ਹੱਥ ਮੱਤ ਜਾਓ,
ਬੇਗਾਨਿਆਂ ਦੀਆਂ ਦੁਆਵਾਂ ਨਾਲ ਝੋਲੀ ਭਰ ਕੇ ਜਾਓ।

# ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਗ਼ਰੀਬੀ ਦਾ ਬੋਝ



ਡਾ.ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਪੇਂਡੂ ਪੰਜਾਬ ਦੇ ਦਲਿਤ ਔਰਤ ਮਦਜ਼ਦੂਰ ਪਰਿਵਾਰਾਂ ਦੀ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਦੇ ਵਿਸ਼ਲੇਸ਼ਣ ਲਈ ਇਕ ਖੋਜ ਅਧਿਐਨ ਕੀਤਾ ਗਿਆ। ਇਸ ਲੇਖ ਵਿਚ ਇਨ੍ਹਾਂ ਪਰਿਵਾਰਾਂ ਸਿਰ ਗ਼ਰੀਬੀ ਦੇ ਬੋਝ ਸੰਬੰਧੀ ਵਿਸ਼ਲੇਸ਼ਣ ਦਿੱਤਾ ਗਿਆ। ਇਹ ਖੋਜ ਅਧਿਐਨ ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ, ਈਸੜੂ (ਲੁਧਿਆਣਾ) ਵੱਲੋਂ ਸਪਾਂਸਰ ਕੀਤਾ ਗਿਆ ਅਤੇ ਸਾਲ 20161-17 ਨਾਲ ਸੰਬੰਧਿਤ ਹੈ। ਇਸ ਅਧਿਐਨ ਲਈ ਪੰਜਾਬ ਦੇ ਮਾਝਾ, ਦੋਆਬਾ ਅਤੇ ਮਾਲਵਾ ਖੇਤਰਾਂ ਦੇ ਸਾਰੇ ਵਿਕਾਸ ਖੰਡਾਂ (29) ਵਿਚੋਂ ਇਕ ਇਕ ਪਿੰਡ ਚੁਣਦੇ ਹੋਏ 927 ਦਲਿਤ ਔਰਤ ਮਜ਼ਦੂਰ ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ। ਸਰਵੇਖਣ ਕੀਤੇ ਗਏ ਪਰਿਵਰਾਂ ਵਿਚੋਂ 314 ਪਰਿਵਾਰ ਮਾਝਾ, 243 ਦੋਆਬਾ ਅਤੇ 370 ਮਾਲਵਾ ਖੇਤਰਾਂ ਨਾਲ ਸੰਬੰਧਿਤ ਹਨ।

ਪੰਜਾਬ ਸੂਬੇ ਵਿਚ ਮੁਲਕ ਦੇ ਸਾਰੇ ਸੂਬਿਆਂ ਦੇ ਮੁਕਾਬਲੇ ਦਲਿਤਾਂ ਦਾ ਅਨੁਪਾਤ ਵਧੇਰੇ ਹੈ। 2011 ਦੀ ਜਨਗਣਨਾ ਅਨੁਸਾਰ ਪੰਜਾਬ ਵਿਚ ਦਲਿਤਾਂ ਦੀ ਜਨਸੰਖਿਆਂ 88.60 ਲੱਖ ਹੈ ਜੋ ਪੰਜਾਬ ਦੀ ਕੁੱਲ ਜਨਸੰਖਿਆ ਦਾ 31.94 ਫ਼ੀਸਦ ਬਣਦੀ ਹੈ। ਪੰਜਾਬ ਦੇ ਪੇਂਡੂ ਖੇਤਰ ਲਈ ਦਲਿਤਾਂ ਦੀ ਜਨਸੰਖਿਆ 36.75 ਫ਼ੀਸਦ ਬਣ ਜਾਂਦੀ ਹੈ ਜੋ ਭਾਰਤ ਵਿਚ ਦਲਿਤਾਂ ਦੀ ਸੰਖਿਆ (18.46 ਫ਼ੀਸਦ) ਤੋਂ ਲਗਭਗ ਦੋਗੁਣੀ ਹੈ।

ਗ਼ਰੀਬੀ ਇਕ ਅਜਿਹਾ ਵਰਤਾਰਾ ਹੈ ਜੋ ਆਪਣੇ ਮੂਲ ਅਤੇ ਪ੍ਰਗਟਾਵੇ ਤੋਂ ਬਹੁਤ ਗੁੰਝਲਦਾਰ ਹੈ। ਗ਼ਰੀਬੀ ਇਕ ਅਜਿਹਾ ਸੰਕਲਪ ਹੈ ਜੋ ਸਮਝਣਾ ਸੌਖਾ, ਪਰ ਦੱਸਣਾ ਬਹੁਤ ਔਖਾ ਹੈ। ਗ਼ਰੀਬੀ ਇਕ ਬਹੁ-ਪੱਖੀ ਸੰਕਲਪ ਹੈ। ਗ਼ਰੀਬੀ ਦਾ ਅਰਥ ਇਕ ਵਿਅਕਤੀ ਦੀ ਆਪਣੇ ਟਿਕਾਊ, ਸਿਹਤਮੰਦ ਅਤੇ ਵਾਜਬ ਉਤਪਾਦਕ ਜੀਵਨ ਜੀਊਣ ਲਈ ਘੱਟੋ-ਘੱਟ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੀ ਅਸਮਰੱਥਤਾ ਹੈ। ਉਹ ਸਾਰੇ ਲੋਕ ਜੋ ਆਪਣੀਆਂ ਬੁਨਿਆਦੀ ਘੱਟੋ-ਘੱਟ ਲੋੜਾਂ ਨੂੰ ਪੂਰਾ ਨਹੀਂ ਕਰ ਸਕਦੇ ਉਨ੍ਹਾਂ ਨੂੰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਮੰਨਿਆ ਜਾਂਦਾ ਹੈ। ਬਹੁਤੇ ਅਰਥ-ਵਿਗਿਆਨੀ ਅਤੇ ਨੀਤੀ-ਨਿਰਮਾਤਾ ਗ਼ਰੀਬੀ ਦੀ ਇਸ ਪਰਿਭਾਸ਼ਾ ਸੰਬੰਧੀ ਇਕਮੱਤ ਹਨ, ਪਰ ਹਾਲੇ ਵੀ ਗ਼ਰੀਬੀ ਰੇਖਾ ਨਿਰਧਾਰਤ ਕਰਨ ਬਾਰੇ ਵਿਵਾਦ ਜਾਰੀ ਹੈ। ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿਚ ਪਾਈ ਜਾਂਦੀ ਗ਼ਰੀਬੀ ਨੂੰ ਮਾਪਣ ਲਈ ਵੱਖ ਵੱਖ ਮਾਪਦੰਡਾਂ ਦੀ ਵਰਤੋਂ ਕੀਤੀ ਗਈ ਹੈ। ਮਾਹਰ ਗਰੁੱਪ (ਭਾਰਤ ਸਰਕਾਰ, 1993) ਵੱਲੋਂ ਜੋ ਗ਼ਰੀਬੀ ਰੇਖਾ ਨਿਰਧਾਰਿਤ ਕੀਤੀ ਗਈ, ਉਹ 1973-74 ਦੀਆਂ ਕੀਮਤਾਂ ਉੱਤੇ 49.09 ਰੁਪਏ ਪ੍ਰਤਿ ਵਿਅਕਤੀ, ਪ੍ਰਤਿ ਮਹੀਨਾ ਸੀ। ਇਸ ਤਰ੍ਹਾਂ ਮੌਜੂਦਾ ਅਧਿਐਨ ਦੇ ਉਦੇਸ਼ ਲਈ ਪੇਂਡੂ ਮਜ਼ਦੂਰਾਂ ਲਈ ਸਧਾਰਨ ਉਪਭੋਗਤਾ ਕੀਮਤ ਸੂਚਕ 2016-17 ਦੀ ਵਰਤੋਂ ਕਰਕੇ ਗ਼ਰੀਬੀ ਰੇਖਾ ਨੂੰ ਅਨੁਮਾਨਿਤ ਕੀਤਾ ਗਿਆ। ਇਸ ਆਧਾਰ ਉੱਪਰ ਗ਼ਰੀਬੀ ਰੇਖਾ 28021.65 ਰੁਪਏ ਪ੍ਰਤਿ ਵਿਅਕਤੀ, ਪ੍ਰਤਿ ਸਾਲ ਆਉਂਦੀ ਹੈ। ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਉਹ ਸਾਰੇ ਜੀਅ ਜਿਨ੍ਹਾਂ ਦੀ ਆਮਦਨ 28021.60 ਰੁਪਏ ਪ੍ਰਤਿ ਸਾਲ ਤੋਂ ਘੱਟ ਹੈ, ਉਹ ਗ਼ਰੀਬੀ ਰੇਖਾ ਤੋਂ ਹੇਠਾਂ ਮੰਨੇ ਗਏ।

2005 ਵਿਚ ਯੋਜਨਾ ਆਯੋਗ ਵਲੋਂ ਗ਼ਰੀਬੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਸੁਰੇਸ ਤੇਂਦੂਲਕਰ ਦੀ ਪ੍ਰਧਾਨਗੀ ਵਿਚ ਇਕ ਕਮੇਟੀ ਬਣਾਈ ਗਈ। ਅੱਜਕੱਲ੍ਹ ਗ਼ਰੀਬੀ ਨੂੰ ਮਾਪਣ ਲਈ ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਮੰਨਿਆ ਜਾਂਦਾ ਹੈ। ਇਸ ਕਮੇਟੀ ਨੇ ਗ਼ਰੀਬੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਸਿਰਫ਼ ਕੈਲੋਰੀ ਮਾਪਦੰਡ ਨੂੰ ਛੱਡ ਕੇ ਕੁਝ ਹੋਰ ਵਿਸਥਾਰ ਕਰਦੇ ਹੋਏ ਸਿੱਖਿਆ, ਸਿਹਤ, ਬਿਜਲੀ ਅਤੇ ਆਵਾਜਾਈ ਦੇ ਖ਼ਰਚਿਆਂ ਨੂੰ ਵੀ ਸ਼ਾਮਲ ਕੀਤਾ। 2004-05 ਲਈ ਇਸ ਕਮੇਟੀ ਦੁਆਰਾ ਨਿਰਧਾਰਿਤ ਗ਼ਰੀਬੀ ਰੇਖਾ ਦੀ ਪੰਜਾਬ ਦੇ ਪੇਂਡੂ ਖੇਤਰਾਂ ਲਈ ਆਮਦਨ 543.51 ਰੁਪਏ ਪ੍ਰਤਿ ਵਿਅਕਤੀ, ਪ੍ਰਤਿ ਮਹੀਨਾ ਸੀ ਜੋ 2016-17 ਲਈ 16686.71 ਰੁਪਏ ਪ੍ਰਤਿ ਵਿਅਕਤੀ, ਪ੍ਰਤਿ ਸਾਲ ਬਣਦੀ ਹੈ।

2012 ਵਿਚ ਯੋਜਨਾ ਆਯੋਗ ਦੁਆਰਾ ਗ਼ਰੀਬੀ ਰੇਖਾ ਨੂੰ ਨਵੇਂ ਸਿਰੇ ਤੋਂ ਨਿਰਧਾਰਿਤ ਕਰਨ ਲਈ ਡਾ. ਸੀ. ਰੰਗਰਾਜਨ ਦੀ ਪ੍ਰਧਾਨਗੀ ਵਿਚ ਮਾਹਰਾਂ ਦੀ ਇਕ ਕਮੇਟੀ ਬਣਾਈ ਗਈ ਜਿਸ ਦੁਆਰਾ ਪੇਂਡੂ ਖੇਤਰਾਂ ਵਿਚ ਗ਼ਰੀਬੀ ਰੇਖਾ ਦੇ ਅਨੁਮਾਨਾਂ ਲਈ 2011-12 ਲਈ ਆਮਦਨ 1127.48 ਰੁਪਏ ਪ੍ਰਤਿ ਵਿਅਕਤੀ, ਪ੍ਰਤਿ ਮਹੀਨਾ ਹੈ, ਜੋ ਕਿ 2016-17 ਲਈ 19375.67 ਰੁਪਏ ਪ੍ਰਤਿ ਵਿਅਕਤੀ, ਪ੍ਰਤਿ ਸਾਲ ਬਣਦੀ ਹੈ। ਗ਼ਰੀਬੀ ਰੇਖਾ ਨੂੰ ਪਰਿਭਾਸ਼ਤ ਕਰਨ ਲਈ ਇਕ ਹੋਰ ਮਾਪਦੰਡ ਅਨੁਸਾਰ ਔਸਤਨ ਪ੍ਰਤਿ ਵਿਅਕਤੀ ਆਮਦਨ ਦਾ 50 ਫ਼ੀਸਦ ਮੰਨੀ ਗਈ ਹੈ। ਪੰਜਾਬ ਵਿਚ 2016-17 ਦੌਰਾਨ ਪ੍ਰਤਿ ਵਿਅਕਤੀ ਆਮਦਨ 131112 ਰੁਪਏ ਹੈ। ਇਸ ਮਾਪਦੰਡ ਅਨੁਸਾਰ ਗ਼ਰੀਬੀ ਨੂੰ ਅਨੁਮਾਨਿਤ ਕਰਨ ਲਈ ਪ੍ਰਤਿ ਵਿਕਅਤੀ, ਪ੍ਰਤਿ ਸਾਲ ਆਮਦਨ 65556 ਰੁਪਏ ਬਣਦੀ ਹੈ। ਜੇਕਰ ਇਸ ਮਾਪਦੰਡ ਨੂੰ ਹੋਰ ਨਰਮ ਕਰਦੇ ਹੋਏ ਪ੍ਰਤਿ ਵਿਅਕਤੀ ਆਮਦਨ ਦੇ 40 ਫ਼ੀਸਦ ਨੂੰ ਲਿਆ ਜਾਵੇ ਤਾਂ ਗ਼ਰੀਬੀ ਨੂੰ ਅਨੁਮਾਨਿਤ ਕਰਨ ਲਈ ਆਮਦਨ 52444.80 ਰੁਪਏ ਬਣਦੀ ਹੈ।



ਹਾਲ ਹੀ ਦੇ ਸਮੇਂ ਵਿਚ ਵਿਕਾਸਸ਼ੀਲ ਮੁਲਕਾਂ ਦੇ ਲੋਕਾਂ ਵਿਚ ਪਾਈ ਜਾਂਦੀ ਗ਼ਰੀਬੀ ਦੇ ਅਨੁਮਾਨ ਲਈ ਵਿਸ਼ਵ ਬੈਂਕ ਦੁਆਰਾ ਗ਼ਰੀਬੀ ਨੂੰ ਮਾਪਣ ਲਈ ਦਿਤੇ ਗਏ ਮਾਪਦੰਡਾਂ ਦੀ ਵਰਤੋਂ ਬਹੁਤ ਹੋਣ ਲੱਗੀ ਹੈ। ਇਸ ਸੰਸਥਾ ਦੇ ਘੋਰ ਗ਼ਰੀਬੀ ਮਾਪਦੰਡ ਅਨੁਸਾਰ ਗ਼ਰੀਬੀ ਨੂੰ ਅਨੁਮਾਨਿਤ ਕਰਨ ਲਈ 2016-17 ਦੌਰਾਨ ਪ੍ਰਤਿ ਵਿਅਕਤੀ, ਪ੍ਰਤਿ ਸਾਲ ਆਮਦਨ 12358.17 ਰੁਪਏ ਬਣਦੀ ਹੈ। ਇਸ ਸੰਸਥਾ ਦੇ ਹੀ ਸਧਾਰਨ ਗ਼ਰੀਬੀ ਮਾਪਦੰਡ ਅਨੁਸਾਰ ਇਹ ਆਮਦਨ 20163.33 ਰੁਪਏ ਬਣਦੀ ਹੈ।

ਮਾਹਰ ਗਰੁੱਪ ਮਾਪਦੰਡ ਅਨੁਸਾਰ ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਿਕ ਜੀਆਂ ਵਿਚੋਂ 92.52 ਫ਼ੀਸਦ ਜੀਅ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਸ ਮਾਪਦੰਡ ਅਨੁਸਾਰ, ਆਮਦਨ ਉੱਪਰ ਆਧਾਰਿਤ ਗ਼ਰੀਬੀ ਸਭ ਤੋਂ ਵੱਧ ਗ਼ਰੀਬੀ ਮਾਝਾ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿਚ ਹੈ, ਇਸ ਤੋਂ ਬਾਅਦ ਮਾਲਵਾ ਅਤੇ ਦੋਆਬਾ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਆਉਂਦੇ ਹਨ। ਇਸ ਮਾਪਦੰਡ ਅਨੁਸਾਰ ਮਾਝਾ, ਮਾਲਵਾ ਅਤੇ ਦੋਆਬਾ ਦੇ ਪੇਂਡੂ ਦਲਿਤ ਮਜ਼ਦੂਰ ਔਰਤਾਂ ਦੇ ਕ੍ਰਮਵਾਰ 94.70, 91.85 ਅਤੇ 90.47 ਫ਼ੀਸਦ ਪਰਿਵਾਰਕ ਜੀਅ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

ਤੇਂਦੂਲਕਰ ਮਾਪਦੰਡ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਮਜ਼ਦੂਰ ਔਰਤਾਂ ਦੇ ਕੁੱਲ ਪਰਿਵਾਰਿਕ ਜੀਆਂ ਵਿਚੋਂ 57.71 ਫ਼ੀਸਦ ਜੀਅ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਸ ਮਾਪਦੰਡ ਅਨੁਸਾਰ ਮਾਝਾ, ਮਾਲਵਾ ਅਤੇ ਦੋਆਬਾ ਦੇ ਪੇਂਡੂ ਦਲਿਤ ਮਜ਼ਦੂਰ ਔਰਤ ਪਰਿਵਾਰਾਂ ਦੇ ਕ੍ਰਮਵਾਰ 69.50, 52.20 ਅਤੇ 49.59 ਫ਼ੀਸਦ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਰੰਗਰਾਜਨ ਮਾਪਦੰਡ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਮਜ਼ਦੂਰ ਔਰਤਾਂ ਦੇ 72.71 ਫ਼ੀਸਦ ਜੀਅ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਉਪਰੋਕਤ ਤਿੰਨ ਖੇਤਰਾਂ ਦੇ ਕ੍ਰਮਵਾਰ 80.80, 71.31 ਅਤੇ 63.79 ਫ਼ੀਸਦ ਪਰਿਵਾਰਿਕ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

ਜੇਕਰ ਸੂਬੇ ਦੀ ਪ੍ਰਤਿ ਵਿਅਕਤੀ ਆਮਦਨ ਦੇ 50 ਫ਼ੀਸਦ ਮਾਪਦੰਡ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਪੇਂਡੂ ਦਲਿਤ ਮਜ਼ਦੂਰ ਔਰਤਾਂ ਦੇ ਸਾਰੇ ਜੀਅ ਤਿੰਨਾਂ ਹੀ ਖੇਤਰਾਂ ਵਿਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਅਤੇ 40 ਫ਼ੀਸਦ ਆਮਦਨ ਮਾਪਦੰਡ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਮਜ਼ਦੂਰ ਔਰਤਾਂ ਦੇ 99.74 ਫ਼ੀਸਦ ਪਰਿਵਾਰਿਕ ਜੀਅ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਇਸ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਿਕ ਜੀਆਂ ਦੀ ਗਿਣਤੀ ਮਾਲਵਾ, ਮਾਝਾ ਅਤੇ ਦੋਆਬਾ ਵਿਚ ਕ੍ਰਮਵਾਰ 99.88, 99.80 ਅਤੇ 99.45 ਫ਼ੀਸਦ ਹੈ।

ਵਿਸ਼ਵ ਬੈਂਕ ਦੁਆਰਾ ਦਿੱਤੇ ਗਏ ਘੋਰ ਗ਼ਰੀਬੀ ਮਾਪਦੰਡ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ 33.29 ਫ਼ੀਸਦ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਇਹ ਗਿਣਤੀ ਮਾਝਾ, ਮਾਲਵਾ ਅਤੇ ਦੋਆਬਾ ਵਿਚ ਕ੍ਰਮਵਾਰ 42.94, 29.11 ਅਤੇ 26.49 ਫ਼ੀਸਦ ਬਣਦੀ ਹੈ। ਵਿਸ਼ਵ ਬੈਂਕ ਦੇ ਸਧਾਰਨ ਗ਼ਰੀਬੀ ਮਾਪਦੰਡ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਮਜ਼ਦੂਰ ਔਰਤਾਂ 76.42 ਫ਼ੀਸਦ ਪਰਿਵਾਰਿਕ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਇਹ ਗਿਣਤੀ ਮਾਝਾ, ਮਾਲਵਾ ਅਤੇ ਦੋਆਰਾ ਲਈ ਕ੍ਰਮਵਾਰ 84.35, 75.06 ਅਤੇ 67.64 ਫ਼ੀਸਦ ਬਣਦੀ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਵਿਸ਼ਵ ਬੈਂਕ ਦੇ ਘੋਰ ਗ਼ਰੀਬੀ ਰੇਖਾ ਮਾਪਦੰਡ ਅਨੁਸਾਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਦਲਿਤ ਮਜ਼ਦੂਰ ਔਰਤਾਂ ਦੇ ਪਰਿਵਾਰਿਕ ਜੀਆਂ ਦੀ ਗਿਣਤੀ ਹੋਰ ਸਾਰੇ ਮਾਪਦੰਡਾਂ ਤੋਂ ਬਹੁਤ ਘੱਟ ਹੈ ਜਿਸ ਦਾ ਕਾਰਨ ਇਹ ਹੈ ਕਿ ਵਿਸ਼ਵ ਬੈਂਕ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਨਿਮਨ ਖੇਤਰ ਦੇ ਵਿਕਾਸ ਨਾਲ ਵਿਸ਼ਵ ਪੱਧਰ ਉੱਪਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਸੰਖਿਆ ਲਗਾਤਾਰ ਘਟਦੀ ਜਾ ਰਹੀ ਹੈ।

ਅਸੀਂ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿਚਕਾਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਜੀਆਂ ਦੀ ਗਿਣਤੀ ਅਤੇ ਉਸ ਦਾ ਵਿਸ਼ਲੇਸ਼ਣ ਉਨ੍ਹਾਂ ਪਰਿਵਾਰਾਂ ਦੇ ਖ਼ਪਤ ਖ਼ਰਚ ਆਧਾਰ ਉੱਤੇ ਵੀ ਕੀਤਾ ਹੈ। ਮਾਹਰ ਗਰੁੱਪ ਮਾਪਦੰਡ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ 86.57 ਫ਼ੀਸਦ ਜੀਅ ਖ਼ਪਤ ਖ਼ਰਚ ਉਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਹ ਗਿਣਤੀ ਮਾਝਾ, ਮਾਲਵਾ ਅਤੇ ਦੋਆਬਾ ਲਈ ਕ੍ਰਮਵਾਰ 90.03, 85.95 ਅਤੇ 82.77 ਫ਼ੀਸਦ ਬਣਦੀ ਹੈ। ਤੇਂਦੁਲਕਰ ਮਾਪਦੰਡ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ 44.07 ਫ਼ੀਸਦ ਜੀਅ ਖ਼ਪਤ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਇਹ ਗਿਣਤੀ ਮਾਝਾ, ਮਾਲਵਾ ਅਤੇ ਦੋਆਬਾ ਲਈ ਕ੍ਰਮਵਾਰ 51.44, 42.74 ਅਤੇ 36.02 ਫ਼ੀਸਦ ਹੈ। ਰੰਗਾਰਾਜਨ ਮਾਪਦੰਡ ਅਨੁਸਾਰ ਪੰਜਾਬ ਵਿਚ ਇਹ ਗਿਣਤੀ 56.68 ਫ਼ੀਸਦ, ਜਦੋਂ ਕਿ ਮਾਝਾ, ਮਾਲਵਾ ਅਤੇ ਦੋਆਬਾ ਲਈ 69.43, 52.56 ਅਤੇ 45.55 ਫ਼ੀਸਦ ਹੈ। ਸੂਬੇ ਦੇ ਪ੍ਰਤਿ ਵਿਅਕਤੀ ਆਮਦਨ ਦੇ 50 ਅਤੇ 40 ਫ਼ੀਸਦ ਮਾਪਦੰਡਾਂ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਕ੍ਰਮਵਾਰ 99.93 ਅਤੇ 98.41 ਫ਼ੀਸਦ ਜੀਅ ਖ਼ਪਤ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਨ੍ਹਾਂ ਦੋਵਾਂ ਹੀ ਮਾਪਦੰਡਾਂ ਅਨੁਸਾਰ ਪੰਜਾਬ ਦੇ ਤਿੰਨਾਂ ਹੀ ਖੇਤਰਾਂ ਵਿਚ 97 ਫ਼ੀਸਦ ਤੋਂ ਜ਼ਿਆਦਾ ਜੀਅ ਖ਼ਪਤ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਆਪਣਾ ਜੀਵਨ ਬਸਰ ਕਰ ਰਹੇ ਹਨ।

ਵਿਸ਼ਵ ਬੈਂਕ ਦੀ ਘੋਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਜੀਆਂ ਦੀ ਗਿਣਤੀ ਸਿਰਫ਼ 13.03 ਫ਼ੀਸਦ, ਜਦੋਂ ਕਿ ਇਸ ਸੰਸਥਾ ਦੀ ਸਧਾਰਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ 61.65 ਫ਼ੀਸਦ ਹੈ। ਵਿਸ਼ਵ ਬੈਂਕ ਦੀ ਘੋਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਜੀਆਂ ਦੀ ਗਿਣਤੀ ਮਾਝਾ, ਮਾਲਵਾ ਅਤੇ ਦੋਆਬਾ ਵਿਚ ਕ੍ਰਮਵਾਰ 15.52, 12.32 ਅਤੇ 10.72 ਫ਼ੀਸਦ ਹੈ। ਇਸ ਸੰਸਥਾ ਦੀ ਸਾਧਾਰਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਜੀਆਂ ਦੀ ਗਿਣਤੀ ਉਪਰੋਕਤ ਤਿੰਨਾਂ ਖੇਤਰਾਂ ਵਿਚ ਗਿਣਤੀ ਕ੍ਰਮਵਾਰ ਗਿਣਤੀ 73.38, 59.29 ਅਤੇ 49.22 ਫ਼ੀਸਦ ਬਣਦੀ ਹੈ।

ਉਪਰੋਕਤ ਵਿਖਿਆਨ ਅਤੇ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਜ਼ਿਆਦਾਤਰ ਜੀਅ ਗ਼ਰੀਬੀ ਦੇ ਬੋਝ ਥੱਲੇ ਦੱਬੇ ਹੋਏ ਹਨ। ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿਚਕਾਰ ਖ਼ਪਤ ਖ਼ਰਚ ਉਪਰ ਆਧਾਰਤ ਗ਼ਰੀਬੀ, ਆਮਦਨ ਉੱਪਰ ਆਧਾਰਤ ਗ਼ਰੀਬੀ ਨਾਲੋਂ ਕੁਝ ਘਟ ਹੈ ਜਿਸਦਾ ਕਾਰਨ ਇਹ ਹੈ ਕਿ ਇਹ ਦਲਿਤ ਲੋਕ ਸਿਰਫ਼ ਜਿਉਂਦਾ ਰਹਿਣ ਲਈ ਕੁਝ ਉਧਾਰ (ਕਰਜ਼ਾ) ਲੈਂਦੇ ਹਨ। ਇਨ੍ਹਾਂ ਪਰਿਵਾਰਾਂ ਨੂੰ ਗ਼ਰੀਬੀ ਤੋਂ ਨਿਜਾਤ ਦਿਵਾਉਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਦੀ ਆਮਦਨ ਨੂੰ ਵਧਾਇਆ ਜਾਵੇ। ਇਨ੍ਹਾਂ ਪਰਿਵਾਰਾਂ ਦੀ ਆਮਦਨ ਵਧਾਉਣ ਲਈ ਪੇਂਡੂ ਦਲਿਤ ਔਰਤ ਮਜ਼ਦੂਰਾਂ ਨੂੰ ਬਾਲਗ ਸਿੱਖਿਆ, ਇਨ੍ਹਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣੀ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਨਾਲ ਮਨਰੇਗਾ ਅਧੀਨ ਕੰਮ ਦੇ ਦਿਨ ਅਤੇ ਮਜ਼ਦੂਰੀ ਦੀ ਦਰ ਵਧਾਈ ਜਾਵੇ। ਪਿੰਡਾਂ ਵਿਚ ਐਗਰੋ ਪ੍ਰੋਸਸਿੰਗ ਉਦਯੋਗਾਂ ਨੂੰ ਸਹਿਕਾਰੀ ਆਧਾਰ ਉੱਪਰ ਵਿਕਸਿਤ ਕੀਤਾ ਜਾਵੇ। ਇਾਂਸ ਸੰਬੰਧ ਵਿਚ ਸਭ ਤੋਂ ਅਹਿਮ ਦਲਿਤਾਂ ਦੇ ਹੱਕ ਵਿਚ ਕੀਤੇ ਜਾਣ ਵਾਲੇ ਭੂਮੀ ਸੁਧਾਰ ਹੋਣਗੇ ਜਿਸ ਦਾ ਪ੍ਰਮਾਣ ਸੰਗਰੂਰ ਜ਼ਿਲ੍ਹੇ ਵਿਚੋਂ ਮਿਲਦਾ ਹੈ।

# Kewal Vig Award, 2019 – In Honour of Literary Personalities

Kewal Vig Award is a prestigious award instituted in 1994 in the sweet memory of renowned journalist Kewal Vig, founder editor of an esteemed periodical being published from Jalandhar – Janta Sansar – a News and Views Magazine -for the last more than 50 years. Kewal Vig Awards, hosted by the worthy son of Kewal Vig and the current Editor of Janta Sansar Jatinder Mohan Vig, are conferred on the prominent personalities in the field of journalism and literature every year successively on December 4 on the death anniversary of Kewal Vig. A long list of 55 awardees till 2018 reads like a "Who's Who" in the intellectual and literary circles of the region and beyond. It is not a small feat. Jatinder Mohan and his associates deserve to be thanked and congratulated for adding meaningfully to the cultural, literary and social calendar of Jalandhar – a city of media and educational excellence.




The Awards for the year 2019 were conferred on two known literary intellectuals – Sardar Harphool Singh, a poet and gazal writer and Advocate Mohan Lal Phillauria, a story writer and a community activist. An excellent choice.

The first part of the award function on December 4, 2019 held at Desh Bhagat Yadgar Hall concluded with the recital of Guruwani with prayers for peace and harmony as a tribute to Kewal Vig. In the second half, famous gazal singers, Surinder Gulson, Pammi Hanspal, among others regaled the attentive and enlightened audience with the gazals written by a sauve personality Sardar Harphool Singh, one of the awardees, proudly sitting on the dias. I was fully impressed by the beautifully worded and sung compositions. It was a betting tribute to Kewal Vig.

I have had the pleasure to participate in the function as one of the Special Guests of Honour along with distinguished personalities like ADC Kulwant Singh, Director Enforcement B.K. Virdi, Retired Director of Languages Chetan Singh and Punjabi Poet Rachhpal Singh Pal. The awards were conferred by the esteemed Chief Guest at the function DGP Inder Preet Singh Sahota. Being a faceless diplomat for long years, it was a good opportunity to meet and know the cream of the civil society in and around Jalandhar. I must thank Jatinder Mohan and Shiv Kanwar Singh Sandhu for inviting me to the well arranged and nicely conducted event. The anchor Gagandeep Sondhi did an excellent job in making the function a lively and relaxed evening as the Master of Ceremonies.

## ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੇ ਸ਼ਹੀਦੀ ਪੁਰਬ 'ਤੇ

# 'ਬਹਾਦਰ ਬਾਪ ਦੇ ਬਹਾਦਰ ਬੇਟੇ'

ਗੁਰੂ ਗੋਬਿੰਦ ਸਿੰਘ ਜੀ ਦੇ ਬਹੁਤ ਹੀ ਬਹਾਦਰ ਤੇ ਨਿਡਰ ਸਿੱਖ, ਕਈ ਮਹੀਨਿਆਂ ਤੱਕ ਇਕੱਠੇ ਹੋ ਕੇ ਆਨੰਦਪੁਰ ਸਾਹਿਬ ਦੇ ਕਿਲ੍ਹੇ ਦੇ ਬਾਹਰ ਮੁਗਲ ਫੌਜਾਂ ਨਾਲ ਲੋਹਾ ਲੈਂਦੇ ਰਹੇ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਸਾਹਿਬ ਤੇ ਉਹਨਾਂ ਦੇ ਸਿੱਖਾਂ ਨੂੰ ਕਸਮਾਂ ਭਰਿਆ ਸੁਨੇਹਾ ਭੇਜਿਆ ਕਿ ਜੇਕਰ ਉਹ ਕਿਲ੍ਹਾ ਖਾਲੀ ਕਰਕੇ ਜਿੱਥੇ ਵੀ ਉਹ ਜਾਣਾ ਚਾਹੁਣ, ਉਹਨਾਂ ਨੂੰ ਜਾਣ ਦਿੱਤਾ ਜਾਵੇਗਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗਲ ਬਾਦਸ਼ਾਹ ਦੀਆਂ ਕਸਮਾਂ 'ਤੇ ਇਤਬਾਰ ਨਹੀਂ ਸੀ, ਪਰ ਉਹਨਾਂ ਦੇ ਬਹੁਤ ਹੀ ਪਿਆਰੇ ਤੇ ਭਰੋਸੇਮੰਦ ਸਿੱਖਾਂ ਦੇ ਕਹਿਣ 'ਤੇ ਹਿਚਕਚਾਉਂਦਿਆਂ ਹੋਇਆਂ ਉਹਨਾਂ ਦੀ ਗੱਲ ਮੰਨ ਕੇ ਕਿਲ੍ਹਾ ਖਾਲੀ ਕਰਨ ਦੀ ਗੱਲ ਮੰਨ ਲਈ। ਇਹ ਉਸੇ ਤਰ੍ਹਾਂ ਹੀ ਵਾਪਰਿਆ ਜਿਵੇਂ ਗੁਰੂ ਸਾਹਿਬ ਸੋਚਦੇ ਸਨ ਕਿ ਜਦੋਂ ਅਸੀਂ ਕਿਲ੍ਹਾ ਖਾਲੀ ਕਰਕੇ ਜਾਵਾਂਗੇ, ਇਹ ਰਸਤੇ 'ਚ ਸਾਨੂੰ ਗ੍ਰਿਫ਼ਤਾਰ ਕਰਨਗੇ ਜਾਂ ਸਾਡੇ 'ਤੇ ਹਮਲਾ ਕਰ ਕੇ ਸਾਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨਗੇ। ਜਿਉਂ ਹੀ ਸਿੱਖ ਕਿਲ੍ਹੇ ਤੋਂ ਬਾਹਰ ਆਏ ਤਾਂ ਮੁਗਲ ਫੌਜ ਇਕਦਮ ਉਨ੍ਹਾਂ ਤੇ ਪਿਛਿਓਂ ਦੀ ਝਪਟ ਪਈ ਤੇ ਸਿਰਸਾ ਨਦੀ ਦੇ ਕਿਨਾਰੇ 'ਤੇ ਸ਼ਾਹੀ ਫੌਜਾਂ ਤੇ ਸਿੱਖਾਂ ਦੀ ਜਬਰਦਸਤ ਲੜਾਈ ਹੋਈ। ਬਹਾਦਰ ਸਿੱਖਾਂ 'ਚ ਇਕਦਮ ਖਲਬਲੀ ਮੱਚ ਗਈ ਤੇ ਉਹਨਾਂ ਨੂੰ ਸੰਭਲਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ ਪਰ ਫਿਰ ਵੀ ਉਹਨਾਂ ਨੇ ਬੜੀ ਬਹਾਦਰੀ ਨਾਲ, ਸ਼ਾਹੀ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਹਰ ਸਿੱਖ ਯੋਧੇ ਨੇ ਆਪਣੀ ਸ਼ਹੀਦੀ ਪ੍ਰਾਪਤ ਕਰਨ ਤੋਂ ਪਹਿਲਾਂ, ਇਕੱਲੇ-ਇਕੱਲੇ ਨੇ ਕਈ-ਕਈ ਮੁਗਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।


ਇਸ ਲੜਾਈ ਦੀ ਭਗਦੜ 'ਚ ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦਾ ਪਰਿਵਾਰ ਸਰਸਾ ਨਦੀ ਦੇ ਕਿਨਾਰੇ 'ਤੇ ਇਕ-ਦੂਸਰੇ ਤੋਂ ਵਿੱਛੜ ਗਿਆ। ਦੋ ਛੋਟੇ ਪੁੱਤਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਗੁਰੂ ਸਾਹਿਬ ਜੀ ਦੀ ਬਜ਼ੁਰਗ ਮਾਤਾ ਗੁਜਰੀ ਜੀ ਨਾਲ ਚਲੇ ਗਏ। ਉਹ ਸਿਰਸਾ ਨਦੀ ਦੇ ਕਿਨਾਰੇ-ਕਿਨਾਰੇ ਸੰਘਣੇ ਜੰਗਲ ਤੇ ਕਾਂਟੇਦਾਰ ਝਾੜੀਆਂ ਦੇ ਵਿਚ ਦੀ ਚਲਦੇ ਹੋਏ ਤੇ ਰਸਤੇ 'ਚ ਕਈ ਜ਼ਹਿਰੀਲੇ ਸੱਪਾਂ ਤੇ ਸ਼ੇਰ-ਚੀਤਿਆਂ ਤੋਂ ਬਚਦੇ ਹੋਏ, ਬੜੀ ਨਿਡਰਤਾ ਨਾਲ ਆਪਣੀ ਦਾਦੀ ਜੀ ਤੋਂ ਸਿੱਖ ਬਹਾਦਰਾਂ ਦੀਆਂ ਕਹਾਣੀਆਂ ਸੁਣਦੇ ਹੋਏ ਤੇ ਉਹਨਾਂ ਤੋਂ ਸ਼ਬਦ ਪਾਠ ਸੁਣਦੇ ਹੋਏ, ਤੁਰਦੇ ਗਏ। ਇਸ ਤਰ੍ਹਾਂ ਉਹਨਾਂ ਨੇ ਆਪਣਾ ਸਫ਼ਰ ਬੜੇ ਆਰਾਮ ਨਾਲ ਤਹਿ ਕਰ ਲਿਆ।

ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਵੱਡੇ ਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਗੁਰੂ ਜੀ ਦੇ ਨਾਲ ਸਨ। ਸਿਰਸਾ ਨਦੀ ਪਾਰ ਕਰਨ ਉਪਰੰਤ ਉਹਨਾਂ ਨੇ ਰਾਤ ਰੋਪੜ ਗੁਜ਼ਾਰੀ ਤੇ ਦੂਸਰੀ ਸਵੇਰ ਨੂੰ ਸਹਿਜਰੇ ਹੀ ਉਹ ਚਮਕੌਰ ਦੀ ਗੜ੍ਹੀ 'ਚ ਪਹੁੰਚ ਗਏ। ਬਿਖੜਾ ਤੇ ਬਹੁਤ ਹੀ ਔਕੜਾਂ ਭਰਿਆ ਪੈਂਡਾ ਪਾਰ ਕਰਨ ਉਪਰੰਤ ਮਾਤਾ ਗੁਜਰੀ ਜੀ ਤੇ ਦੋਵੇਂ ਸਾਹਿਬਜ਼ਾਦੇ ਇਕ ਮੁਸਲਮਾਨ ਪਾਣੀ ਢੋਣ ਵਾਲਾ ਮਾਸ਼ਕੀ ਜਿਸ ਦਾ ਨਾਮ 'ਕੁੰਮਾਂ' ਸੀ ਦੀ ਝੌਂਪੜੀ 'ਚ ਪਹੁੰਚ ਗਏ। ਮਾਤਾ ਜੀ ਨੂੰ ਦੇਖ ਕੇ ਕੁੰਮਾਂ ਆਪਣੇ ਦੋਵੇਂ ਹੱਥ ਜੋੜ ਕੇ ਆਪਣੀ ਝੌਂਪੜੀ ਤੋਂ ਬਾਹਰ ਆਇਆ ਤੇ ਉਸ ਨੇ ਮਾਤਾ ਜੀ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ ਕਿ ਉਸ ਦੀ ਝੌਂਪੜੀ 'ਚ ਰੁਕਣ ਤੇ ਉਸ ਨੂੰ ਆਸ਼ੀਰਵਾਦ ਦੇਣ। ਮਾਤਾ ਗੁਜਰੀ ਜੀ ਉਸ ਦੀ ਸ਼ਰਧਾ ਦੇਖ ਕੇ ਬਹੁਤ ਖੁਸ਼ ਹੋਏ ਤੇ ਮੋਹਰੇ ਸ਼ਾਮ ਹੁੰਦੀ ਦੇਖ ਕੇ ਮਾਤਾ ਜੀ ਨੇ ਝੌਂਪੜੀ 'ਚ ਠਹਿਰ ਕੇ, ਆਪਣਾ ਮਨ ਰਾਤ ਗੁਜ਼ਾਰਨ ਲਈ ਬਣਾ ਲਿਆ।

ਦੂਸਰੀ ਸਵੇਰ ਨੂੰ ਅਜੇ ਮਾਤਾ ਗੁਜਰੀ ਜੀ, ਸਾਹਿਬਜ਼ਾਦੇ ਤੇ ਕੁੰਮਾਂ ਗੱਲਬਾਤ ਕਰ ਹੀ ਰਹੇ ਸਨ ਕਿ ਗੁਰੂ ਜੀ ਦਾ ਪੁਰਾਣਾ ਘਰੇਲੂ ਨੌਕਰ ਗੰਗੂ ਆ ਪਹੁੰਚਿਆ। ਉਸ ਨੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਉਹ, ਉਸ ਨਾਲ ਉਸ ਦੇ ਪਿੰਡ ਚਲੇ ਚੱਲਣ। ਉਸ ਨੇ ਉਹਨਾਂ ਨੂੰ ਯਕੀਨ ਦੁਆਇਆ ਕਿ ਉਨ੍ਹਾਂ ਬਾਰੇ ਜਾਣਕਾਰੀ ਕਿਸੇ ਵੀ ਬਾਦਸ਼ਾਹੀ ਸਰਕਾਰੀ ਤੰਤਰ ਨੂੰ ਪਤਾ ਨਹੀਂ ਲੱਗੇਗੀ ਤੇ ਉਹ ਉਥੇ ਬਿਲਕੁਲ ਸੁਰੱਖਿਅਤ ਰਹਿਣਗੇ। ਪਹਿਲਾਂ ਮਾਤਾ ਜੀ ਉਥੇ ਜਾਣ ਲਈ ਥੋੜ੍ਹਾ ਹਿਚਕਚਾਏ ਪਰ ਗੰਗੂ ਦੇ ਥੋੜ੍ਹਾ ਜਿੱਦ ਕਰਨ 'ਤੇ ਉਹ, ਉਸ ਨਾਲ ਜਾਣ ਲਈ ਰਾਜ਼ੀ ਹੋ ਗਏ। ਉਹਨਾਂ ਨੇ ਆਪਣਾ ਸਮਾਨ ਇਕ ਖੱਚਰ ਤੇ ਲੱਦਣ ਉਪਰੰਤ ਸਭ ਗੰਗੂ ਦੇ ਪਿੰਡ ਵੱਲ ਨੂੰ ਰਵਾਨਾ ਹੋ ਗਏ। ਦੋਵੇਂ ਸਾਹਿਬਜ਼ਾਦੇ ਆਪਣੇ ਦਾਦੀ ਜੀ ਨਾਲ ਤੁਰ ਕੇ ਜਾ ਰਹੇ ਸਨ ਤੇ ਉਹ ਚਲਦੇ ਹੋਏ ਕਦੀ-ਕਦੀ ਆਪਣੇ ਪਿਤਾ ਜੀ ਤੇ ਆਪਣੇ ਵੱਡੇ ਭਰਾਵਾਂ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਬਾਰੇ ਵੀ ਆਪਣੀ ਦਾਦੀ ਤੋਂ ਜਾਣਕਾਰੀ ਲੈਂਦੇ ਸਨ ਕਿ ਉਹ ਕਿੱਥੇ ਹਨ?

ਸਾਰਾ ਦਿਨ ਦਾ ਸਫ਼ਰ ਕਰਨ ਉਪਰੰਤ ਉਹ ਸ਼ਾਮ ਨੂੰ ਪਿੰਡ ਖੇੜੀ ਪਹੁੰਚੇ। ਗੰਗੂ ਦੇ ਘਰ ਪਹੁੰਚਣ ਉਪਰੰਤ ਮਾਤਾ ਜੀ ਨੇ ਆਪਣਾ ਸਾਰਾ ਸਮਾਨ ਘਰ ਦੇ ਇਕ ਕਮਰੇ ਦੇ ਖੂੰਜੇ 'ਚ ਰੱਖ ਦਿੱਤਾ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਆਪਣੇ ਪਹਿਨੇ ਹੋਏ ਕੱਪੜੇ ਬਦਲ ਕੇ, ਆਪਣਾ ਬਿਸਤਰਾ ਬਿਛਾਇਆ, ਆਪਣਾ ਸ਼ਾਮ ਦਾ ਪਾਠ ਕੀਤਾ ਤੇ ਆਪਣੇ ਦਾਦੀ ਜੀ ਨਾਲ ਗਲਵੱਕੜੀ ਪਾ ਕੇ ਸੌਂ ਗਏ।

ਅੱਧੀ ਰਾਤ ਨੂੰ ਗੰਗੂ ਸਹਿਜ ਦੇਣੀ, ਉਹਨਾਂ ਦੇ ਕਮਰੇ 'ਚ ਆਇਆ ਤੇ ਸਮਝਿਆ ਕਿ ਮਾਤਾ ਜੀ ਤੇ ਸਾਹਿਬਜ਼ਾਦੇ ਅੱਖਾਂ ਮੀਟ ਕੇ ਗੂੜ੍ਹੀ ਨੀਂਦ 'ਚ ਸੁੱਤੇ ਪਏ ਹਨ, ਉਹ ਥੋੜ੍ਹਾ ਝੁਕਿਆ, ਉਸ ਨੇ ਆਪਣੇ ਹੱਥ ਬੈਗ 'ਚ ਪਾਏ, ਸਾਰੇ ਸੋਨੇ ਦੇ ਗਹਿਣੇ ਤੇ ਸਿੱਕੇ ਕੱਢ ਲਏ ਤੇ ਕਮਰੇ 'ਚੋਂ ਬਾਹਰ ਨਿਕਲ ਗਿਆ। ਮਾਤਾ ਜੀ ਨੇ ਸੁੱਤਿਆਂ ਹੋਇਆਂ ਪੈਰਾਂ ਦੀ ਵਿੜਕ ਵੀ ਸੁਣੀ ਪਰ ਉਹ ਸੁੱਤੇ ਰਹੇ ਤੇ ਰੋਜ਼ ਦੀ ਆਦਤ ਵਾਂਗ ਲੰਮੇ ਪਏ ਰਹੇ। ਜਦੋਂ ਉਹ ਸਵੇਰ ਨੂੰ ਉੱਠੇ, ਉਹਨਾਂ ਨੇ ਗੰਗੂ ਨੂੰ ਪੁੱਛਿਆ ਕਿ 'ਸਾਡਾ ਸਾਰਾ ਸਮਾਨ ਖਿੱਲਰਿਆ ਪਿਆ ਹੈ, ਮੈਨੂੰ ਪੱਕਾ ਯਕੀਨ ਹੈ ਕਿ ਬਾਹਰ ਦਾ ਦਰਵਾਜ਼ਾ ਬੰਦ ਸੀ। ਸਾਡੇ ਸੋਨੇ ਦੇ ਗਹਿਣੇ ਤੇ ਸਿੱਕੇ ਕਿੱਥੇ ਹਨ?' ਗੰਗੂ ਕੁਝ ਨਹੀਂ ਬੋਲਿਆ ਤੇ ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਉਹ ਚੁੱਪ-ਚਪੀਤੇ ਘਰੋਂ ਬਾਹਰ ਨਿਕਲ ਗਿਆ ਤੇ ਜੋਰ-ਜੋਰ ਦੀ ਰੌਲਾ ਪਾਉਣ ਲੱਗ ਪਿਆ ਕਿ ਚੋਰ ਨੂੰ ਲੱਭਣ ਵਿਚ ਸਾਡੀ ਮਦਦ ਕੀਤੀ ਜਾਵੇ। ਮਾਤਾ ਜੀ ਨੇ ਉਸ ਨੂੰ ਅੰਦਰ ਬੁਲਾਇਆ ਤੇ ਕਿਹਾ ਕਿ, ''ਐਵੇਂ ਫਜ਼ੂਲ ਦੀ ਖਲਬਲੀ ਨਾ ਮਚਾਅ'। ਗੰਗੂ ਆਪਣੀ ਗੱਲ 'ਤੇ ਅੜਿਆ ਰਿਹਾ ਤੇ ਕਹਿੰਦਾ ਰਿਹਾ ਕਿ ਚੋਰ ਦੀ ਤਲਾਸ਼ ਜ਼ਰੂਰ ਕੀਤੀ ਜਾਵੇਗੀ। ਮਾਤਾ ਜੀ ਨੇ ਗੰਗੂ ਨੂੰ ਸ਼ਾਂਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਤੇ ਕਿਹਾ, 'ਤੁਹਾਨੂੰ ਜਿੰਨੇ ਸੋਨੇ ਦੇ ਸਿੱਕੇ ਚਾਹੀਦੇ ਹਨ ਉਹ ਰੱਖ ਲਓ ਤੇ ਬਾਕੀ ਮੈਨੂੰ ਮੋੜ ਦਿਓ।' ਗੰਗੂ ਆਪਣੀ ਗਲਤੀ ਮੰਨਣ ਦੀ ਥਾਂ, ਸਗੋਂ ਰੋਹ 'ਚ ਆ ਗਿਆ ਤੇ ਮਾਤਾ ਜੀ ਨੂੰ ਕਹਿਣਾ ਸ਼ੁਰੂ ਕਰ ਦਿੱਤਾ, ਤੁਸੀਂ ਮੇਰੇ 'ਤੇ ਸ਼ੱਕ ਕਰਦੇ ਹੋ ਤੇ ਇਲਜ਼ਾਮ ਲਾਉਂਦੇ ਹੋ। ਤੁਸੀਂ ਕਿੰਨੇ ਅਕ੍ਰਿਤਘਣ ਹੋ। ਮੈਂ ਤੁਹਾਨੂੰ ਇਕ ਰਫ਼ੂਜੀ ਦੇ ਤੌਰ 'ਤੇ ਪਨਾਹ ਦਿੱਤੀ ਹੈ ਤੇ ਤੁਸੀਂ ਮੇਰੇ 'ਤੇ ਇਸ ਦੇ ਬਦਲੇ 'ਚ ਚੋਰੀ ਦਾ ਇਲਜ਼ਾਮ ਲਾਉਂਦੇ ਹੋ।' ਮਾਤਾ ਗੁਜਰੀ ਜੀ ਨੇ ਗੰਗੂ ਨੂੰ ਆਪਣੀਆਂ ਮਜਬੂਰੀਆਂ ਤੇ ਹੋਰ ਕਈ ਕਾਰਨਾਂ ਨਾਲ ਸ਼ਾਂਤ ਕਰਨ ਦਾ ਯਤਨ ਕੀਤਾ ਪਰ ਗੰਗੂ ਨੇ ਉਹਨਾਂ ਦੀ ਇਕ ਨਾ ਸੁਣੀ। ਗੰਗੂ ਘਰੋਂ ਸਿੱਧਾ ਮੁਰਿੰਡਾ ਦੇ ਥਾਣੇ ਚਲਾ ਗਿਆ। ਥਾਣੇ ਪਹੁੰਚ ਕੇ ਉਹ ਸਭ ਤੋਂ ਪਹਿਲਾਂ, ਥਾਣੇ ਦੇ ਕੋਤਵਾਲ ਨੂੰ ਮਿਲਿਆ। ਕੋਤਵਾਲ ਨੂੰ ਸਲਾਮ ਮਾਰਨ ਤੋਂ ਬਾਅਦ ਉਸ ਨੇ ਕੋਤਵਾਲ ਨੂੰ ਕਿਹਾ ਕਿ ਮੈਂ ਤੁਹਾਡੇ ਨਾਲ ਕੋਈ ਗੁਪਤ ਸੂਚਨਾ ਬਾਰੇ ਗੱਲ ਕਰਨੀ ਹੈ। ਕੋਤਵਾਲ ਦੇ ਪੁੱਛਣ 'ਤੇ ਗੰਗੂ ਨੇ ਬੜੀ ਧੀਮੀ ਆਵਾਜ਼ 'ਚ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਤੇ ਉਹਨਾਂ ਦੇ ਦੋ ਛੋਟੇ ਪੁੱਤਰ ਮੇਰੇ ਘਰ 'ਚ ਛੁਪੇ ਹੋਏ ਹਨ। ਕੋਤਵਾਲ ਇਹ ਖ਼ਬਰ ਸੁਣ ਕੇ ਬਹੁਤ ਖੁਸ਼ ਹੋਇਆ। ਉਸ ਨੇ ਆਪਣੇ ਸਿਪਾਹੀਆਂ ਨੂੰ ਆਦੇਸ਼ ਦਿੱਤਾ ਕਿ ਗੰਗੂ ਨਾਲ ਉਸ ਦੇ ਘਰ ਜਾਓ ਤੇ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਲਿਆਓ।





ਪ੍ਰੋ: ਐਚ.ਐਲ.ਕਪੂਰ

ਜਦੋਂ ਸਿਪਾਹੀ ਗੰਗੂ ਦੇ ਘਰ ਪਹੁੰਚੇ ਤਾਂ ਆਂਢ-ਗੁਆਂਢ ਦੇ ਕੁਝ ਲੋਕ ਚੋਰੀ ਅੱਖ ਨਾਲ ਦੇਖਣ ਲਈ ਘਰੋਂ ਬਾਹਰ ਨਿਕਲ ਆਏ। ਕੁਝ ਸਿਪਾਹੀ ਗੰਗੂ ਦੇ ਘਰ ਦੀ ਪਿਛਵਾੜੀ ਵੱਲ ਘਰ ਨੂੰ ਘੇਰਾ ਪਾਉਣ ਲਈ ਦੌੜੇ ਤੇ ਉਹਨਾਂ ਨੇ ਦੇਖਿਆ ਕਿ ਮਾਤਾ ਜੀ ਤੇ ਦੋਵੇਂ ਸਾਹਿਬਜ਼ਾਦੇ ਬੇਫਿਕਰ ਹੋ ਕੇ ਬੈਠੇ ਸਨ। ਸਿਪਾਹੀਆਂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਸਾਡੇ ਪਾਸ ਤੁਹਾਨੂੰ ਗ੍ਰਿਫ਼ਤਾਰ ਕਰਨ ਲਈ ਕੋਤਵਾਲ ਦੇ ਆਦੇਸ਼ ਹਨ। ਮਾਤਾ ਗੁਜਰੀ ਜੀ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਆਪਣੀ ਜੱਫੀ 'ਚ ਲਿਆ, ਜਿਹੜੇ ਕਿ ਦੋਵੇਂ ਉਹਨਾਂ ਨਾਲ ਜਾਣ ਲਈ ਤਿਆਰ ਸਨ। ਤਿੰਨਾਂ ਨੂੰ ਗ੍ਰਿਫ਼ਤਾਰ ਕਰਕੇ ਸਿਪਾਹੀ ਆਪਣੇ ਨਾਲ ਲੈ ਗਏ। ਘਰ ਦੇ ਬਾਹਰ ਲੋਕਾਂ ਦੀ ਭੀੜ ਲੱਗ ਗਈ ਤੇ ਗੰਗੂ ਇਕ ਪਾਸੇ ਨੀਵੀਂ ਪਾਈ ਖੜ੍ਹਾ ਸੀ। ਲੋਕ ਗੰਗੂ ਦੀ ਗੱਦਾਰੀ ਤੇ ਵਿਸ਼ਵਾਸਘਾਤ ਦੀਆਂ ਗੱਲਾਂ ਕਰ ਰਹੇ ਸਨ। ਇਕ ਔਰਤ ਨੇ ਗੰਗੂ 'ਤੇ ਵਿਅੰਗ ਕਸਦਿਆਂ ਕਿਹਾ ਕਿ, ''ਇਸ ਨੇ ਆਪਣੇ ਲਈ ਖਾਈ ਪੁੱਟ ਲਈ ਹੈ! ਇਹ ਆਪ ਹੀ ਮਾਤਾ ਗੁਜਰੀ ਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਘਰ ਲਿਆਇਆ ਹੈ ਤੇ ਆਪ ਹੀ ਇਹਨਾਂ ਦੀ ਸੂਚਨਾ ਸਰਕਾਰ ਨੂੰ ਦੇ ਦਿੱਤੀ ਹੈ।'' ਲੋਕ ਹੈਰਾਨ ਸਨ ਕਿ ਦੋ ਮਾਸੂਮ ਜਿੰਦਾਂ ਤੇ ਬਹੁਤ ਹੀ ਸਤਿਕਾਰਯੋਗ ਬਜ਼ੁਰਗ ਮਾਤਾ ਗੁਜਰੀ ਜੀ ਨੂੰ ਪੁਲਿਸ ਥਾਣੇ ਕਿਉਂ ਲੈ ਗਈ ਹੈ। ਲੋਕ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਵਿਅਕਤਿਤਵ ਤੋਂ ਬਹੁਤ ਪ੍ਰਭਾਵਿਤ ਹੋਏ ਕਿ ਆਪਣੀ ਗ੍ਰਿਫ਼ਤਾਰੀ ਸਮੇਂ ਜ਼ਰਾ ਵੀ ਨਹੀਂ ਘਬਰਾਏ ਸਗੋਂ ਆਪਣੀ ਪੂਰੀ ਚੜ੍ਹਦੀਕਲਾ 'ਚ ਦਿਖਾਈ ਦਿੰਦੇ ਸਨ।

ਥਾਣੇ ਪਹੁੰਚ ਕੇ ਦੋਵਾਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਇਕ ਰਾਤ ਜੇਲ੍ਹ ਦੀ ਕੋਠੜੀ 'ਚ ਰੱਖਿਆ ਗਿਆ। ਰਾਤ ਨੂੰ ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਬਹਾਦਰ ਸ਼ਰਧਾਲੂਆਂ ਦੀਆਂ ਕਹਾਣੀਆਂ ਸੁਣਾਈਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪੂਰਾ ਸਾਕਾ ਸੁਣਾਇਆ ਤੇ ਉਹਨਾਂ ਦੇ ਬਹੁਤ ਹੀ ਪਿਆਰੇ ਤੇ ਪ੍ਰੇਮੀ ਗੁਰੂ ਤੇਗ ਬਹਾਦਰ ਜੀ ਦੀ ਹਿੰਦੂ ਧਰਮ ਦੀ ਰਾਖੀ ਲਈ ਦਿੱਤੀ ਸ਼ਹੀਦੀ ਦਾ ਪੂਰਾ ਵੇਰਵਾ ਸੁਣਾਇਆ ਤੇ ਮਾਤਾ ਗੁਜਰੀ ਜੀ ਨੇ ਸੌਣ ਤੋਂ ਪਹਿਲਾਂ ਸ਼ਾਮ ਨੂੰ 'ਰਹਿਰਾਸ ਤੇ ਕੀਰਤਨ ਸੋਹਲਾ' ਦਾ ਪਾਠ ਕੀਤਾ। ਦੂਸਰੀ ਸਵੇਰ ਨੂੰ ਉਹਨਾਂ ਨੂੰ ਬੈਲ ਗੱਡੇ ਤੇ ਬਿਠਾ ਕੇ ਬੱਸੀ ਥਾਣੇ ਲਿਜਾਇਆ ਗਿਆ। ਉਹਨਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਚਾਰ ਚੁਫੇਰੇ ਬੜੀ ਜਲਦੀ ਫੈਲ ਗਈ। ਜਿਸ ਰਸਤੇ ਵੱਲ ਵੀ ਉਹਨਾਂ ਨੂੰ ਲਿਜਾਇਆ ਗਿਆ ਉਸ ਰਸਤੇ 'ਤੇ ਉਹਨਾਂ ਦੇ ਦਰਸ਼ਨਾਂ ਨੂੰ ਬੜੀ ਭੀੜ ਇਕੱਤਰ ਹੋਈ-ਹੋਈ ਸੀ। ਲੋਕ ਬੜੇ ਹੈਰਾਨ ਤੇ ਪ੍ਰੇਸ਼ਾਨ ਸਨ ਕਿ ਦੋ ਮਾਸੂਮ ਤੇ ਬੇਕਸੂਰ ਲੜਕੇ ਤੇ ਉਹਨਾਂ ਦੀ ਬਜ਼ੁਰਗ ਦਾਦੀ ਨੂੰ ਗ੍ਰਿਫ਼ਤਾਰ ਕਰਕੇ ਲਿਜਾਇਆ ਜਾ ਰਿਹਾ ਹੈ। ਰਸਤੇ 'ਤੇ ਇਕੱਠੀ ਹੋਈ ਭੀੜ ਨੇ ਦੇਖਿਆ ਕਿ ਜਿਵੇਂ ਉਹਨਾਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰੀ ਦਾ ਕੋਈ ਡਰ ਨਾ ਹੋਵੇ ਤੇ ਲੋਕ ਇਸ ਨਿਡਰਤਾ ਦੀ ਤਾਰੀਫ਼ ਵੀ ਕਰਦੇ ਸਨ ਤੇ ਇਹ ਵੀ ਕਹਿੰਦੇ ਸਨ ਕਿ, ''ਇਹ ਬਹਾਦਰ ਸਾਹਿਬਜ਼ਾਦੇ ਇਕ ਬਹਾਦਰ ਪਿਤਾ ਦੇ ਪੁੱਤਰ ਹਨ।'' ਉਹਨਾਂ ਨੂੰ ਦੇਖਣ ਵਾਲਿਆਂ ਲੋਕਾਂ ਦੇ ਕਹੇ ਗਏ ਇਸ ਤਰ੍ਹਾਂ ਦੇ ਬਹਾਦਰੀ ਦੇ ਸ਼ਬਦ, ਸਿਪਾਹੀਆਂ ਨੂੰ ਭੈ-ਭੀਤ ਕਰ ਰਹੇ ਸਨ ਤੇ ਉਹਨਾਂ ਨੇ ਆਪਣਾ ਪੈਂਡਾ ਜਲਦੀ ਮੁਕਾਉਣ ਲਈ ਹੋਰ ਤੇਜ਼-ਤੇਜ਼ ਤੁਰਨਾ ਆਰੰਭ ਦਿੱਤਾ। ਗੱਡੇ ਨੂੰ ਹੱਕਣ ਵਾਲੇ ਨੇ ਬਲਦਾਂ ਨੂੰ ਚਾਬਕਾਂ ਮਾਰਨੀਆਂ ਆਰੰਭ ਕਰ ਦਿੱਤੀਆਂ ਤਾਂ ਕਿ ਉਹ ਤੇਜ਼ ਤੁਰਨ ਤੇ ਸਰਹਿੰਦ ਜਲਦੀ ਪਹੁੰਚ ਜਾਣ। ਸਰਹਿੰਦ ਪਹੁੰਚ ਕੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਬੁਰਜ ਦੇ ਇਕ ਠੰਢੇ ਕਮਰੇ 'ਚ ਰਾਤ ਭਰ ਲਈ ਰੱਖਿਆ ਗਿਆ। ਆਪਣੀ ਜਾਨ ਨੂੰ ਖ਼ਤਰੇ 'ਚ ਪਾ ਕੇ ਗੁਰੂ ਸਾਹਿਬ ਦੇ ਇਕ ਸ਼ਰਧਾਲੂ ਭਾਈ ਮੋਤੀ ਰਾਮ ਜੀ ਨੇ ਮਾਤਾ ਗੁਜਰੀ ਤੇ ਦੋਵਾਂ ਸਾਹਿਬਜ਼ਾਦਿਆਂ ਲਈ ਗਰਮ-ਗਰਮ ਦੁੱਧ ਪੀਣ ਲਈ ਭੇਜਿਆ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਜੀ ਨੇ ਆਪਣੀ ਦਾਦੀ ਜੀ ਕੋਲੋਂ ਸਿੱਖ ਇਤਿਹਾਸ ਦੇ ਬਹਾਦਰ ਸਿੱਖ ਯੋਧਿਆਂ ਦੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ। ਉਹਨਾਂ ਨੇ ਗੁਰੂ ਸਾਹਿਬਾਨ ਵੱਲੋਂ ਧਰਮ ਦੀ ਖਾਤਰ ਨਿਭਾਏ ਗਏ ਆਦਰਸ਼ਾਂ ਬਾਰੇ ਵੀ ਚੰਗੀ ਤਰ੍ਹਾਂ ਸੁਣਿਆ ਹੋਇਆ ਸੀ ਤੇ ਦੋਵਾਂ ਸਾਹਿਬਜ਼ਾਦਿਆਂ ਨੇ ਮਾਤਾ ਗੁਜਰੀ ਜੀ ਨੂੰ ਇਹ ਦ੍ਰਿੜ੍ਹ ਵਿਸ਼ਵਾਸ ਕਰਾਇਆ ਕਿ ਉਹ ਸਿੱਖ ਪ੍ਰੰਪਰਾਵਾਂ ਤੇ ਆਪਣੇ ਧਰਮ ਦੇ ਵਿਸ਼ਵਾਸ ਨੂੰ ਲਾਜ ਨਹੀਂ ਲੱਗਣ ਦੇਣਗੇ ਤੇ ਆਪਣੇ ਪਿਤਾ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਪੂਰਾ ਉਤਰਨਗੇ। ਸਾਹਿਬਜ਼ਾਦਿਆਂ ਦਾ ਅਜਿਹੀ ਬਹਾਦਰੀ, ਨਿਡਰਤਾ ਤੇ ਆਪਣੇ ਧਰਮ 'ਚ ਦ੍ਰਿੜ੍ਹ ਵਿਸ਼ਵਾਸ ਰੱਖਣ ਦੇ ਕਥਨ ਸੁਣ ਕੇ ਮਾਤਾ ਜੀ ਨੇ ਸਾਹਿਬਜ਼ਾਦਿਆਂ ਦੀ ਤਾਰੀਫ਼ ਕੀਤੀ ਤੇ ਦੋਵਾਂ ਨੂੰ ਆਪਣੀ ਗਲਵੱਕੜੀ 'ਚ ਲੈ ਲਿਆ।

ਅਗਲੇ ਦਿਨ ਸਵੇਰ ਨੂੰ ਸਿਪਾਹੀ ਫਿਰ ਆਏ ਤੇ ਉਹਨਾਂ ਨੇ ਮਾਤਾ ਜੀ ਨੂੰ ਕਿਹਾ ਕਿ ਉਹਨਾਂ ਪਾਸ ਨਵਾਬ ਦੇ ਆਦੇਸ਼ ਹਨ ਕਿ ਦੋਵੇਂ ਲੜਕਿਆਂ ਨੂੰ ਉਸ ਦੀ ਕਚਹਿਰੀ 'ਚ ਹਾਜ਼ਰ ਕੀਤਾ ਜਾਵੇ। ਮਾਤਾ ਜੀ ਨੇ ਸਿਪਾਹੀਆਂ ਨੂੰ ਪੁੱਛਿਆ ਕਿ ਇਹਨਾਂ ਨੂੰ ਉਥੇ ਕਿਉਂ ਬੁਲਾਇਆ ਹੈ ਤਾਂ ਸਿਪਾਹੀਆਂ ਨੇ ਉਤਰ ਦਿੱਤਾ ਕਿ ਸਾਨੂੰ ਇਸ ਦਾ ਕਾਰਨ ਨਹੀਂ ਪਤਾ ਸਾਡੀ ਤਾਂ ਸਿਰਫ਼ ਇਹ ਡਿਊਟੀ ਹੈ ਕਿ ਉਸ ਦੇ ਹੁਕਮਾਂ ਦੀ ਤਾਮੀਲ ਕਰਾਉਣ। ਮਾਤਾ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਆਪਣੇ ਸੀਨੇ ਨਾਲ ਲਾਇਆ, ਉਹਨਾਂ ਨੂੰ ਆਸ਼ੀਰਵਾਦ ਦਿੱਤਾ ਤੇ ਸਿੱਖ ਧਰਮ ਦੀਆਂ ਗੁਰੂ ਸਾਹਿਬਾਨ ਦੀਆਂ ਰਵਾਇਤਾਂ 'ਤੇ ਪੂਰੇ ਉਤਰਨ ਲਈ ਕਿਹਾ। ਦੋਵੇਂ ਸਾਹਿਬਜ਼ਾਦਿਆਂ ਨੇ ਮੁਸਕਰਾਉਂਦਿਆਂ ਹੋਇਆਂ ਹਾਂ 'ਚ ਉਤਰ ਦਿੱਤਾ ਤੇ ਉਹ ਸਿਪਾਹੀਆਂ ਦੇ ਨਾਲ ਚਲੇ ਗਏ। ਦੋਵੇਂ ਸਾਹਿਬਜ਼ਾਦੇ ਸਿਪਾਹੀਆਂ ਦੇ ਨਾਲ ਨਵਾਬ ਦੀ ਕਚਹਿਰੀ ਤੱਕ ਬੜੀ ਨਿਡਰਤਾ ਨਾਲ ਤੁਰਦੇ ਗਏ। ਜਿਉਂ ਹੀ ਉਹ ਕਚਹਿਰੀ ਦੇ ਦਰਵਾਜ਼ੇ 'ਤੇ ਗਏ ਤਾਂ ਉਹਨਾਂ ਨੇ ਦੇਖਿਆ ਕਿ ਵੱਡਾ ਦਰਵਾਜ਼ਾ ਬੰਦ ਹੈ ਤੇ ਸਿਰਫ਼ ਇਕ ਛੋਟੀ ਜਿਹੀ ਤਾਕੀ ਖੁੱਲ੍ਹੀ ਹੈ ਤੇ ਉਹ ਸਮਝ ਗਏ ਕਿ ਇਹ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੂੰ 'ਕੁਰਾਨ ਸ਼ਰੀਫ' ਅੱਗੇ ਤੇ ਨਵਾਬ ਅੱਗੇ ਝੁਕਣ ਲਈ ਇੰਝ ਕੀਤਾ ਗਿਆ ਹੈ ਕਿਉਂਕਿ ਇਸ ਛੋਟੀ ਤਾਕੀ ਤੋਂ ਅੱਗੇ ਕਾਜ਼ੀ ਆਪਣੇ ਹੱਥਾਂ 'ਚ 'ਕੁਰਾਨ ਸ਼ਰੀਫ' ਲੈ ਕੇ ਖੜ੍ਹਾ ਸੀ। ਸੂਝਵਾਨ ਸਾਹਿਬਜ਼ਾਦਿਆਂ ਨੇ ਇਸ ਸਾਰੀ ਖੇਡ ਨੂੰ ਚੰਗੀ ਤਰ੍ਹਾਂ ਸਮਝ ਲਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਉਸ ਤਾਕੀ 'ਚ ਦੀ ਆਪਣੇ ਪੈਰ ਲੰਘਾਏ ਤੇ ਫਿਰ ਕੁੱਦ ਕੇ ਛਲਾਂਗ ਲਗਾਈ ਤੇ ਉਹ ਸਿਰ ਝੁਕਾਏ ਵਗੈਰ ਹੀ ਅੰਦਰ ਪ੍ਰਵੇਸ਼ ਕਰ ਗਏ।

ਨਵਾਬ ਦੀ ਕਚਹਿਰੀ ਲੱਗੀ ਹੋਈ ਸੀ। ਸਾਹਿਬਜ਼ਾਦਿਆਂ ਨੇ ਅੰਦਰ ਪ੍ਰਵੇਸ਼ ਕਰਦਿਆਂ ਹੀ ਸਭ ਦਰਬਾਰੀ ਕਰਮਚਾਰੀਆਂ ਨੂੰ ਸਿੱਖ ਖ਼ਾਲਸਾਈ ਫਤਿਹ ਬੁਲਾਈ - ''ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।'' ਖ਼ਾਲਸੇ ਦੀ ਇਹ ਫਤਿਹ ਆਪਣੀ ਜਿੱਤ ਵੀ ਹੈ ਤੇ ਇਹ ਪ੍ਰਮਾਤਮਾ ਦੀ ਜਿੱਤ ਦਾ ਵੀ ਪ੍ਰਤੀਕ ਹੈ। ਉਹਨਾਂ ਦੀ ਫਤਿਹ ਨਾਲ ਸਾਰੀ ਕਚਹਿਰੀ ਗੂੰਜ ਉੱਠੀ। ਸਾਰੇ ਦਰਬਾਰੀ ਕਰਮਚਾਰੀਆਂ 'ਤੇ ਸਾਹਿਬਜ਼ਾਦਿਆਂ ਦੀ ਇਸ ਨਿਡਰਤਾ ਨਾਲ ਬੁਲਾਈ ਗਈ ਫਤਿਹ ਦਾ ਬਹੁਤ ਚੰਗਾ ਪ੍ਰਭਾਵ ਪਿਆ। ਸਾਹਿਬਜ਼ਾਦੇ ਕੇਸਰੀ ਰੰਗ ਦੇ ਬਾਣੇ ਤੇ ਦਸਤਾਰ 'ਚ ਬਹੁਤ ਪਿਆਰੇ ਦਿਖਾਈ ਦਿੰਦੇ ਸਨ। ਨਵਾਬ ਵਜ਼ੀਰ ਖਾਨ ਨੇ ਸਾਹਿਬਜ਼ਾਦਿਆਂ ਨਾਲ ਬੜੀ ਹਲੀਮੀ ਨਾਲ ਗੱਲ ਕੀਤੀ ਤੇ ਕਿਹਾ, ''ਕਿੰਨੇ ਸੋਹਣੇ ਤੇ ਬਹਾਦਰ ਚਿਹਰੇ ਹਨ। ਇਸਲਾਮ ਤੁਹਾਨੂੰ ਆਪਣੀ ਗਲਵੱਕੜੀ 'ਚ ਲੈ ਕੇ ਬੜਾ ਫਖਰ ਮਹਿਸੂਸ ਕਰੇਗਾ। ਸਿਰਫ਼ ਕਲਮਾ ਹੀ ਤਾਂ ਪੜ੍ਹਨਾ ਹੈ। ਇਹ ਇਸਲਾਮ ਧਰਮ 'ਚ ਪ੍ਰਵੇਸ਼ ਕਰਨ ਲਈ ਸਿਰਫ਼ 'ਜੀ ਆਇਆਂ' ਹੈ ਤੇ ਉਸ ਤੋਂ ਬਾਅਦ ਤੁਸੀਂ ਸਾਡੇ ਵਿਚਕਾਰ ਹੋਵੋਗੇ। ਤੁਸੀਂ ਜੋ ਮੰਗੋਗੇ ਉਹ ਸਭ ਕੁਝ ਤੁਹਾਡੇ ਲਈ ਹਾਜ਼ਰ ਹੈ।

ਦੋਵੇਂ ਸਾਹਿਬਜ਼ਾਦਿਆਂ ਨੇ ਇਕੱਠੇ ਹੀ ਉੱਚੀ ਆਵਾਜ਼ 'ਚ ਕਿਹਾ ਕਿ, ''ਸਾਨੂੰ ਸੰਸਾਰਕ ਮਾਇਆ ਦਾ ਕੋਈ ਲੋਭ ਲਈਂ ਹੈ ਤੇ ਨਾ ਹੀ ਅਸੀਂ ਕਿਸੇ ਵੀ ਕੀਮਤ 'ਤੇ ਆਪਣਾ ਧਰਮ ਛੱਡਾਂਗੇ।'' ਨਵਾਬ, ਸਾਹਿਬਜ਼ਾਦਿਆਂ ਦਾ ਉਤਰ ਸੁਣ ਕੇ ਅੰਦਰੋ-ਅੰਦਰੀ ਖਿੱਝ ਗਿਆ ਤੇ ਮੂੰਹ ਤੋਂ ਕੁਝ ਨਾ ਬੋਲਿਆ। ਨਵਾਬ ਨੇ ਕਾਜ਼ੀ ਨੂੰ ਸੰਬੋਧਨ ਹੁੰਦਿਆਂ ਕਿਹਾ, ''ਕੀ ਤੁਸੀਂ ਗੁਸਤਾਖ ਲੜਕਿਆਂ ਦੇ ਵਿਵਹਾਰ 'ਤੇ ਗੌਰ ਕੀਤਾ ਹੈ। ਇਹਨਾਂ ਨੂੰ ਭੋਲੇ-ਭਾਲੇ ਜਾਣ ਕੇ ਸਤਿਕਾਰ ਨਾ ਕਰੋ। ਇਹ ਇਕ ਵਿਦਰੋਹੀ ਦੇ, ਵਿਦਰੋਹ ਕਰਨ ਵਾਲੇ ਬੱਚੇ ਹਨ। ਇਹਨਾਂ ਨੂੰ ਸਜ਼ਾ ਦਿੱਤੀ ਜਾਵੇਗੀ। ਕਾਜ਼ੀ ਨੇ ਨਵਾਬ ਨੂੰ ਕਿਹਾ ਕਿ ''ਇਸਲਾਮੀ ਕਾਨੂੰਨ ਅਨੁਸਾਰ ਇਹ ਲੜਕੇ ਕਿਸੇ ਪਾਪ ਦੇ ਦੋਸ਼ੀ ਨਹੀਂ ਹਨ। ਇਹਨਾਂ ਨੂੰ ਆਪਣੇ ਬਾਪ ਦੇ ਵਿਦਰੋਹ ਬਦਲੇ ਕਸੂਰਵਾਰ ਨਹੀਂ ਕਿਹਾ ਜਾ ਸਕਦਾ।'' ਨਵਾਬ ਨੇ ਕਿਹਾ ਕਿ, ''ਭਾਵੇਂ ਇਹ ਠੀਕ ਹੈ, ਪਰ ਇਹ ਵੀ ਵਿਦਰੋਹੀ ਹਨ। ਤੁਸੀਂ ਇਹਨਾਂ ਦਾ ਗੁਸਤਾਖ ਪੂਰਵਕ ਵਿਵਹਾਰ ਨਹੀਂ ਸੁਣਿਆ?'' ਕਾਜ਼ੀ ਨੇ ਉਤਰ ਦਿੱਤਾ, ''ਪ੍ਰੰਤੂ ਇਹਨਾਂ ਨੇ ਆਪਣਾ ਕੋਈ ਗੁਨਾਹ ਸਵੀਕਾਰ ਨਹੀਂ ਕੀਤਾ।'' ਨਵਾਬ ਵਜ਼ੀਰ ਖਾਨ ਨੂੰ ਕਾਜ਼ੀ ਤੋਂ ਇਸ ਤਰ੍ਹਾਂ ਦੇ ਉਤਰ ਦੀ ਉਮੀਦ ਨਹੀਂ ਸੀ। ਨਵਾਬ ਵਜ਼ੀਰ ਖਾਨ ਨੇ ਫਿਰ ਆਪਣੇ ਪਹਿਲੇ ਸਵਾਲਾਂ ਵੱਲ ਮੁੜਦਿਆਂ, ਸਾਹਿਬਜ਼ਾਦਿਆਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਤੇ ਕਿਹਾ, ''ਤੁਸੀਂ ਅਜੇ ਮਾਸੂਮ ਤੇ ਭੋਲੇ-ਭਾਲੇ ਹੋ। ਤੁਹਾਡੀ ਉਮਰ ਅਜੇ ਮੌਜ ਮਸਤੀ ਕਰਨ ਵਾਲੀ ਹੈ। ਜੇਕਰ ਤੁਸੀਂ ਸਾਡੀ ਸਲਾਹ ਧਿਆਨ ਨਾਲ ਸੁਣੋਗੇ, ਤੁਸੀਂ ਆਪਣੇ ਜੀਵਨ ਦਾ ਭਰਪੂਰ ਆਨੰਦ ਇਸ ਸੰਸਾਰ 'ਚ ਦਿਲੋਂ ਮਾਣੋਗੇ ਤੇ ਤੁਹਾਨੂੰ ਸਵਰਗ 'ਚੋਂ ਵੀ ਸ਼ਾਨਦਾਰ ਜੀਵਨ ਜਿਊਣ ਦਾ ਆਸ਼ੀਰਵਾਦ ਪ੍ਰਾਪਤ ਹੋ ਜਾਵੇਗਾ।''

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਿਡਰ ਹੋ ਕੇ ਬੋਲਿਆ, ''ਅਸੀਂ ਜ਼ੁਲਮ ਤੇ ਬੇਇਨਸਾਫੀ ਦੀ ਲੜਾਈ ਲੜ ਰਹੇ ਹਾਂ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ, ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹਾਂ ਤੇ ਗੁਰੂ ਅਰਜਨ ਦੇਵ ਜੀ ਦੇ ਵੰਸ਼ਜ਼ ਹਾਂ। ਅਸੀਂ ਇਹਨਾਂ ਦੇ ਨਕਸ਼ੇ ਕਦਮਾਂ 'ਤੇ ਚੱਲਾਂਗੇ। ਅਸੀਂ ਆਪਣੇ ਧਰਮ ਦੀ ਰਾਖੀ ਲਈ ਤੇ ਇਸ 'ਚ ਦ੍ਰਿੜ੍ਹ ਵਿਸ਼ਵਾਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹਾਂ। ਨਵਾਬ ਨੇ ਧੀਮੀ ਆਵਾਜ਼ 'ਚ ਕਿਹਾ, ''ਇਹਨਾਂ ਨੂੰ ਆਪਣੇ ਧਰਮ 'ਚ ਕਿੰਨਾ ਵਿਸ਼ਵਾਸ ਹੈ।'' ਮੁਗਲ ਸਰਕਾਰ ਦੇ ਇਕ ਕਰਮਚਾਰੀ ਜਿਸ ਦਾ ਨਾਮ ਦੀਵਾਨ ਸੁੱਚਾ ਨੰਦ ਸੀ। ਉਹ ਵੀ ਨਵਾਬ ਦੀ ਕਚਹਿਰੀ 'ਚ ਮੌਜੂਦ ਸੀ, ਉਹ ਸਾਹਿਬਜ਼ਾਦਿਆਂ ਪਾਸ ਆਇਆ ਤੇ ਕਿਹਾ ਕਿ, ''ਜੇਕਰ ਤੁਹਾਨੂੰ ਰਿਹਾ ਕਰ ਦਿੱਤਾ ਜਾਵੇ ਤਾਂ ਤੁਸੀਂ ਕਿੱਥੇ ਜਾਓਗੇ? ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਨੇ ਕਿਹਾ, ''ਅਸੀਂ ਰਿਹਾ ਹੋ ਕੇ ਜੰਗਲਾਂ 'ਚ ਚਲੇ ਜਾਵਾਂਗੇ, ਆਪਣੀ ਸਿੱਖ ਸਾਥੀਆਂ ਨੂੰ ਫਿਰ ਇਕੱਠੇ ਕਰਾਂਗੇ, ਫਿਰ ਚੰਗੇ-ਚੰਗੇ ਘੋੜੇ ਲੈ ਕੇ ਵਾਪਸ ਆਵਾਂਗਾ ਤੇ ਤੁਹਾਡੀ ਫੌਜ ਨਾਲ ਲੜਾਈ ਦੇ ਮੈਦਾਨ 'ਚ ਡੱਟ ਕੇ ਮੁਕਾਬਲਾ ਕਰਾਂਗੇ।'' ਇਹ ਸੁਣ ਕੇ ਦੀਵਾਨ ਸੁੱਚਾ ਨੰਦ ਨੇ ਭਾਂਪਦਿਆਂ ਹੋਇਆਂ ਕਿਹਾ, ''ਕੀ ਤੁਸੀਂ ਜਾਣਦੇ ਹੋ ਕੇ ਤੁਹਾਡੇ ਪਿਤਾ ਨੂੰ ਵੀ ਕਤਲ ਕਰ ਦਿੱਤਾ ਗਿਆ ਹੈ? ਦੋਵੇਂ ਸਾਹਿਬਜ਼ਾਦੇ

(ਬਾਕੀ ਅਗਲੇ ਸਫੇ 'ਤੇ)

# 'ਬਹਾਦਰ ਬਾਪ ਦੇ ਬਹਾਦਰ ਬੇਟੇ'

ਭਰਾਵਾਂ ਨੇ ਬੜੇ ਗੁੱਸੇ 'ਚ ਉਤਰ ਦਿੱਤਾ, "ਸਾਡੇ ਸਤਿਕਾਰਯੋਗ ਪਿਤਾ ਨੂੰ ਕੋਈ ਮਾਰ ਨਹੀਂ ਸਕਦਾ। ਉਹ ਤੁਹਾਡੇ ਹੱਥ ਕਦੀ ਵੀ ਨਹੀਂ ਆਉਣਗੇ।'' ਇਸ ਨੂੰ ਧਿਆਨ ਨਾਲ ਸੁਣ ਲਓ। ਜਿੰਨਾ ਚਿਰ ਇਹ ਅੱਤਿਆਚਾਰੀ ਹਕੂਮਤ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦੀ, ਉਨੀ ਦੇਰ ਤੱਕ ਅਸੀਂ ਇਸ ਦੇ ਖਿਲਾਫ ਲੜਦੇ ਰਹਾਂਗੇ।

ਦੀਵਾਨ ਸੁੱਚਾ ਨੰਦ ਨੇ ਦੁਬਾਰਾ ਆਪਣੀ ਗੱਲ ਦੀ ਪਿੱਠ ਪੂਰਦਿਆਂ ਨਵਾਬ ਨੂੰ ਸੰਬੋਧਨ ਕਰਦਿਆਂ ਕਿਹਾ, "ਸੱਪ ਨੂੰ ਮਾਰਨਾ ਤੇ ਉਸ ਦੇ ਬੱਚਿਆਂ ਨੂੰ ਦੁੱਧ ਪਿਆਉਣਾ ਸਿਆਣਪਤ ਨਹੀਂ ਹੋਵੇਗੀ। ਜਦੋਂ ਇਹ ਛੋਟੇ ਬੱਚੇ, ਵੱਡੇ ਹੋਣਗੇ ਤੇ ਇਹ ਸਰਕਾਰ ਦੇ ਖਿਲਾਫ ਵਿਦਰੋਹ ਕਰਨਗੇ। ਇਹਨਾਂ ਨੂੰ ਸਜਾ ਜ਼ਰੂਰ ਮਿਲਣੀ ਚਾਹੀਦੀ ਹੈ ਤੇ ਕਿਸੇ ਵੀ ਕੀਮਤ ਤੇ ਛੱਡਣਾ ਨਹੀਂ ਚਾਹੀਦਾ। ਨਵਾਬ ਨੇ ਬੜੇ ਧਿਆਨ ਨਾਲ ਸੁਣਿਆ ਕਿ ਦੀਵਾਨ ਸੁੱਚਾ ਨੰਦ ਕੀ ਕਹਿ ਰਿਹਾ ਹੈ। ਦੋਵੇਂ ਸਾਹਿਬਜ਼ਾਦੇ ਬੜੇ ਖੁਸ਼ ਨਜ਼ਰ ਆਉਂਦੇ ਸਨ, ਉਹ ਆਪਸ 'ਚ ਨਿਡਰ ਹੋ ਕੇ ਗੱਲਾਂ ਕਰਦੇ ਸਨ ਤੇ ਸ਼ਾਂਤ ਰਹਿ ਕੇ ਬੜੀ ਬੇਫਿਕਰੀ ਨਾਲ ਜਦੋਂ ਨਵਾਬ, ਕਾਜ਼ੀ ਤੇ ਸੁੱਚਾਨੰਦ ਇਕ ਦੂਸਰੇ ਨਾਲ ਸਲਾਹ ਮਸ਼ਵਰਾ ਕਰਦੇ, ਨੂੰ ਸੁਣਦੇ ਸਨ। ਕਚਹਿਰੀ 'ਚ ਹਾਜ਼ਰ ਕਰਮਚਾਰੀ ਤੇ ਦੂਸਰੇ ਲੋਕ ਬੜੇ ਹੈਰਾਨ ਸਨ ਤੇ ਉਹਨਾਂ ਡਰ ਵੀ ਸੀ ਜਾਂ ਉਹਨਾਂ ਦੇ ਚਿਹਰਿਆਂ 'ਤੇ ਚਿੰਤਾ ਨਜ਼ਰ ਆਉਂਦੀ ਸੀ ਕਿ ਇਹ ਸਾਹਿਬਜ਼ਾਦਿਆਂ ਦੀ ਜ਼ਿੰਦਗੀ ਤੇ ਮੌਤ ਦਾ ਸਵਾਲ ਹੈ। ਨਵਾਬ ਨੇ ਕਾਜ਼ੀ ਨੂੰ ਦੁਬਾਰਾ ਕਿਹਾ, "ਤੁਸੀਂ ਉਹਨਾਂ ਲੜਕਿਆਂ ਦੇ ਗੁਸਤਾਖ ਉੱਤਰਾਂ ਨੂੰ ਸੁਣਿਆ ਹੈ, ਜਿਹੜੇ ਉਹਨਾਂ ਨੇ ਦੀਵਾਨ ਸੁੱਚਾ ਨੰਦ ਨੂੰ ਕਹੇ ਹਨ। ਇਹਨਾਂ ਨੂੰ ਰਿਹਾਅ ਕਰਨ 'ਚ ਬਚਾਅ ਨਹੀਂ ਹੋਵੇਗਾ। ਇਹ ਪੱਕੀ ਗੱਲ ਹੈ ਕਿ ਇਹ ਵੱਡੇ ਹੋ ਕੇ ਆਪਣੇ ਬਾਪ ਵਾਂਗ ਬਗਾਵਤ ਦਾ ਝੰਡਾ ਚੁੱਕਣਗੇ।

ਕਾਜ਼ੀ ਨੇ ਦੀਵਾਨ ਸੁੱਚਾ ਨੰਦ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਨਿਡਰ ਸਾਹਿਬਜ਼ਾਦਿਆਂ ਵਿਚਕਾਰ ਹੋਈ ਬਹਿਸ ਨੂੰ ਬੜੇ ਧਿਆਨ ਨਾਲ ਸੁਣਿਆ। ਥੋੜ੍ਹੇ ਵਿਚਾਰ ਵਟਾਂਦਰੇ ਬਾਅਦ ਕਾਜ਼ੀ ਆਪਣਾ ਫ਼ੈਸਲਾ ਸੁਣਾਉਂਦੇ ਹੋਏ ਨੇ ਫ਼ਰਮਾਨ ਜਾਰੀ ਕੀਤਾ ਕਿ ਇਹਨਾਂ ਨੂੰ ਜਿਉਂਦਿਆਂ ਨੂੰ ਇੱਟਾਂ ਦੀ ਦੀਵਾਰ 'ਚ ਚਿਣ ਦਿੱਤਾ ਜਾਵੇ ਕਿਉਂਕਿ ਕੁਰਾਨ ਇਸ ਦੀ ਇਜਾਜ਼ਤ ਦਿੰਦਾ ਹੈ ਕਿਉਂਕਿ ਇਹਨਾਂ ਲੜਕਿਆਂ ਦੀਆਂ ਗਤੀਵਿਧੀਆਂ ਇਸਲਾਮ ਰਾਜ ਦੇ ਵਿਰੁੱਧ, ਵਿਦਰੋਹੀ ਹਨ। ਸਾਹਿਬਜ਼ਾਦਿਆਂ ਨੇ ਬਿਨਾਂ ਕਿਸੇ ਘਬਰਾਹਟ ਦੇ ਇਹ ਸਜ਼ਾ ਸੁਣੀ ਪਰ ਕਚਹਿਰੀ 'ਚ ਮੌਜੂਦ ਕਰਮਚਾਰੀਆਂ ਤੇ ਹੋਰ ਲੋਕ ਇਸ ਤਰ੍ਹਾਂ ਦੀ ਸਜ਼ਾ 'ਤੇ ਬੜੇ ਹੈਰਾਨ ਸਨ। ਕਾਜ਼ੀ ਨੇ ਫਿਰ ਨਵਾਬ ਨੂੰ ਸਲਾਹ ਦਿੱਤੀ ਕਿ ਇਹਨਾਂ ਲੜਕਿਆਂ ਨੂੰ ਨਵਾਬ ਮਲੇਰਕੋਟਲਾ ਦੇ ਹਵਾਲੇ ਕਰ ਦਿੱਤਾ ਜਾਵੇ ਕਿਉਂਕਿ ਉਹਨਾਂ ਦੇ ਭਰਾ ਦੀ ਮੌਤ ਲਈ ਗੁਰੂ ਗੋਬਿੰਦ ਸਿੰਘ ਜੀ ਜ਼ਿੰਮੇਵਾਰ ਸਨ, ਇਸ ਤਰ੍ਹਾਂ ਉਹ ਆਪਣੇ ਭਰਾ ਦੀ ਮੌਤ ਦਾ ਬਦਲਾ ਇਹਨਾਂ ਲੜਕਿਆਂ ਨੂੰ ਜਿੰਦਾ ਦਫ਼ਨ ਕਰਕੇ ਲੈ ਲਵੇਗਾ।

ਨਵਾਬ ਵਜ਼ੀਰ ਖਾਨ ਨੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਬੁਲਾਵਾ ਭੇਜਿਆ ਤੇ ਕਾਜ਼ੀ ਵੱਲੋਂ ਜਾਰੀ ਕੀਤੇ ਗਏ ਫ਼ਰਮਾਨ ਬਾਰੇ ਜਾਣਕਾਰੀ ਦੇਣ ਨੂੰ ਵੀ ਕਿਹਾ ਕਿ, ''ਤੁਹਾਡੇ ਭਰਾ ਦੀ ਮੌਤ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਹੋਈ ਹੈ। ਹੁਣ ਤੁਹਾਡੇ ਪਾਸ ਉਸ ਦਾ ਬਦਲਾ ਲੈਣ ਦਾ ਮੌਕਾ ਹੈ। ਕਾਜ਼ੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ ਕਿ ਇਹਨਾਂ ਨੂੰ ਜਿੰਦਾ ਇੱਟਾਂ ਦੀ ਦੀਵਾਰ 'ਚ ਚਿਣ ਕੇ ਖਤਮ ਕਰ ਦਿੱਤਾ ਜਾਵੇ। ਅਸੀਂ ਇਹ ਲੜਕੇ ਤੁਹਾਨੂੰ ਸੌਂਪ ਰਹੇ ਹਾਂ ਤਾਂ ਕਿ ਤੁਸੀਂ ਅਗਲੇਰੀ ਜ਼ਰੂਰੀ ਕਾਰਵਾਈ ਆਪ ਕਰੋ।'' ਇਹ ਸੁਣ ਕੇ ਸ਼ੇਰ ਮੁਹੰਮਦ ਖਾਨ ਥੋੜ੍ਹੀ ਦੇਰ ਲਈ ਚੁੱਪ ਕਰ ਗਿਆ। ਥੋੜ੍ਹੇ ਵਕਫ਼ੇ ਬਾਅਦ ਉਹ ਨਵਾਬ ਵਜ਼ੀਰ ਖਾਨ ਨੂੰ ਗੁਸਤਾਖ ਭਾਸ਼ਾ 'ਚ ਬੋਲਿਆ, ''ਇਹ ਬਹੁਤ ਵੱਡਾ ਜ਼ੁਲਮ ਹੈ! ਮੇਰਾ ਭਰਾ ਲੜਾਈ ਦੇ ਮੈਦਾਨ 'ਚ ਲੜਦਾ ਹੋਇਆ ਮਾਰਿਆ ਗਿਆ ਸੀ। ਇਹ ਭੋਲੇ-ਭਾਲੇ ਬੇਕਸੂਰ ਬੱਚੇ ਉਸ ਦੀ ਮੌਤ ਲਈ ਜ਼ਿੰਮੇਵਾਰ ਨਹੀਂ ਹਨ। ਅਗਰ ਅਸੀਂ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣਾ ਹੈ ਤਾਂ ਉਹ ਇਹਨਾਂ ਦੇ ਬਾਪ ਤੋਂ ਲਵਾਂਗੇ। ਅੱਲਾਹ ਸਾਨੂੰ ਅਜਿਹੇ ਪਾਪ ਭਰੇ ਕੰਮ ਤੋਂ ਦੂਰ ਰੱਖੇ।'' ਉਹ ਇਹ ਸ਼ਬਦ ਕਹਿੰਦਾ ਹੋਇਆ ਉਠ ਖੜ੍ਹਾ ਹੋਇਆ ਤੇ ਫਿਰ ਗਮਗੀਨ ਭਾਸ਼ਾ 'ਚ ਬੋਲਿਆ, ''ਹੇ! ਖੁਦਾ, ਇਹ ਕਿੰਨਾ ਜ਼ੁਲਮ ਹੈ।''

ਇਸ ਉਪਰੰਤ ਨਵਾਬ ਨੇ ਆਦੇਸ਼ ਦਿੱਤਾ ਕਿ ਇਹਨਾਂ ਦੋਹਾਂ ਲੜਕਿਆਂ ਨੂੰ ਵਾਪਸ ਬੁਰਜ 'ਚ ਭੇਜ ਦਿੱਤਾ ਜਾਵੇ। ਇਸ ਤੋਂ ਬਾਅਦ ਉਸ ਨੇ ਆਪਣੇ ਦਫ਼ਤਰੀ ਅਮਲੇ ਨੂੰ ਜਲਾਦ ਦਾ ਪ੍ਰਬੰਧ ਕਰਨ ਲਈ ਕਿਹਾ ਕਿ ਜੋ ਇਹਨਾਂ ਲੜਕਿਆਂ ਨੂੰ ਇੱਟਾਂ ਦੀ ਦੀਵਾਰ 'ਚ ਚਿਰ ਦੇਵੇ, ਦੀਵਾਰ ਦੀ ਉਸਾਰੀ ਤੁਰੰਤ ਕੀਤੀ ਜਾਵੇ। ਸਾਹਿਬਜ਼ਾਦੇ ਬੁਰਜ 'ਚ ਪਹੁੰਚ ਗਏ ਤੇ ਉਹਨਾਂ ਨੇ ਦਿਨ ਭਰ ਦੀ ਅਦਾਲਤ ਦੀ ਸਾਰੀ ਕਾਰਵਾਈ ਆਪਣੇ ਦਾਦੀ ਜੀ ਨੂੰ ਸੁਣਾਈ। ਦਾਦੀ ਨੇ ਆਪਣੇ ਪੋਤਰਿਆਂ ਨੂੰ ਆਪਣੀ ਜੱਫੀ 'ਚ ਲਿਆ। ਉਹਨਾਂ ਦੀ ਨਿਡਰਤਾ ਤੇ ਬਹਾਦਰੀ ਲਈ ਪਿੱਠ ਥਪਥਪਾਈ ਤੇ ਕਿਹਾ, ''ਤੁਸੀਂ ਠੀਕ ਕੀਤਾ ਹੈ ਤੇ ਆਪਣੇ ਦਾਦਾ ਜੀ ਦੀ ਸ਼ਾਨ ਵਧਾਈ ਹੈ ਤੇ ਉਹਨਾਂ ਦੀ ਪਾਈ ਹੋਈ ਪਿਰਤ ਦੀ ਲਾਜ ਰੱਖੀ ਹੈ ਤੇ ਤੁਹਾਡਾ ਬਹਾਦਰ ਪਿਤਾ ਤੇ ਉਹ ਵਾਹਿਗੁਰੂ ਤੁਹਾਡੀ ਮਦਦ ਲਈ ਹਮੇਸ਼ਾ ਤੁਹਾਡੇ ਅੰਗ-ਸੰਗ ਹੈ।''

ਅਗਲੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਅਦਾਲਤ 'ਚ ਲਿਆਂਦਾ ਗਿਆ। ਨਵਾਬ ਨੇ ਉਹਨਾਂ ਨੂੰ ਦੁਬਾਰਾ ਪੁੱਛਿਆ ਕਿ, "ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਆਪਣਾ ਮਨ ਇਸਲਾਮ ਧਰਮ ਅਪਣਾਉਣ ਲਈ ਬਣਾ ਲਿਆ ਹੋਵੇਗਾ, ਨਹੀਂ ਤਾਂ ਤੁਸੀਂ ਜਾਣਦੇ ਹੀ ਹੋ ਕਿ, ਤੁਹਾਨੂੰ ਜ਼ਿੰਦਾ ਦੀਵਾਰ 'ਚ ਚਿਣ ਦਿੱਤਾ ਜਾਵੇਗਾ।' ਦੋਵੇਂ ਸਾਹਿਬਜ਼ਾਦਿਆਂ ਨੇ ਬੜੀ ਨਿਡਰਤਾ ਨਾਲ ਉਤਰ ਦਿੱਤਾ, ''ਅਸੀਂ ਆਪਣਾ ਧਾਰਮਿਕ ਵਿਸ਼ਵਾਸ ਕਦੀ ਨਹੀਂ ਬਦਲਾਂਗੇ ਭਾਵੇਂ ਸਾਨੂੰ ਇਸ ਬਦਲੇ 'ਚ ਕੋਈ ਵੀ ਸਜ਼ਾ ਮਿਲੇ। ਮੌਤ ਸਾਡੇ ਲਈ ਕੋਈ ਮਾਇਨੇ ਨਹੀਂ ਰੱਖਦੀ।'' ਨਵਾਬ ਸਧਾਰਨ ਤੌਰ 'ਤੇ ਉਹਨਾਂ ਦਾ ਦ੍ਰਿੜ੍ਹ ਉਤਰ ਸੁਣ ਕੇ ਹੈਰਾਨ ਹੋਇਆ। ਉਸ ਦੇ ਦਫ਼ਤਰ ਦਾ ਇਕ ਕਰਮਚਾਰੀ ਥੋੜ੍ਹਾ ਅੱਗੇ ਆਇਆ ਤੇ ਨਵਾਬ ਨੂੰ ਕਿਹਾ, ''ਜਨਾਬ ਦਿੱਲੀ ਦੇ ਦੋ ਜਲਾਦ, ਸ਼ੀਸ਼ਲ ਵੇਗ ਤੇ ਵਿਸ਼ਾਲ ਵੇਗ ਆਪਣੇ ਮੁਕੱਦਮੇ ਦੀ ਸੁਣਵਾਈ ਲਈ ਅਦਾਲਤ 'ਚ ਹਾਜ਼ਰ ਹਨ। ਉਹ ਇਹਨਾਂ ਲੜਕਿਆਂ ਨੂੰ ਜਿੰਦਾ ਦੀਵਾਰ 'ਚ ਚਿਣਨ ਲਈ ਤਿਆਰ ਹੋ ਜਾਣਗੇ, ਜੇਕਰ ਉਹਨਾਂ ਨੂੰ ਉਹਨਾਂ ਦੇ ਕੇਸ 'ਚੋਂ ਮੁਆਫ਼ੀ 'ਤੇ ਛੱਡ ਦਿੱਤਾ ਜਾਵੇ।'' ਨਵਾਬ ਨੇ ਉਹਨਾਂ ਜਲਾਦਾਂ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਤੁਹਾਨੂੰ ਬੇਨਤੀ ਦੇ ਆਧਾਰ 'ਤੇ ਮੁਆਫ਼ੀ ਦੇ ਕੇ ਛੱਡ ਦਿੱਤਾ ਜਾਵੇਗਾ, ਜੇਕਰ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਜਿੰਦਾ ਦੀਵਾਰ 'ਚ ਚਿਣ ਦਿਓਗੇ ਤਾਂ।''

ਸਿਪਾਹੀ ਦੋਹਾਂ ਸਾਹਿਬਜ਼ਾਦਿਆਂ ਨੂੰ ਥੋੜ੍ਹਾ ਦੂਰ ਲੈ ਗਿਆ। ਅਦਾਲਤ ਦੇ ਬਾਹਰ ਬਹੁਤ ਭੀੜ ਇਕੱਤਰ ਇਸ ਕਰਕੇ ਹੋਈ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਨੂੰ ਜਿੰਦਾ ਦੀਵਾਰ 'ਚ ਚਿਣਿਆ ਜਾਣਾ ਹੈ।

ਇਹਨਾਂ ਨੇ ਕੀ ਗੁਨਾਹ ਸਵੀਕਾਰ ਕੀਤਾ ਹੈ? ਇਕ ਨੇ ਕਿਹਾ, ''ਇਹ ਕਿੰਨਾ ਜ਼ੁਲਮ ਤੇ ਇਨਸਾਨੀਅਤ ਤੋਂ ਗਿਰਿਆ ਹੋਇਆ ਕੰਮ ਹੈ। ਹੇ ਪ੍ਰਮਾਤਮਾ! ਦੂਸਰੇ ਕਿਸੇ ਹੋਰ ਆਦਮੀ ਨੇ ਭੀੜ 'ਚੋਂ ਕਿਹਾ। ''ਇਹ ਬੱਚੇ ਬਿਲਕੁਲ ਵੀ ਭੈ-ਭੀਤ ਨਹੀਂ ਹਨ।'' ਇਹ ਬੋਲ ਭੀੜ 'ਚੋਂ ਉਹਨਾਂ ਦੇ ਕਿਸੇ ਦੂਸਰੇ ਸਾਥੀ ਨੇ ਕਹੇ।

ਜਿਹੜੇ ਸਿਪਾਹੀ ਸਾਹਿਬਜ਼ਾਦਿਆਂ ਦੇ ਕੋਲ ਖੜ੍ਹੇ ਸਨ, ਉਹ ਬਹੁਤ ਬੇਚੈਨ ਸਨ, ਕਿਉਂਕਿ ਭੀੜ ਦੇ ਕਹੇ ਹੋਏ ਸ਼ਬਦ ਉਹਨਾਂ ਨੂੰ ਸਭ ਸੁਣ ਰਹੇ ਸਨ ਤੇ ਭੀੜ ਅੱਗੇ ਵਧਣ ਦਾ ਯਤਨ ਕਰ ਰਹੀ ਸੀ।

ਸਾਹਿਬਜ਼ਾਦਿਆਂ ਨੂੰ ਚਿਣੀ ਜਾ ਰਹੀ ਦੀਵਾਰ ਦੇ ਕੋਲ ਲਿਆਂਦਾ ਗਿਆ ਤੇ ਦੋਵਾਂ ਨੂੰ ਨਾਲ-ਨਾਲ ਖੜ੍ਹੇ ਕਰ ਦਿੱਤਾ ਗਿਆ। ਇੰਨੇ ਨੂੰ ਕਾਜ਼ੀ ਫਿਰ ਆਇਆ ਤੇ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਅਖਤਿਆਰ ਕਰ ਲੈਣ ਨੂੰ ਫਿਰ ਕਿਹਾ ਕਿ, "ਐਵੇਂ ਆਪਣੀ ਜਾਨ ਨਾ ਗਵਾਵੋ''। ਇੱਥੋਂ ਤੱਕ ਕਿ ਜਲਾਦਾਂ ਨੇ ਵੀ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਪਰ ਉਹ ਆਪਣੇ ਧਰਮ ਦੇ ਇੰਨੇ ਪੱਕੇ ਸਨ ਕਿ ਉਹਨਾਂ ਦੇ ਦ੍ਰਿੜ੍ਹ ਇਰਾਦੇ ਤੇ ਵਿਸ਼ਵਾਸ ਨੂੰ ਕੋਈ ਵੀ ਤੋੜ ਨਾ ਸਕਿਆ ਤੇ ਉਹਨਾਂ ਨੇ ਜਲਾਦਾਂ ਨੂੰ ਕਿਹਾ ਕਿ, "ਦੀਵਾਰ ਜਲਦੀ ਜਲਦੀ ਉਸਾਰੀ ਜਾਵੇ ਤਾਂ ਕਿ 'ਮੁਗਲ ਹਕੂਮਤ ਦਾ ਜਲਦੀ ਖਾਤਮਾ' ਹੋ ਜਾਏ, ਇਸ ਨੂੰ ਉਸਾਰਨ 'ਚ ਇਕ ਮਿੰਟ ਦੀ ਦੇਰੀ ਵੀ ਨਾ ਕੀਤੀ ਜਾਵੇ।'' ਇਸ ਤੋਂ ਬਾਅਦ ਦੋਵਾਂ ਸਾਹਿਬਜ਼ਾਦਿਆਂ ਨੇ 'ਜਪੁਜੀ' ਸਾਹਿਬ ਦਾ ਪਾਠ ਜਪਣਾ ਸ਼ੁਰੂ ਕਰ ਦਿੱਤਾ ਤੇ ਦੀਵਾਰ ਵੀ ਇਕ-ਇਕ ਇੱਟ ਨਾਲ ਉੱਸਰ ਕੇ ਉੱਚੀ ਹੁੰਦੀ ਗਈ।

ਦੀਵਾਰ ਇਕ-ਇਕ ਕਰਕੇ ਚਿਣੀ ਇੱਟ ਨਾਲ ਸਾਹਿਬਜ਼ਾਦਿਆਂ ਦੇ ਸੀਨੇ ਤੱਕ ਉੱਸਰ ਗਈ। ਨਵਾਬ ਤੇ ਕਾਜ਼ੀ ਨੇ ਫਿਰ ਸਾਹਿਬਜ਼ਾਦਿਆਂ ਨੂੰ ਬੜੇ ਪ੍ਰੇਮ ਤੇ ਹਮਦਰਦੀ ਜਤਾਉਂਦਿਆਂ ਕਿਹਾ, ''ਤੁਹਾਡੇ ਪਾਸ ਅਜੇ ਵੀ ਸਮਾਂ ਹੈ ਕਿ ਤੁਸੀਂ ਆਪਣੀ ਜਾਨ ਬਚਾਅ ਸਕਦੇ ਹੋ, ਸਿਰਫ਼ ਕਲਮਾ ਹੀ ਤਾਂ ਪੜ੍ਹਨਾ ਹੈ ਤੇ ਨਾਲ ਹੀ ਅਸੀਂ ਚਿਣੀ ਹੋਈ ਦੀਵਾਰ ਢਾਅ ਦੇਣੀ ਹੈ।''

ਸਾਹਿਬਜ਼ਾਦਿਆਂ ਨੇ ਫਿਰ ਬੜੀ ਬੁਲੰਦ ਆਵਾਜ਼ 'ਚ ਉਤਰ ਦਿੱਤਾ, ''ਅਸੀਂ ਆਪਣੇ ਧਰਮ ਦੇ ਵਿਸ਼ਵਾਸ ਨੂੰ ਕਿਸੇ ਕੀਮਤ 'ਤੇ ਨਹੀਂ ਤੋੜਾਂਗੇ ਤੇ ਇਸ ਤਰ੍ਹਾਂ ਦੀ ਮੌਤ ਸਾਨੂੰ ਡਰਾ ਲਈਂ ਸਕਦੀ।''

ਦੋਵੇਂ ਕਾਜ਼ੀ ਤੇ ਨਵਾਬ ਸਾਹਿਬਜ਼ਾਦਿਆਂ ਦੇ ਆਪਣੇ ਧਰਮ 'ਚ ਦ੍ਰਿੜ੍ਹ ਵਿਸ਼ਵਾਸ ਨੂੰ ਦੇਖ ਕੇ ਬਹੁਤ ਹੈਰਾਨ ਸਨ। ਬਾਹਰ ਦੇਖਣ ਵਾਲਿਆਂ ਦੀ ਜੁਟੀ ਭੀੜ ਦੀਆਂ ਅੱਖਾਂ 'ਚੋਂ ਹੰਝੂ ਵੱਗ ਰਹੇ ਸਨ ਤੇ ਉਹ ਕੁਰਲਾ-ਕੁਰਲਾ ਕੇ ਆਖ ਰਹੇ ਸਨ ਕਿ, ''ਉਹ ਮਾਂ ਬਹੁਤ ਮਹਾਨ ਹੈ ਜਿਸ ਨੇ ਅਜਿਹੇ ਬਹਾਦਰ ਪੁੱਤਰਾਂ ਨੂੰ ਜਨਮ ਦਿੱਤਾ ਹੈ।

ਦੀਵਾਰ ਦੀ ਉਚਾਈ ਹੁਣ ਸਾਹਿਬਜ਼ਾਦਿਆਂ ਦੇ ਮੋਢਿਆਂ ਤੱਕ ਪਹੁੰਚ ਗਈ ਸੀ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਆਪਣੇ ਛੋਟੇ ਵੀਰ ਨੂੰ ਕਿਹਾ ਕਿ, ''ਇਹ ਸਾਡੀ ਪ੍ਰੀਖਿਆ ਲੈ ਰਹੇ ਹਨ। ਇਹ ਲੋਕ ਨਹੀਂ ਜਾਣਦੇ ਕਿ ਗੁਰੂ ਨਾਨਕ ਦੇਵ ਜੀ ਦੇ ਸਿੱਖ ਕਿੰਨੇ ਨਿਡਰ ਹਨ। ਸਾਡੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਤੇ ਬੈਠ ਕੇ, ਸ਼ਾਂਤ ਚਿੱਤ ਰਹਿ ਕੇ ਸ਼ਹੀਦੀ ਦਿੱਤੀ ਸੀ। ਉਹਨਾਂ ਨੇ ਮਾਨਵਤਾ ਨੂੰ ਸੱਚ ਦੇ ਮਾਰਗ 'ਤੇ ਚੱਲਣ ਤੇ ਇਮਾਨਦਾਰੀ ਵਾਲਾ ਸੱਚਾ-ਸੁੱਚਾ ਜੀਵਨ ਜਿਊਣ ਦਾ ਸੰਦੇਸ਼ ਦਿੱਤਾ ਸੀ, ਉਹਨਾਂ ਨੇ ਮੌਤ ਨਾਲ ਤਕੜੇ ਹੋ ਕੇ ਲੜਨ ਤੇ ਪ੍ਰਮਾਤਮਾ 'ਚ ਦ੍ਰਿੜ੍ਹ ਵਿਸ਼ਵਾਸ ਰੱਖਣ ਦਾ ਸੰਦੇਸ਼ ਵੀ ਦਿੱਤਾ ਸੀ''। ਛੋਟੇ ਭਰਾ ਸਾਹਿਬਜ਼ਾਦਾ ਫਤਿਹ ਸਿੰਘ ਨੇ ਇਹ ਕਿਹਾ ਕਿ, ''ਸਾਡੇ ਸਤਿਕਾਰਯੋਗ ਦਾਦਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੀ ਬੇਜੋੜ ਹੈ, ਜਿਹਨਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ ਹੈ। ਅਸੀਂ ਛੇਤੀ ਹੀ ਉਹਨਾਂ ਦੇ ਪਾਸ ਜਾਣ ਵਾਲੇ ਹਾਂ। ਉਹ ਸਾਡਾ ਇੰਤਜ਼ਾਰ ਕਰ ਰਹੇ ਹਨ।'' ਥੋੜ੍ਹੀ ਹੀ ਦੇਰ ਬਾਅਦ ਦੋਵੇਂ ਸਾਹਿਬਜ਼ਾਦੇ ਬੇਹੋਸ਼ ਹੋ ਗਏ। ਜਲਾਦ ਭਾਵੁਕ ਹੋ ਗਏ ਤੇ ਉਹ ਪਾਸ ਖੜ੍ਹੇ ਸਰਕਾਰੀ ਕਰਮਚਾਰੀਆਂ ਨਾਲ ਸਲਾਹ-ਮਸ਼ਵਰਾ ਕਰਨ ਲੱਗ ਪਏ। ''ਇਹ ਹੁਣ ਮੌਤ ਦੇ ਕਰੀਬ ਹੀ ਹਨ ਤੇ ਦੀਵਾਰ ਨੂੰ ਹੁਣ ਹੋਰ ਉੱਚਾ ਕਰਨ ਦੀ ਲੋੜ ਨਹੀਂ ਹੈ। ਇਹਨਾਂ ਦੀ ਮਾਨਸਿਕ ਪੀੜਾ ਨੂੰ ਹੋਰ ਨਾ ਵਧਾਇਆ ਜਾਵੇ, ਕਿਉਂ ਨਾ ਇਹਨਾਂ ਦੇ ਸਿਰ ਧੜ ਨਾਲੋਂ ਅਲੱਗ ਕਰ ਦਿੱਤੇ ਜਾਣ? ਅੱਗੇ ਪਹਿਲਾਂ ਹੀ ਉਹਨਾਂ ਨੂੰ ਸ਼ਾਮ ਦਾ ਹਨੇਰਾ ਹੁੰਦਾ ਦਿੱਸਦਾ ਸੀ।'' ਉੱਸਰੀ ਹੋਈ ਦੀਵਾਰ ਨੂੰ ਧੱਕਾ ਮਾਰ ਕੇ ਡੇਗ ਦਿੱਤਾ ਗਿਆ। ਦੋਵਾਂ ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਮਲਬੇ ਤੋਂ ਬਾਹਰ ਪੱਧਰੀ ਜਗ੍ਹਾ 'ਤੇ ਲਿਆਂਦਾ ਗਿਆ ਤੇ ਜ਼ਮੀਨ ਤੇ ਸਿੱਧਾ ਲਿਟਾ ਦਿੱਤਾ ਗਿਆ ਤੇ ਤਤਕਾਲਿਤ ਇਕੋ ਤਲਵਾਰ ਦੇ ਝਟਕੇ ਨਾਲ ਉਹਨਾਂ ਦੀਆਂ ਗਰਦਨਾਂ ਧੜ ਨਾਲੋਂ ਅਲੱਗ ਕਰ ਕੇ ਸ਼ਹੀਦ ਕਰ ਦਿੱਤਾ। ਬਾਹਰ ਖੜ੍ਹੀ ਭੀੜ ਨੇ ਇਸ ਖ਼ੌਫਨਾਕ ਕਾਰੇ ਦਾ ਬੜਾ ਬੁਰਾ ਮਨਾਇਆ। ਉਹਨਾਂ ਨੇ ਕਿਹਾ ਕਿ ਇਹ ਦਿਲ ਨੂੰ ਦਹਿਲਾਉਣ ਵਾਲਾ, "ਕਰੂਰਤਾ ਭਰਿਆ ਜ਼ੁਲਮ ਹੈ।''

ਜਦੋਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਮਾਤਾ ਗੁਜਰੀ ਜੀ ਉਸ ਸਮੇਂ ਬੁਰਜ 'ਚ ਸਮਾਧੀ ਅਵਸਥਾ 'ਚ ਬੈਠੇ ਭਗਤੀ ਕਰ ਰਹੇ ਸਨ ਤੇ ਉਹਨਾਂ ਨੇ ਸਮਾਧੀ 'ਚ ਹੀ ਆਪਣਾ ਆਖਰੀ ਸਾਹ ਲਿਆ ਤੇ ਆਪਣੇ ਪ੍ਰਾਣ ਤਿਆਗ ਦਿੱਤੇ। ਜਿਉਂ ਹੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸੂਚਨਾ ਮਾਤਾ ਗੁਜਰੀ ਜੀ ਨੂੰ ਦੇਣ ਵਾਲਾ ਏਲਚੀ ਆਇਆ ਤਾਂ ਉਸ ਨੇ ਦੇਖਿਆ ਕਿ ਮਾਤਾ ਜੀ ਪਹਿਲਾਂ ਹੀ ਮੁਕਤੀ ਪਾ ਚੁੱਕੇ ਸਨ। ਇੱਥੇ ਕਈ ਇਤਿਹਾਸਕਾਰ ਮਾਤਾ ਗੁਜ਼ਰੀ ਜੀ ਦੀ ਮੌਤ ਬਾਰੇ ਇਸ ਤਰ੍ਹਾਂ ਵੀ ਲਿਖਦੇ ਹਨ ਕਿ ਜਦੋਂ ਸਾਹਿਬਜ਼ਾਦਿਆਂ ਦੀ ਮੌਤ ਦੀ ਖ਼ਬਰ ਬੁਰਜ 'ਚ ਸਿਪਾਹੀ ਦੱਸਣ ਲਈ ਆਏ ਤਾਂ ਉਹਨਾਂ ਨੇ ਠੰਢੇ ਬੁਰਜ 'ਚੋਂ ਮਾਤਾ ਗੁਜਰੀ ਜੀ ਨੂੰ ਨੀਚੇ ਜ਼ਮੀਨ 'ਤੇ ਧੱਕਾ ਦੇ ਕੇ ਸੁੱਟ ਦਿੱਤਾ ਤੇ ਡਿੰਗਦਿਆਂ ਸਾਰ ਹੀ ਉਹਨਾਂ ਦੀ ਮੌਤ ਹੋ ਗਈ। ਸਾਰੇ ਸਰਹਿੰਦ 'ਚ ਹਾਹਾਕਾਰ ਮੱਚ ਗਈ। ਹਰ ਆਦਮੀ ਇਸ ਅੱਤਿਆਚਾਰ 'ਤੇ ਬੜੇ ਗੁੱਸੇ 'ਚ ਆ ਗਿਆ। ਹਰ ਆਦਮੀ ਦਾ ਇਹੀ ਕਥਨ ਸੀ ਕਿ ਇਹ ਵਹਿਸ਼ੀਆਨਾ ਕਾਰਵਾਈ 'ਮੁਗਲ ਰਾਜ' ਦੇ ਖ਼ਾਤਮੇ ਦਾ ਐਲਾਨ ਹੈ। ਸਭ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਨਿਡਰਤਾ, ਬਹਾਦਰੀ ਤੇ ਧਰਮ ਦੀ ਰਾਖੀ ਲਈ ਉਹਨਾਂ ਦੇ ਦ੍ਰਿੜ੍ਹ ਇਰਾਦੇ ਦੀ ਸਿਫ਼ਤ ਕਰ ਰਿਹਾ ਸੀ। ਇਸ ਛੋਟੀ ਉਮਰ 'ਚ ਉਹਨਾਂ ਦੇ ਇਰਾਦੇ ਕਿੰਨੇ ਮਜ਼ਬੂਤ ਸਨ। ਉਹ ਆਪਣੇ ਇਰਾਦਿਆਂ ਤੋਂ ਜ਼ਰਾ ਵੀ ਲਈਂ ਲੜਖੜਾਏ, ਭਾਵੇਂ ਨਵਾਬ ਵਜ਼ੀਰ ਖਾਨ ਤੇ ਕਾਜ਼ੀ ਨੇ ਉਹਨਾਂ ਨੂੰ ਇਸਲਾਮ ਧਰਮ ਗ੍ਰਹਿਣ ਕਰਨ ਲਈ ਬੜਾ ਭਰਮਾਇਆ ਤੇ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ।

ਉਸੇ ਸ਼ਾਮ ਦੀਵਾਨ ਟੋਡਰ ਮੱਲ, ਜਿਹੜਾ ਕਿ ਗਹਿਣਿਆਂ ਦਾ ਕੰਮ ਕਰਦਾ ਸੀ, ਨਵਾਬ ਵਜ਼ੀਰ ਖਾਨ ਦੀ ਅਦਾਲਤ 'ਚ ਪਹੁੰਚਿਆ ਕਿ ਉਸ ਨੂੰ ਦੋਵੇਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸੰਸਕਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਨਵਾਬ ਨੇ ਦੀਵਾਨ ਟੋਡਰ ਮੱਲ ਦੇ ਸਨਮੁਖ ਕੁਝ ਸ਼ਰਤਾਂ ਰੱਖੀਆਂ ਕਿ ਉਸ ਨੂੰ ਸੰਸਕਾਰ ਕਰਨ ਲਈ ਉਤਨੀ ਹੀ ਜ਼ਮੀਨ ਦਿੱਤੀ ਜਾਵੇਗੀ, ਜਿਤਨੀ ਜ਼ਮੀਨ 'ਤੇ ਉਹ ਸੋਨੇ ਦੀਆਂ ਮੋਹਰਾਂ (ਸਿੱਕੇ) ਵਿਛਾਅ ਦੇਵੇਗਾ ਤੇ ਉਸ ਜਗ੍ਹਾ ਤੇ ਹੀ ਉਹ ਤਿੰਨਾਂ ਦਾ ਸੰਸਕਾਰ ਕਰ ਸਕਦਾ ਹੈ। ਉਸ ਨੇ ਇੰਝ ਹੀ ਕੀਤਾ ਤੇ ਉਹ ਸੋਨੇ ਦੇ ਸਿੱਕਿਆਂ ਦਾ ਬੈਗ ਭਰ ਕੇ ਲੈ ਆਇਆ। ਜਿਹੜੀ ਜਗ੍ਹਾ ਉਸ ਨੇ ਸੰਸਕਾਰ ਕਰਨ ਲਈ ਨਿਸ਼ਚਿਤ ਕੀਤੀ ਸੀ, ਉਨੀ ਜਗ੍ਹਾ 'ਤੇ ਉਸ ਨੇ ਨਿਸ਼ਾਨ ਲਾ ਕੇ ਸੋਨੇ ਦੇ ਸਿੱਕੇ ਵਿਛਾਅ ਦਿੱਤੇ ਤੇ ਜਗ੍ਹਾ ਪ੍ਰਾਪਤ ਕਰ ਲਈ। ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਸ਼ਹੀਦ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦਾ ਪੂਰੇ ਸਨਮਾਨਾਂ ਨਾਲ ਸੰਸਕਾਰ ਕਰ ਦਿੱਤਾ ਗਿਆ। ਮਾਨਵਤਾ ਦੇ ਇਤਿਹਾਸ 'ਚ ਸਾਨੂੰ ਕਿਤੇ ਵੀ ਇਸ ਦੇ ਸਮਾਨਾਂਤਰ ਮਾਸੂਮ ਬੱਚਿਆਂ ਨੂੰ ਸ਼ਹੀਦ ਕਰਨ ਦੀ ਤੇ ਮਾਨਵੀ ਬਰਬਰਤਾ ਦੀ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਤੇ ਮਾਸੂਮ ਜਿੰਦਾਂ ਨੇ ਵੀ ਖੁਸ਼ੀ-ਖੁਸ਼ੀ ਬੜੀ ਦ੍ਰਿੜ੍ਹਤਾ ਨਾਲ ਆਪਣੇ ਧਾਰਮਿਕ ਵਿਸ਼ਵਾਸ ਨੂੰ ਕਾਇਮ ਰੱਖਿਆ ਤੇ ਇਸ ਸ਼ਹੀਦੀ ਦੇ ਵੱਡੇ ਸਾਕੇ 'ਤੇ ਜ਼ਰਾ ਵੀ ਆਂਚ ਲਈਂ ਆਉਣ ਦਿੱਤੀ। ਸਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਉਮਰ 6 ਸਾਲ (ਜਨਮ 1699) ਤੋਂ ਵੀ ਘੱਟ ਸੀ ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਉਮਰ ਅੱਠ ਸਾਲ (ਜਨਮ 1696) ਤੋਂ ਥੋੜ੍ਹੀ ਹੀ ਉਪਰ ਸੀ। ਉਹਨਾਂ ਨੂੰ 26ਦਸੰਬਰ, 1705 'ਚ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਨੂੰ ਜ਼ਿੰਦਾ ਦੀਵਾਰ 'ਚ ਚਿਣ ਦਿੱਤਾ ਗਿਆ ਤੇ ਬੇਹੋਸ਼ ਹੋ ਜਾਣ 'ਤੇ ਉਹਨਾਂ ਦੇ ਸਰੀਰ ਨੂੰ ਜ਼ਮੀਨ ਤੇ ਲਿਟਾਅ ਕੇ ਸਿਰਾਂ ਨੂੰ ਧੜ ਨਾਲੋਂ, ਤਲਵਾਰ ਦੇ ਇੱਕੋ ਝਟਕੇ ਨਾਲ ਅਲੱਗ ਕਰਕੇ ਸ਼ਹੀਦ ਕਰ ਦਿੱਤਾ ਗਿਆ ਪਰ ਉਹ ਮੁਗਲ ਸਰਕਾਰ ਦੇ ਜ਼ੁਲਮ ਅੱਗੇ ਝੁਕੇ ਲਈਂ। ਗੁਰੂ ਗੋਬਿੰਦ ਸਿੰਘ ਜੀ ਉਹਨਾਂ ਦਿਨਾਂ 'ਚ ਮਾਛੀਵਾੜੇ ਦੇ ਜੰਗਲਾਂ 'ਚ ਸਨ ਤੇ ਜਦੋਂ ਉਹਨਾਂ ਨੂੰ ਆਪਣੇ ਛੋਟੇ ਪੁੱਤਰਾਂ ਦੀ ਸ਼ਹੀਦੀ ਦੀ ਖ਼ਬਰ ਪਹੁੰਚੀ। ਉਹਨਾਂ ਨੇ ਇਹ ਖ਼ਬਰ ਸੁਣਦਿਆਂ ਹੀ ਤੀਰ ਦੀ ਨੋਕ ਨਾਲ ਇਕ ਛੋਟਾ ਬੂਟਾ ਪੁੱਟਿਆ ਤੇ ਭਵਿੱਖਬਾਣੀ ਕੀਤੀ ਕਿ, ''ਇਹ ਦੁਖਾਂਤ ਭਾਰਤ 'ਚੋਂ ਮੁਗਲ ਹਕੂਮਤ ਦੀਆਂ ਜੜ੍ਹਾਂ ਪੁੱਟ ਦਏਗਾ।'' ਉਹਨਾਂ ਨੇ ਮੁਗਲ ਬਾਦਸ਼ਾਹ ਨੂੰ ਇਹ ਲਿਖਿਆ ਕਿ, ''ਇਹ ਕੋਈ ਵੱਡੀ ਗੱਲ ਲਈਂ ਹੈ, ਜੇਕਰ ਇਕ ਗਿੱਦੜ ਚਲਾਕੀ ਤੇ ਧੋਖੇ ਨਾਲ ਸ਼ੇਰ ਦੇ ਦੋ ਬੱਚਿਆਂ ਨੂੰ ਮਾਰ ਵੀ ਦਿੰਦਾ ਹੈ ਤਾਂ ਸ਼ੇਰ ਖੁਦ ਜਿੰਦਾ ਹੈ ਤ ਉਹ ਕਦੀ ਵੀ ਤੁਹਾਡੇ ਤੋਂ ਬਦਲਾ ਲੈ ਸਕਦਾ ਹੈ।'' ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ: ''ਮੇਰੇ ਚਾਰੋ ਪੁੱਤਰਾਂ ਨੇ ਆਪਣੀ ਕੁਰਬਾਨੀ, ਮੇਰੇ ਹਜ਼ਾਰਾਂ ਪੁੱਤਰਾਂ ਦੀ ਜਾਨ ਬਚਾਉਣ ਲਈ ਦਿੱਤੀ ਹੈ ਜਿਹੜੇ ਕਿ ਅਜੇ ਵੀ ਜਿੰਦਾ ਹਨ। ਸਾਰੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਤੇ ਧੀਆਂ ਹਨ।'' ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਨਾਲ ਸਾਰੇ ਭਾਰਤ 'ਚ ਸੋਗ ਦੀ ਖ਼ਬਰ ਫੈਲ ਗਈ। ਇਸ ਤੋਂ ਥੋੜ੍ਹਾ ਸਮਾਂ ਬਾਅਦ ਬੰਦਾ ਬੈਰਾਗੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਪਰਕ 'ਚ ਆਇਆ। ਉਹ ਖਾਲਸਾ ਸਜ ਕੇ 'ਬੰਦਾ ਸਿੰਘ ਬਹਾਦਰ' ਬਣਿਆ ਤੇ ਉਸ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਨਵਾਬ ਵਜ਼ੀਰ ਖਾਨ ਨੂੰ ਮਾਰ ਕੇ ਲਿਆ ਤੇ ਸਰਹਿੰਦ ਦੀ ਇੱਟ ਨਾਲ ਇੱਟ ਵਜਾਅ ਦਿੱਤੀ ਤੇ ਪੰਜਾਬ 'ਚੋਂ ਮੁਗਲ ਰਾਜ ਦਾ ਅੰਤ ਕਰ ਦਿੱਤਾ। ਹਿੰਦੀ ਸਾਹਿਤ ਦਾ ਮਹਾਨ ਕਵੀ, ਮੈਥਲੀਸ਼ਰਨ ਗੁਪਤਾ ਆਪਣੀ ਪੁਸਤਕ 'ਭਾਰਤ-ਭਾਰਤੀ' 'ਚ ਲਿਖਦਾ ਹੈ, ''ਭਾਵੇਂ ਉਹਨਾਂ ਦੀ ਉਸ ਸਮੇਂ ਦੇ ਵਰਤਮਾਨ 'ਚ ਕਿਸੇ ਤਰ੍ਹਾਂ ਦੀ ਵੀ ਹਾਲਤ ਹੋਵੇ, ਉਹਨਾਂ ਦੀ ਕੌਮ ਦਾ ਭਵਿੱਖ, ਜਿਸ ਦੇ ਪੁੱਤਰਾਂ ਨੇ ਆਪਣੇ ਧਰਮ ਦੇ ਦ੍ਰਿੜ੍ਹ ਵਿਸ਼ਵਾਸ ਦੀ ਖਾਤਰ ਜਾਨ ਵਾਰ ਦਿੱਤੀ ਹੈ, ਉਹਨਾਂ ਦਾ ਭਵਿੱਖ ਬੜਾ ਸ਼ਾਨਦਾਰ ਤੇ ਮਹਾਨ ਹੈ।''

# ਨਾਗਰਿਕਤਾ ਕਾਨੂੰਨ ਦੇ ਵਿਰੋਧ 'ਚ ਦਿੱਲੀ ਤੇ ਬੰਗਾਲ 'ਚ ਹਿੰਸਾ ਜਾਰੀ

**(ਸਫਾ 1 ਦੀ ਬਾਕੀ)**

ਖੜ੍ਹੀ ਇਕ ਕਲਸਟਰ ਤੇ ਇਕ ਨਿੱਜੀ ਬੱਸ 'ਚ ਭੰਨਤੋੜ ਸ਼ੁਰੂ ਕਰ ਦਿੱਤੀ। ਕੁਝ ਲੋਕਾਂ ਨੇ ਪੁਲਿਸ ਵੱਲ ਪੱਥਰ ਵੀ ਸੁੱਟ ਦਿੱਤੇ। ਪੁਲਿਸ ਨੂੰ ਇਸ ਦਾ ਅੰਦਾਜ਼ਾ ਨਹੀਂ ਸੀ। ਇਸ ਕਾਰਨ ਪੁਲਿਸ ਦਸਤੇ ਵੀ ਮੌਕੇ 'ਤੇ ਘੱਟ ਸਨ। ਪਥਰਾਅ ਦੀ ਸੂਚਨਾ ਮਿਲਦੇ ਹੀ ਹੋਰ ਪੁਲਿਸ ਦਸਤੇ ਨੂੰ ਮੌਕੇ 'ਤੇ ਭੇਜਿਆ ਗਿਆ, ਪਰ ਤਦੋਂ ਤਕ ਭੀੜ ਹਿੰਸਕ ਹੋ ਚੁੱਕੀ ਸੀ। ਇਸ ਦੌਰਾਨ ਸੀਲਮਪੁਰ ਪੁਲਿਸ ਚੌਕੀ 'ਚ ਵੜ ਕੇ ਭੀੜ ਨੇ ਭੰਨਤੋੜ ਕਰ ਦਿੱਤੀ। ਪੁਲਿਸ ਨੇ ਭੀੜ ਨੂੰ ਰੋਕਣ ਲਈ ਲਾਠੀਚਾਰਜ ਕੀਤਾ ਤਾਂ ਵੈਲਕਮ ਤੇ ਜਨਤਾ ਕਾਲੋਨੀ 'ਚ ਛੱਤਾਂ ਤੋਂ ਲੋਕ ਇੱਟਾਂ ਦੇ ਟੁਕੜੇ ਸੁੱਟਣ ਲੱਗੇ। ਰਿਜ਼ਰਵ ਪੁਲਿਸ ਦਸਤੇ ਦੇ ਮੌਕੇ 'ਤੇ ਪੁੱਜਣ ਪਿੱਛੋਂ ਪੁਲਿਸ ਨੇ ਅਥਰੂ ਗੈਸ ਦੇ ਗੋਲ਼ੇ ਛੱਡਣ ਦੇ ਨਾਲ ਹੀ ਲਾਠੀਚਾਰਜ ਕਰ ਕੇ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕੀਤਾ।

**ਦਿੱਲੀ ਦੇ ਸੀਲਮਪੁਰ 'ਚ ਹਿੰਸਾ; 21 ਜ਼ਖ਼ਮੀ**

ਨਵੀਂ ਦਿੱਲੀ- ਸੋਧੇ ਹੋਏ ਨਾਗਰਿਕਤਾ ਐਕਟ ਖ਼ਿਲਾਫ਼ ਉੱਤਰ ਪੂਰਬ ਤੋਂ ਸ਼ੁਰੂ ਹੋਇਆ ਪ੍ਰਦਰਸ਼ਨਾਂ ਦਾ ਦੌਰ ਕੌਮੀ ਰਾਜਧਾਨੀ ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਅੱਜ ਵੀ ਜਾਰੀ ਰਿਹਾ। ਇਥੇ ਉੱਤਰ-ਪੂਰਬੀ ਦਿੱਲੀ ਦੇ ਸੀਲਮਪੁਰ ਖੇਤਰ ਵਿੱਚ ਗੁੱਸੇ ਵਿੱਚ ਆਏ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਦਰਮਿਆਨ ਝੜਪ ਹੋਈ। ਪ੍ਰਦਰਸ਼ਨਕਾਰੀਆਂ ਨੇ ਪੁਲੀਸ 'ਤੇ ਪੱਥਰਬਾਜ਼ੀ ਕੀਤੀ ਤੇ ਕਈ ਮੋਟਰਸਾਈਕਲਾਂ ਨੂੰ ਅੱਗ ਲਾ ਦਿੱਤੀ। ਉਨ੍ਹਾਂ ਤਿੰਨ ਬੱਸਾਂ ਤੇ ਦੋ ਪੁਲੀਸ ਬੂਥਾਂ ਦੀ ਭੰਨਤੋੜ ਕੀਤੀ। ਪੁਲੀਸ ਨੇ ਹਜੂਮ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਦਾਗੇ। ਹਿੰਸਾ ਦੌਰਾਨ 12 ਪੁਲੀਸ ਮੁਲਾਜ਼ਮਾਂ ਤੇ 6 ਆਮ ਨਾਗਰਿਕਾਂ ਸਮੇਤ 21 ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ 'ਚ ਰੈਪਿਡ ਐਕਸ਼ਨ ਫੋਰਸ (ਆਰਏਐੱਫ) ਅਮਲੇ ਦੇ ਤਿੰਨ ਮੈਂਬਰ ਵੀ ਦੱਸੇ ਜਾਂਦੇ ਹਨ। ਪੁਲੀਸ ਨੇ ਹਿੰਸਾ ਨੂੰ ਲੈ ਕੇ ਸੀਲਮਪੁਰ ਤੇ ਜਾਫ਼ਰਾਬਾਦ ਪੁਲੀਸ ਸਟੇਸ਼ਨਾਂ ਵਿੱਚ ਕੇਸ ਦਰਜ ਕੀਤੇ ਹਨ। ਪੁਲੀਸ ਮੁਤਾਬਕ ਭੰਨਤੋੜ ਤੇ ਅੱਗਜ਼ਨੀ ਦੀ ਇਹ ਖੇਡ ਡੇਢ ਘੰਟਾ ਚਲਦੀ ਰਹੀ। ਪੁਲੀਸ ਨੇ ਇਸ ਸਬੰਧ ਵਿੱਚ ਪੰਜ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਦੌਰਾਨ ਕੇਰਲ, ਤੇਲੰਗਾਨਾ, ਤਾਮਿਲਨਾਡੂ, ਪੱਛਮੀ ਬੰਗਾਲ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਅੱਜ ਸੱਜਰੇ ਪ੍ਰਦਰਸ਼ਨ ਹੋਣ ਦੀਆਂ ਰਿਪੋਰਟਾਂ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਸੀਲਮਪੁਰ ਵਿੱਚ ਕਰੀਬ ਚਾਰ ਤੋਂ ਪੰਜ ਹਜ਼ਾਰ ਲੋਕਾਂ ਦੀ ਪੁਲੀਸ ਨਾਲ 'ਮਾਮੂਲੀ ਝੜਪ' ਹੋਈ, ਪਰ ਸਥਿਤੀ 'ਤੇ ਤੁਰੰਤ ਕਾਬੂ ਪਾ ਲਿਆ ਗਿਆ। ਕੁਝ ਲੋਕਾਂ ਵਲੋਂ ਜ਼ਫ਼ਰਾਬਾਦ ਵਿੱਚ ਕਰੀਬ 2 ਵਜੇ ਨਾਗਰਕਿਤਾ ਸੋਧ ਬਿੱਲ ਵਿਰੁਧ ਰੋਸ ਧਰਨਾ ਦਿੱਤਾ ਜਾਣਾ ਸੀ, ਪਰ ਦੁਪਹਿਰ ਕਰੀਬ ਇੱਕ ਵਜੇ ਹੀ ਲੋਕ ਸੀਲਮਪੁਰ ਵਿੱਚ ਇਕੱਤਰ ਹੋਣੇ ਸ਼ੁਰੂ ਹੋ ਗਏ, ਜਿਨ੍ਹਾਂ ਨੂੰ ਪੁਲੀਸ ਨੇ ਰੋਕ ਲਿਆ। ਅਧਿਕਾਰੀ ਨੇ ਦੱਸਿਆ, 'ਲੁਕੀ ਹੋਈ ਭੀੜ ਨੇ ਕੋਈ ਅਗਾਊਂ ਸੂਚਨਾ ਦਿੱਤੇ ਬਿਨਾਂ ਸੀਲਮਪੁਰ ਪੁਆਇੰਟ ਵੱਲ ਵਧਣਾ ਸ਼ੁਰੂ ਕਰ ਦਿੱਤਾ। ਇਹ ਕਰੀਬ ਚਾਰ-ਪੰਜ ਹਜ਼ਾਰ ਲੋਕ ਸਨ, ਜੋ ਕਰੀਬ ਅੱਧੇ ਘੰਟੇ ਤਕ ਸ਼ਾਂਤਮਈ ਪ੍ਰਦਰਸ਼ਨ ਕਰਦੇ ਰਹੇ, ਪਰ ਉਸ ਤੋਂ ਬਾਅਦ ਉਨ੍ਹਾਂ ਦੀ ਪੁਲੀਸ ਨਾਲ ਮਾਮੂਲੀ ਝੜਪ ਹੋ ਗਈ।

**ਸੁਪਰੀਮ ਕੋਰਟ ਵੀ ਸਖ਼ਤ**

ਨਹੀਂ ਲਗਾਈ ਪੁਲਿਸ ਕਾਰਵਾਈ 'ਤੇ ਰੋਕ

ਕਿਹਾ, ਕੋਈ ਪੁਲਿਸ 'ਤੇ ਪੱਥਰਬਾਜ਼ੀ ਕਰੇਗਾ ਤਾਂ ਕੀ ਕੇਸ ਦਰਜ ਨਹੀਂ ਹੋਵੇਗਾ

ਜਾਂਚ ਕਮੇਟੀ ਗਠਿਤ ਕਰਨ ਤੋਂ ਵੀ ਇਨਕਾਰ

ਕਿਹਾ, ਅਲੱਗ-ਅਲੱਗ ਥਾਂ ਦਾ ਮਾਮਲਾ, ਇਕ ਜਾਂਚ ਕਮੇਟੀ ਨਾਲ ਕੰਮ ਨਹੀਂ ਚੱਲੇਗਾ

ਸਬੰਧਤ ਹਾਈ ਕੋਰਟਾਂ 'ਚ ਜਾਣ ਪਟੀਸ਼ਨਕਰਤਾ

ਕਿਹਾ, ਸਰਕਾਰ ਤੇ ਧਿਰਾਂ ਨੂੰ ਸੁਣ ਕੇ ਹਾਈ ਕੋਰਟ ਦੇਣਗੀਆਂ ਉਚਿਤ ਆਦੇਸ਼

# ਦੋ ਹਜ਼ਾਰ ਵੀਹ

ਆਉਣ ਵਾਲਾ ਆ 2020
ਮੈਂ ਸੁਣਿਆ ਦੁਨੀਆਂ ਚੰਨ ਤੇ ਪਹੁੰਚ ਗਈ
ਪਰ ਇੱਥੇ ਦਾ ਬਣੂੰ ਕੀ ?
ਕੁਝ ਆਖ਼ਣ ਇਹ ਥਾਂ ਰਾਮ ਦੀ
ਤੇ ਕੁਝ ਆਖ਼ਣ ਰਹੀਮ ਦੀ।

ਆਉਣ ਵਾਲਾ ਆ 2020
ਮੈਂ ਸੁਣਿਆ ਦੁਨੀਆਂ ਚੰਨ ਤੇ ਪਹੁੰਚ ਗਈ।

ਔਰਤ ਹਾਲੇ ਤੱਕ ਵੀ ਸੁਰੱਖਿਅਤ ਨਹੀਂ
ਨਿੱਤ ਬਣਦੀ ਹੈ ਸ਼ਿਕਾਰ, ਬਲਾਤਕਾਰ ਦੀ
ਨਾਂ ਦੀ ਹੈ ਅਜ਼ਾਦੀ ਪਰ ਅਸਲ ਅਜ਼ਾਦੀ ਨਹੀਂ ।

ਆਉਣ ਵਾਲਾ ਆ 2020
ਮੈਂ ਸੁਣਿਆ ਦੁਨੀਆਂ ਚੰਨ ਤੇ ਪਹੁੰਚ ਗਈ
ਪਰ ਇੱਥੇ ਦਾ ਬਣੂੰ ਕੀ ?
ਜਿੱਥੇ ਭੈਣ ਭਰਾਵਾਂ ਦਾ
ਆਪਸੀ ਪਿਆਰ ਹੀ ਨਹੀਂ
ਮਾਂ ਬਾਪ ਵੀ ਰੁਲ਼ਦੇ ਫਿਰਦੇ ਨੇ
ਵਿੱਚ ਬਿਰਧ ਆਸ਼ਰਮਾਂ ਜੀ

ਆਉਣ ਵਾਲਾ ਆ 2020
ਮੈਂ ਸੁਣਿਆ ਦੁਨੀਆਂ ਚੰਨ ਤੇ ਪਹੁੰਚ ਗਈ
ਜੇ ਬਣ ਜਾਏ ਆਪਸੀ ਪਿਆਰ
ਹੋ ਜਾਣ ਸਭ ਇੱਕ ਜਿੰਦ-ਇੱਕ ਜਾਨ
ਹੋਵੇ ਔਰਤ ਦਾ ਸਨਮਾਨ
'ਅਮਰ' ਆਖੂ ਦੁਨੀਆਂ ਸਾਡੀ ਹੀ ਚੰਨ ਬਣ ਗਈ
ਦੁਨੀਆਂ ਸਾਡੀ ਹੀ ਸਵਰਗ ਬਣ ਗਈ।



– ਅਮਰਜੀਤ ਕੌਰ ਲਾਲਪੁਰ (ਰੋਪੜ)
91-89680-39646

# ਵਧਾਈ

ਅੱਜ ਦਿਓ ਵਧਾਈ ਉਸ ਮਾਂ ਤਾਈਂ, ਜਿਸ ਦੀ ਕੁੱਖ 'ਚੋਂ ਭੀਮ ਅਵਤਾਰ ਹੋਇਆ

ਅਰਸ਼ੋਂ ਦੇਵਤੇ ਫੁੱਲ ਬਰਸਾਂਵਦੇ ਨੇ, ਵਿਹੜਾ ਪਿਤਾ ਦਾ ਅੱਜ ਗੁਲਜ਼ਾਰ ਹੋਇਆ

ਪਰੀਆਂ ਗੀਤ ਸੁਹਾਵਣੇ ਗਾਉਂਦੀਆਂ ਨੇ, ਮਾਰੇ ਜੱਗ ਉੱਤੇ ਜੈ, ਜੈਕਾਰ ਹੋਇਆ

ਆ ਗਿਆ ਮਜ਼ਲੁਮਾਂ ਦਾ ਅੱਜ ਰਹਿਬਰ, ਜਿਸਦਾ ਸਦੀਆਂ ਤੋਂ ਸੀ ਇੰਤਜ਼ਾਰ ਹੋਇਆ

ਹਰ ਘਰ ਦੇ ਵਿਚ ਕੇਹੀ ਲਾਈਟ ਹੈ ਇਹ, ਕਿਹੜੀ ਚੀਜ਼ ਦਾ ਇਹਨਾਂ ਚਮਕਦਾਰ ਹੋਇਆ

ਅੱਜ ਚੌਦਾਂ ਅਪ੍ਰੈਲ ਦਾ ਚੰਦ ਚੜ੍ਹਿਆ, ਹੋ ਗਈ ਰੌਸ਼ਨੀ ਦੂਰ ਅੰਧਕਾਰ ਹੋਇਆ

ਅੱਤਿਆਚਾਰ ਤੇ ਜ਼ੁਲਮ ਦੀ ਅੱਤ ਹੋ ਗਈ, ਭਾਰ ਧਰਤੀ 'ਤੇ ਨਹੀਂ ਸਹਾਰ ਹੋਇਆ

ਇਸੇ ਧਰਤੀ ਦਾ ਭਾਰ ਉਤਾਰਨੇ ਲਈ, ਆਉਣਾ ਰਹਿਬਰ ਦਾ ਵਿਚ ਸੰਸਾਰ ਹੋਇਆ

ਆ ਗਿਆ ਹੈ ਭੀਮ ਅਵਤਾਰ ਸੰਗਤੇ, ਜਿਸਦੇ ਆਉਣ ਦਾ ਇੰਨਾ ਸਤਿਕਾਰ ਹੋਇਆ

ਮੁਰਦਾ ਰੂਹਾਂ ਨੂੰ ਜ਼ਿੰਦਗੀ ਦੇਣ ਵਾਲਾ, ਤੇ ਐਸਾ ਹੋਰ ਨਾ ਮੇਰੀ ਸਰਕਾਰ ਹੋਇਆ

ਬਾਬਾ ਸਾਹਿਬ ਨੇ ਆਣ ਕੇ ਕਰਮ ਕੀਤਾ, ਦੁਖੀ ਕੌਮ ਦਾ ਦੁੱਖ ਨਿਵਾਰ ਹੋਇਆ

ਜ਼ਿੰਦਗੀ ਮੁਰਦਿਆਂ ਵਾਂਗਰਾਂ ਸੀ ਸਾਡੀ, ਅੱਜ ਜਿਊਣ ਦਾ ਸਾਨੂੰ ਅਧਿਕਾਰ ਹੋਇਆ

ਰੁੜ੍ਹੇ ਜਾਂਦੇ ਸਾਂ ਜੁਲਮ ਦੇ ਸ਼ੋ ਅੰਦਰ, ਮਦਦ ਵਾਸਤੇ ਪੈਦਾ ਮਦਦਗਾਰ ਹੋਇਆ

ਆ ਗਿਆ ਹੈ ਸੰਗਤੇ ਉਹ ਰਹਿਬਰ, ਜਿਸਨੂੰ ਦਲਿਤਾਂ ਦੇ ਨਾਲ ਪਿਆਰ ਹੋਇਆ

ਸਾਡੇ ਰਹਿਬਰਾਂ ਉਦੋਂ ਹੀ ਆ ਗਿਆ ਤੂੰ, ਜਿਊਣਾ ਦਲਿਤਾਂ ਦਾ ਜਦੋਂ ਦੁਸ਼ਵਾਰ ਹੋਇਆ

ਵਾਰੀ ਦਲਿਤ ਹਨ ਤੇਰੇ ਤੋਂ ਅੱਜ ਭੀਮਾਂ, ਬਿਹਾਰੀ ਲਾਲ ਤੇਰਾ ਖਿਦਮਤਗਾਰ ਹੋਇਆ

ਅੱਜ ਦਿਓ ਵਧਾਈ ਉਸ ਮਾਂ ਤਾਈਂ, ਜਿਸਦੀ ਕੁੱਖ 'ਚੋਂ ਭੀਮ ਅਵਤਾਰ ਹੋਇਆ।



– ਬਿਹਾਰੀ ਲਾਲ ਚਾਹਲ
(ਨਕੋਦਰੀਆ)

# ਬੰਸਰੀ ਵਜਾਉਂਦੇ ਨੀਰੋ !

ਲੋਕਾਂ ਦਾ ਧਿਆਨ ਭਟਕਾਉਣ ਵਾਲ਼ਾ 'ਫਾਰਮੂਲਾ'
ਰੌਲ਼ੇ-ਗੌਲ਼ੇ ਵਿਚ ਹੀ ਨਾਕਾਮੀਆਂ ਦਬਾ ਰਹੇ।
ਵੱਖੋ ਵੱਖ ਰੰਗਾਂ ਦੀ ਮਹੱਤਤਾ ਨਕਾਰ ਕੇ ਤੇ
ਮਨਭਾਉਂਦੇ 'ਇੱਕੋ ਰੰਗ' ਤਾਂਈਂ ਹੀ ਸਜਾ ਰਹੇ।
ਪਾਟੋ-ਧਾੜੀ ਵਾਲ਼ੇ ਬੀਜ ਬੀਜਦੇ ਨੇ ਦਿਲਾਂ ਵਿਚ
ਪਿਆਰ ਇਤਫਾਕ ਸਾਂਝ ਦੇਸ 'ਚੋਂ ਭਜਾ ਰਹੇ।
ਰੱਖਦੇ 'ਫਰਕ' ਇੱਕੋ ਅੱਖ ਨਾਲ਼ ਦੇਖਦੇ ਨਾ
ਨੱਕ ਨਾਲ ਚਣੇ 'ਗਿਣ-ਮਿੱਥ' ਕੇ ਚਬਾ ਰਹੇ।
ਥੱਲੇ ਵੱਲ੍ਹ ਜਾ ਰਿਹਾ 'ਗ੍ਰਾਫ' ਹਰ ਪੱਖ ਤੋਂ ਹੀ
ਸ਼ਾਂਤੀ ਨੂੰ ਅੱਗ ਲਾ ਕੇ ਤਲਖੀ ਵਧਾ ਰਹੇ।
ਰੋਮ ਵਿੱਚ ਇੱਕ ਨੀਰੋ ਬੰਸਰੀ ਵਜਾਉਂਦਾ ਸੀਗਾ
ਦੇਖੋ ਹੁਣ ਦੇਸ ਵਿੱਚ 'ਦੋ ਜਾਣੇ' ਵਜਾ ਰਹੇ !



–ਤਰਲੋਚਨ ਸਿੰਘ
'ਦੁਪਾਲ ਪੁਰ'
81950-25579

# 'ਸਰਹੱਦ ਪਾਰਲੀ ਸਿੱਖ ਵਿਰਾਸਤ' ਪੁਸਤਕ ਸਾਂਭਣ ਯੋਗ ਪ੍ਰਮਾਣਿਕ ਦਸਤਾਵੇਜ਼ - ਡਾ.ਐੱਸ ਪੀ ਸਿੰਘ

**ਲੁਧਿਆਣਾ–** ਕੈਲੇਫੋਰਨੀਆ ਵੱਸਦੇ ਸਿੱਖ ਵਿਦਵਾਨ ਡਾ: ਦਲਵੀਰ ਸਿੰਘ ਪੰਨੂ ਦੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਗਰੇਜ਼ੀ ਪੁਸਤਕ (The Sikh heritage beyond borders) ਸਰਹੱਦ ਪਾਰਲੀ ਸਿੱਖ ਵਿਰਾਸਤ ਦਾ ਲੁਧਿਆਣਾ ਸਥਿਤ ਜੀ ਜੀ ਐੱਨ ਖ਼ਾਲਸਾ ਕਾਲਜ ਸਿਵਲ ਲਾਈਨਜ਼ ਵਿਖੇ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਵੱਲੋਂ ਲੋਕ ਵਿਰਾਸਤ ਅਕੈਡਮੀ ਦੇ ਸਹਿਯੋਗ ਨਾਲ ਅੱਜ ਜਾਣ ਪਛਾਣ ਤੇ ਵਿਚਾਰ ਚਰਚਾ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐੱਸ ਪੀ ਸਿੰਘ ਨੇ ਕਿਹਾ ਕਿ ਲੰਮੀ ਖੋਜ ਤੇ ਵਿਸ਼ਵ ਧਰਮ ਤੁਲਨਾਤਮਿਕ ਅਧਿਐਨ ਦੇ ਬਾਦ ਪੰਜਾਬੀ ਪੁੱਤਰ ਡਾ: ਦਲਵੀਰ ਸਿੰਘ ਪੰਨੂ ਨੇ ਪ੍ਰਮਾਣਿਕ ਇਤਿਹਾਸਕ ਕਾਰਜ ਕੀਤਾ ਹੈ ਜਿਸ ਨੂੰ ਦਸਤਾਵੇਜ਼ ਵਾਂਗ ਘਰ ਘਰ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਪੁਸਤਕ ਪੰਜਾਬੀ ਹਿੰਦੀ ਤੇ ਉਰਦੂ ਵਿਚ ਵੀ ਸਸਤੀ ਕੀਮਤ ਤੇ ਵਿਦਿਆਰਥੀ ਐਡੀਸ਼ਨ ਵਜੋਂ ਛਾਪਣੀ ਚਾਹੀਦੀ ਹੈ ਤਾਂ ਜੋ ਗਿਆਨ ਦਾ ਇਹ ਅਖੁੱਟ ਭੰਡਾਰ ਸਿਰਫ਼ ਲਾਇਬਰੇਰੀਆਂ ਵਿਚ ਨਾ ਰਹਿ ਜਾਵੇ।



ਦਲਵੀਰ ਪੰਨੂ ਕੈਲੇਫੋਰਨੀਆ ਵਿਖੇ ਦੰਦਾਂ ਦਾ ਡਾਕਟਰ ਹੈ। ਉਸ ਨੂੰ ਆਪਣੇ ਪੇਸ਼ਾਵਰ ਕਿੱਤੇ ਦੀ ਪ੍ਰੈਕਟਿਸ ਤੋਂ ਉਪਰੰਤ ਸਿੱਖ ਵਿਰਸੇ ਤੇ ਇਤਿਹਾਸ ਨੂੰ ਨੇੜਿਉਂ ਜਾਣਨ ਘੋਖਣ ਦਾ ਵੀ ਸ਼ੌਕ ਹੈ। ਇਸ ਸਚਿਤਰ ਗਿਆਨ ਪੁਸਤਕ ਦੀ ਸਿਰਜਣ ਪ੍ਰਕ੍ਰਿਆ ਅਤੇ ਪ੍ਰਕਾਸ਼ਨ ਤੀਕ ਸਫ਼ਰ ਬਾਰੇ ਲੇਖਕ ਡਾ: ਨੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਇਸ ਸਚਿਤਰ ਪੁਸਤਕ ਨੂੰ ਭਾਰਤ ਪਾਕਿਸਤਾਨ ਤੇ ਅਮਰੀਕਾ ਆਧਾਰਿਤ ਇਤਿਹਾਸਕਾਰਾਂ, ਖੋਜੀ ਬਿਰਤੀ ਵਾਲੇ ਵਿਦਵਾਨਾਂ, ਵਧੀਆ ਫ਼ੋਟੋ ਕਲਾਕਾਰਾਂ ਤੇ ਮੇਰੇ ਪਰਿਵਾਰ ਤੋਂ ਇਲਾਵਾ ਸਮਾਜਿਕ ਚੌਗਿਰਦੇ ਦਾ ਯੋਗਦਾਨ ਹੈ ਜਿਨ੍ਹਾਂ ਨੇ ਮੈਨੂੰ ਉਂਗਲ ਫੜ ਕੇ ਲਗਾਤਾਰ ਤੋਰੀ ਰੱਖਿਆ। ਉਨ੍ਹਾਂ ਕਿਹਾ ਕਿ ਇਹ ਪੁਸਤਕ ਪਿਛਲੇ ਦਸ ਸਾਲਾਂ ਦੀ ਨਿਰੰਤਰ ਮਿਹਨਤ ਤੇ ਵਿਸ਼ਵ ਦੀਆਂ ਪੁਰਾਤਨ ਪੁਸਤਕਾਂ ਲੱਭ ਲੱਭ ਕੇ ਪੜ੍ਹਨ ਗੁੜ੍ਹਨ ਤੇ ਆਪਸੀ ਵਿਚਾਰ ਵਟਾਂਦਰੇ ਦਾ ਹੀ ਪ੍ਰਤੀਫਲ ਹੈ। ਥਾਮਸਨ ਪਰੈੱਸ ਵਿਚ ਛਪੀ ਇਹ ਪੁਸਤਕ ਐਮਾਜ਼ਾਨ ਤੋਂ ਉਪਲਬਧ ਹੈ। ਇਸ ਖ਼ੂਬਸੂਰਤ ਪੁਸਤਕ ਦਾ ਵਿਦਿਆਰਥੀ ਸੰਸਕਰਨ ਵੀ ਜਲਦੀ ਪ੍ਰਕਾਸ਼ਿਤ ਕੀਤਾ ਜਾਵੇਗਾ।

# 'ਸਾਂਝਾਂ ਪਿਆਰ ਦੀਆਂ ਅੰਤਰਰਾਸ਼ਟਰੀ ਸਾਹਿਤਿਕ ਮੰਚ' ਵੱਲੋਂ ਪੁਸਤਕ ਲੋਕ ਅਰਪਣ

'ਸਾਂਝਾਂ ਪਿਆਰ ਦੀਆਂ ਅੰਤਰਰਾਸ਼ਟਰੀ ਸਾਹਿਤਿਕ ਮੰਚ' ਵੱਲੋਂ ਪੁਸਤਕ ਲੋਕ ਅਰਪਣ ਅਤੇ ਸਨਮਾਨ ਸਮਾਗਮ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਕਰਵਾਏ ਗਏ ਇਸ ਸਮਾਗਮ ਵਿੱਚ ਉੱਘੇ ਗ਼ਜ਼ਲਗੋ ਗੁਰਦੀਪ ਭਾਟੀਆ ਦਾ ਗ਼ਜ਼ਲ ਸੰਗ੍ਰਹਿ 'ਖੁਸ਼ਬੂ ਦਾ ਸਫ਼ਰ' ਲੋਕ ਅਰਪਣ ਕੀਤਾ ਗਿਆ। 'ਸਾਂਝਾ ਪਿਆਰ ਦੀਆਂ'' ਅੰਤਰਰਾਸ਼ਟਰੀ ਸਾਹਿਤਿਕ ਮੰਚ ਵੱਲੋਂ ਗੁਰਦੀਪ ਭਾਟੀਆਂ ਨੂੰ ਗ਼ਜ਼ਲ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ 'ਗ਼ਜ਼ਲ ਸਮਰਾਟ ਸਨਮਾਨ-2019' ਨਾਲ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਨਕਦ ਰਾਸ਼ੀ, ਸ਼ਾਲ ਅਤੇ ਸਨਮਾਨ ਚਿੰਨ੍ਹ ਦਿੱਤਾ ਗਿਆ। ਮੰਚ ਸੰਚਾਲਨ ਉੱਘੀ ਲੇਖਿਕਾ ਕੁਲਵਿੰਦਰ ਕੰਵਲ ਨੇ ਬਾਖ਼ੂਬੀ ਕੀਤਾ। ਗੁਰਦੀਪ ਭਾਟੀਆ ਦੀ ਗ਼ਜ਼ਲ ਸਿਰਜਣਾ ਬਾਰੇ ਅਮਰਜੀਤ ਸੰਧੂ, ਅਮਰ ਸੂਫ਼ੀ ਅਤੇ ਰਾਜਿੰਦਰ ਪ੍ਰਦੇਸੀ ਨੇ ਆਪਣੇ ਵਿਚਾਰ ਸਾਂਝੇ ਕੀਤੇ। ਉਪਰੰਤ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਅਮਰਜੀਤ ਸਿੰਘ ਸੰਧੂ, ਗੁਰਦੀਪ ਭਾਟੀਆ,ਤਰਸੇਮ ਨੂਰ, ਅਮਰ ਸੂਫ਼ੀ,ਕੁਲਵਿੰਦਰ ਕੰਵਲ,ਜਸਵਿੰਦਰ ਫਗਵਾੜਾ, ਨੱਕਾਸ਼ ਚਿੱਤੇਵਾਣੀ,ਜਮੀਲ ਅਬਦਾਲੀ ,ਜਸਵਿੰਦਰ ਸਿੰਘ ਜੱਸੀ, ਸਰਬਜੀਤ ਸਿੰਘ ਸੰਧੂ, ਕੁਲਬੀਰ ਕੰਵਲ, ਅਮਰੀਕ ਗਾਫ਼ਿਲ, ਸੰਗਤ ਰਾਮ, ਨਰਿੰਦਰਪਾਲ ਕੰਗ,ਬਲਵੰਤ ਚਿਰਾਗ਼, ਸਰਬਜੀਤ ਸਿੰਘ, ਅਹਿਸਾਨ ਹਬੀਬ, ਸੁਖਵਿੰਦਰ ਸਿੰਘ ਲੋਟੇ, ਜਗਦੀਸ਼ ਰਾਣਾ, ਸੁਰਿੰਦਰ ਢੰਡਾ, ਗੁਲਸ਼ਨ ਮਿਰਜ਼ਾਪੁਰੀ, ਸੁਰਿੰਦਰ ਮਕਸੂਦਪੁਰੀ, ਰਾਜਿੰਦਰ ਪ੍ਰਦੇਸੀ, ਲਖਵਿੰਦਰ ਲੱਕੀ, ਹਰਦੀਪ ਬਿਰਦੀ, ਜਸਪਾਲ ਜ਼ੀਰਵੀ, ਸੀਤਲ ਸਿੰਘ ਸੰਘਾ, ਮਨੋਹਰ ਸਿੰਘ ਖੈਰ੍ਹਾ, ਬਲਬੀਰ ਕੌਰ ਰਾਏਕੋਟੀ, ਮੁਖਵਿੰਦਰ ਸਿੰਘ ਸੰਧੂ, ਸੁਖਰਾਜ,ਬਲਵਿੰਦਰ ਸਿੰਘ ਕਾਲਰਾ, ਅਸ਼ੋਕ ਪਰਮਾਰ, ਜੀਵਨ ਸਿੰਘ ਹਾਣੀ, ਸੁਮਨ ਸ਼ਾਮਪੁਰੀ, ਹਿੰਦਪਾਲ ਸਿੰਘ ਅਤੇ ਤੀਰਥ ਸਿੰਘ ਸਪਰਾ ਨੇ ਹਿੱਸਾ ਲਿਆ। ਇਸ ਖੁਸ਼ੀ ਦੇ ਮੌਕੇ ਤੇ ਗੁਰਦੀਪ ਭਾਟੀਆ ਦਾ ਸਾਰਾ ਪਰਿਵਾਰ ਵੀ ਹਾਜ਼ਰ ਰਿਹਾ। ਸਮਾਗਮ ਦੀ ਸਮਾਪਤੀ ਤੇ ਕੁਲਵਿੰਦਰ ਕੰਵਲ ਨੇ 'ਸਾਂਝਾ ਪਿਆਰ ਦੀਆਂ' ਅੰਤਰਰਾਸ਼ਟਰੀ ਸਾਹਿਤਕ ਮੰਚ ਵੱਲੋਂ ਸਮਾਗਮ ਵਿਚ ਆਏ ਸਰੋਤਿਆਂ ਦਾ ਧੰਨਵਾਦ ਕੀਤਾ। ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।




# ਇੱਕ ਸੰਜੀਦਾ ਸੰਪਾਦਕ ਤੇ ਪੱਤਰਕਾਰ ਸ਼ਿੰਗਾਰਾ ਸਿੰਘ ਭੁੱਲਰ ਦਾ ਅਕਾਲ ਚਲਾਣਾ, ਪੰਜਾਬੀ ਸਾਹਿਤ-ਜਗਤ ਨੂੰ ਨਾ ਪੂਰਨਯੋਗ ਘਾਟਾ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ, ਪੰਜਾਬ (ਰਜਿ:), ਨਟਾਲੀ ਰੰਗਮੰਚ ਗੁਰਦਾਸਪੁਰ ਅਤੇ ਸਾਹਿਤ ਸਭਾ ਗੁਰਦਾਸਪੁਰ ਦੀ ਸਾਂਝੀ ਇਕੱਤਰਤਾ ਹੋਈ, ਜਿਸ ਵਿਚ ਬੀਤੇ ਦਿਨੀਂ ਸ਼ਿੰਗਾਰਾ ਸਿੰਘ ਭੁੱਲਰ ਸੰਪਾਦਕ ਸਪੋਕਸਮੈਨ ਤੇ ਸਾਬਕਾ ਸੰਪਾਦਕ ਪੰਜਾਬੀ ਜਾਗਰਣ ਦੇ ਅਚਾਨਕ ਅਕਾਲ-ਚਲਾਣਾ ਕਰ ਜਾਣ ਤੇ ਸੇਜਲ ਅੱਖਾਂ ਨਾਲ ਵਿਛੜੀ ਰੂਹ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿੱਛੇ ਦੁਖੀ ਪਰਿਵਾਰ ਨੂੰ ਇਹ ਅਸਹਿ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਕਾਲ-ਪੁਰਖ ਨੂੰ ਦੁਆਵਾਂ ਕੀਤੀਆਂ ਗਈਆਂ। ਤਿੰਨਾਂ ਸੰਸਥਾਵਾਂ ਦੇ ਵੱਖ-ਵੱਖ ਅਹੁੱਦੇਦਾਰਾਂ ਅਤੇ ਮੈਂਬਰ-ਬੁਲਾਰਿਆਂ ਨੇ ਆਪੋ-ਆਪਣੇ ਜਜ਼ਬਾਤ ਸਾਂਝੇ ਕੀਤੇ। ਲਾਲ ਸਿੰਘ ਲਾਲੀ ਨੇ ਬੋਲਦਿਆਂ ਕਿਹਾ, 'ਭੁੱਲਰ ਜੀ ਯੁੱਗ- ਪੁਰਸ਼ ਸਨ। ਇਹੋ ਜਿਹੀਆਂ ਰੂਹਾਂ ਸਾਹਿਤ ਵਿਚ ਸੈਂਕੜੇ ਸਾਲਾਂ ਬਾਅਦ ਪੈਦਾ ਹੁੰਦੀਆਂ ਹਨ। ਸਾਡੀ ਸੰਸਥਾ ਨੂੰ ਉਨ੍ਹਾਂ ਦਾ ਅਸ਼ੀਰਵਾਦ ਕਈ ਦਹਾਕਿਆਂ ਦੇ ਲੰਬੇ ਸਮੇ ਤੋ ਮਿਲਦਾ ਆ ਰਿਹਾ ਸੀ। ਹੁਣ ਆਖ਼ਰੀ ਬਾਰ 31 ਮਾਰਚ 2018 ਦੇ ਸਮਾਗਮ ਵਿਚ ਉਹ ਸਾਡੇ ਵਿਚਕਾਰ ਸਨ।'

ਨਟਾਲੀ ਰੰਗਮੰਚ ਗੁਰਦਾਸਪੁਰ ਦੇ ਪ੍ਰਧਾਨ ਤੇ ਸਾਹਿਤ ਸਭਾ ਗੁਰਦਾਸਪੁਰ ਦੇ ਜਨਰਲ ਸਕੱਤਰ ਸ੍ਰ ਜੀ. ਐਸ. ਪਾਹੜਾ ਨੇ ਗੁਰਦੁਆਰਾ ਸ੍ਰੀ ਸਿੰਘ ਸਭਾ, ਫੇਜ਼-1 ਮੁਹਾਲੀ ਵਿਖੇ ਸੰਸਥਾ ਦੇ ਇਸ ਸਨਮਾਨ-ਸਮਾਰੋਹ ਵੇਲੇ ਦੀ ਯਾਦਗਾਰੀ ਤਸਵੀਰ (ਭੁੱਲਰ ਜੀ ਦੇ ਹੱਥ 'ਚ ਫਾਈਲ) ਪੇਸ਼ ਕਰਦੇ ਹੋਏ ਕਿਹਾ, 'ਮੇਰੀ ਖ਼ੁਸ਼ਕਿਸਮਤੀ ਕਿ ਸੰਸਥਾ ਦੇ ਇਸ ਸਮਾਗਮ ਦੌਰਾਨ ਮੈਨੂੰ ਵੀ ਸ੍ਰ. ਭੁੱਲਰ ਜੀ ਅਤੇ ਜਨਾਬ ਆਰ. ਐਲ. ਕਲਸੀਆਂ (ਆਈ. ਏ. ਐਸ. (ਰਿਟਾ.) ਜੀ ਦੇ ਕਰ-ਕਮਲਾਂ ਦੁਆਰਾ 'ਦੀਵਾਨ ਸਿੰਘ ਮਹਿਰਮ ਅਵਾਰਡ-2018' ਨਾਲ਼ ਸਨਮਾਨਿਆ ਗਿਆ ਸੀ। ਐਵਾਰਡ ਹਾਸਲ ਕਰਨ ਵਾਲਿਆਂ ਵਿਚ ਮੇਰੇ ਨਾਲ ਸ਼ਮਸ਼ੇਰ ਸੰਧੂ, ਬਲਵੰਤ ਚਿਰਾਗ਼, ਕੁਲਵਿੰਦਰ ਕੌਰ ਮਹਿਕ, ਵਰਿੰਦਰ ਕੌਰ ਰੰਧਾਵਾ, ਲਾਲੀ ਕਰਤਾਰਪੁਰੀ, ਰਾਜ ਕੁਮਾਰ ਸਾਹੋਵਾਲੀਆ, ਰਣਜੀਤ ਕੌਰ ਸਵੀ ਅਤੇ ਪ੍ਰੀਤਮ ਸਿੰਘ ਰਾਠੀ ਆਦਿ ਸਖਸ਼ੀਅਤਾਂ ਨੂੰ ਵੀ ਵੱਖ-ਵੱਖ ਅਵਾਰਡਾਂ ਨਾਲ ਸਨਮਾਨਿਆ ਗਿਆ ਸੀ। ਪਾਹੜਾ ਨੇ ਅੱਗੇ ਕਿਹਾ,'ਸ੍ਰ. ਭੁਲਰ ਜੀ ਨੇ ਆਪਣੀ ਕਲਮ ਰਾਹੀਂ ਸਾਫ਼-ਸੁਥਰੀ ਤੇ ਸੰਜ਼ੀਦਾ ਪੱਤਰਕਾਰੀ ਕਰਕੇ ਪੰਜਾਬੀ ਦੇ ਲੱਖਾਂ ਪਾਠਕਾਂ ਦੀ ਸੇਵਾ ਕੀਤੀ। ਪੰਜਾਬੀ ਜਾਗਰਣ ਵਿੱਚ ਉਨ੍ਹਾਂ ਕਈ ਨਵੇਂ ਕਾਲਮ ਸ਼ੁਰੂ ਕੀਤੇ ਸਨ। ਉਹਨਾਂ ਨੇ ਆਮ ਲੋਕਾਂ ਨੂੰ ਪੰਜਾਬੀ ਨਾਲ ਜੋੜਨ ਦਾ ਬਹੁਤ ਵੱਡਾ ਉਪਰਾਲਾ ਕੀਤਾ। ਪੰਜਾਬ ਦੇ ਹਰੇਕ ਮਸਲੇ ਬਾਰੇ ਕਲਮ ਚਲਾਈ ਅਤੇ ਨੌਜਵਾਨ ਪੀੜ੍ਹੀ ਨੂੰ ਕਲਮ ਰਾਹੀਂ ਨਵੀਂ ਸੇਧ ਦਿੱਤੀ।' ....ਥੰਮਣ ਸਿੰਘ ਸੈਣੀ ਨੇ ਬੋਲਦਿਆਂ ਕਿਹਾ, 'ਮੇਰੀ ਭੁੱਲਰ ਜੀ ਨਾਲ ਪੰਜਾਹ ਸਾਲਾਂ ਤੋਂ ਲੰਬੀ ਸਾਂਝ ਸੀ।' ਇਕ ਹੋਰ ਮਤੇ ਰਾਂਹੀ ਨਾਮਵਰ ਲੇਖਕ ਕਸ਼ਮੀਰ ਘੇਸਲ ਜੀ ਦੇ ਪਿਤਾ ਜੀ ਦੇ ਬੀਤੇ ਦਿਨੀ ਅਕਾਲ-ਚਲਾਣਾ ਕਰ ਜਾਣ ਤੇ ਵੀ ਸੰਸਥਾਵਾਂ ਵਲੋਂ ਡੂੰਘਾ ਦੁੱਖ ਪ੍ਰਗਟ ਕਰਦਿਆਂ ਆਪਣੇ ਸਾਹਿਤਕਾਰ ਸਾਥੀ ਨਾਲ ਹਮਦਰਦ ਅਫਸੋਸ ਭਾਵਨਾਵਾਂ ਪ੍ਰਗਟ ਕਰਦੇ ਹੋਏ ਵਿਛੜੀ ਰੂਹ ਦੀ ਸ਼ਾਂਤੀ ਲਈ ਦੁਆਵਾਂ ਕੀਤੀਆਂ ਗਈਆਂ।



ਇਸ ਅਵਸਰ ਤੇ ਇਕੱਤਰਾ ਵਿਚ ਜਿੱਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ, ਪੰਜਾਬ (ਰਜਿ:), ਦੇ ਪ੍ਰਧਾਨ ਲਾਲ ਸਿੰਘ ਲਾਲੀ ਅਤੇ ਉਨ੍ਹਾਂ ਦੀ ਟੀਮ ਦੇ ਪ੍ਰੀਤਮ ਲੁਧਿਆਣਵੀ), ਕ੍ਰਿਸ਼ਨ ਰਾਹੀ, ਸ਼ਮਸ਼ੇਰ ਸਿੰਘ ਪਾਲ, ਪਿਆਰਾ ਸਿੰਘ ਰਾਹੀ, ਬਲਵੰਤ ਸੱਲ੍ਹਣ, ਲਛਮਣ ਸਿੰਘ ਮੇਹੋ, ਮਹਿੰਗਾ ਸਿੰਘ ਕਲਸੀ, ਵਰਿਆਮ ਬਟਾਲਵੀ, ਬਲਵੰਤ ਸਿੰਘ ਮੁਸਾਫਿਰ, ਪ੍ਰਿੰਸੀਪਲ ਬਲਬੀਰ ਸਿੰਘ ਛਿੱਬਰ, ਪਲਵਿੰਦਰਜੀਤ ਪਾਲੀ, ਫ਼ਤਹਿ ਸਿੰਘ ਬਾਗੜੀ, ਕਸ਼ਮੀਰ ਘੇਸਲ, ਡਾ. ਪੰਨਾ ਲਾਲ ਮੁਸਤਫ਼ਾਬਾਦੀ. ਸਿਕੰਦਰ ਰਾਮਪੁਰੀ, ਨਵਪ੍ਰੀਤ ਸੰਧੂ ਆਦਿ ਅਨੇਕਾਂ ਸ਼ਾਮਲ ਸਨ, ਉਥੇ ਨਟਾਲੀ ਰੰਗਮੰਚ ਗੁਰਦਾਸਪੁਰ ਅਤੇ ਸਾਹਿਤ ਸਭਾ ਗੁਰਦਾਸਪੁਰ ਦੇ ਵੀ ਅਨੇਕਾਂ ਸਾਥੀ ਹਾਜ਼ਰ ਸਨ।

# ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ

ਸਿਦਕ ਨੂੰ ਪਾਲਣ ਅਤੇ ਸ਼ਹਾਦਤ ਦਾ ਚਾਅ ਕਰਨ ਵਾਲੇ ਸਿੱਖ ਇਤਿਹਾਸ ਦੀ ਲਾਸਾਨੀ ਸ਼ਹਾਦਤ ਸਬੰਧੀ ਵਿਚਾਰਦਿਆਂ ਹੈਰਾਨੀ ਹੁੰਦੀ ਹੈ  ਕਿ ਕਿਵੇਂ ਸੂਰਮੇ ਆਪਣੇ ਗੁਰੂ ਖਾਤਰ ਜਾਂ ਗੁਰੂ ਦੀ ਥਾਵੇਂ ਸਿਰ ਵਾਰ ਜਾਂਦੇ ਹਨ। ਪਰ ਇਹ ਜਜ਼ਬਾ ਕੋਈ ਦਿਨਾਂ ਮਹੀਨਿਆਂ ਵਿੱਚ ਪੈਦਾ ਨਹੀਂ ਹੁੰਦਾ ਇਸ ਵਿੱਚ ਪਰਿਵਾਰਕ ਵਿਰਸੇ ਦਾ ਵੀ ਬਹੁਤ ਮਹੱਤਵ ਹੁੰਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਸ਼ਰਧਾ, ਪ੍ਰਤੀਬੱਧਤਾ ਅਤੇ ਸੂਰਬੀਰਤਾ ਪਲ਼ਦੀ ਹੈ। ਕੁਰਬਾਨੀਆਂ ਦੇ ਇਤਿਹਾਸ ਨੂੰ ਵਿਚਾਰਦਿਆਂ ਇਕ ਅਜਿਹੀ ਲਾਸਾਨੀ ਕੁਰਬਾਨੀ ਦਾ ਵਿਸਥਾਰ ਹੈ ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦਾ ਜੀਵਨ ਅਤੇ ਨਿਭਾਏ ਗਏ ਸਿਦਕ, ਸਿਰੜ ਦੀ ਵਾਰ ਵਾਰ ਚੇਤੇ ਕਰਨ ਵਾਲੀ ਕਥਾ। ਜੋ ਸਦੀਆਂ ਤੱਕ ਆਪਣੇ ਸੱਚੇ ਮਕਸਦ ਵਾਸਤੇ ਲੜਨ ਵਾਲਿਆਂ ਦੀ ਅਗਵਾਈ ਕਰਦੀ ਰਹੇਗੀ। ਜੋ ਸੱਚ ਖਾਤਰ ਹਨੇਰਿਆਂ ਦੇ ਖਿਲਾਫ ਲੜਨ ਦਾ ਜਜ਼ਬਾ ਬਣੀ ਰਹੇਗੀ।

ਸਿੱਖ ਇਤਿਹਾਸ ਦੇ ਸੂਰਮੇ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ ਜਿਨ੍ਹਾਂ ਨੂੰ ਸੰਗਤ ਸਿੰਘ ਬੰਗੇਸਰ ਕਰਕੇ ਵੀ ਇਤਿਹਾਸ ਵਿੱਚ ਯਾਦ ਕੀਤਾ ਜਾਂਦਾ ਹੈ। ਪਹਿਲਾਂ ਭਾਈ ਸੰਗਤ ਸਿੰਘ ਜੀ ਦੇ ਪਿਛੋਕੜ ਵੱਲ ਨਿਗਾਹ ਮਾਰਨੀ ਚਾਹੀਦੀ ਹੈ ਕਿ ਕਿਸੇ ਦੇ ਰੋਮ ਰੋਮ ਵਿੱਚ ਭੈਅ ਮੁਕਤ ਸੂਰਬੀਰਤਾ ਕਿਵੇਂ ਰਚਦੀ ਹੈ। ਕਿਵੇਂ ਕੁਰਬਾਨੀ ਦਾ ਜਜ਼ਬਾ ਪੈਦਾ ਹੁੰਦਾ ਹੈ, ਕਿ ਇਨਸਾਨ ਸਾਹਮਣੇ ਦਿਸਦੀ ਮੌਤ ਦੇਖ ਕੇ ਬਚਣ ਦੀ ਬਜਾਏ ਮਾਣ ਭਰੀ ਖੁਸ਼ੀ ਨਾਲ ਜਾਨ ਵਾਰਨ ਲਈ ਤਿਆਰ ਹੋ ਜਾਂਦਾ ਹੈ। ਯਾਦ ਰਹੇ ਅਜਿਹੇ ਸੂਰਮੇ ਹੀ ਇਤਿਹਾਸ ਦੇ ਥੰਮ ਬਣਦੇ ਹਨ। ਆਉਣ ਵਾਲੀਆਂ ਪੀੜ੍ਹੀਆਂ ਅਜਿਹੇ ਸੂਰਮਿਆਂ ਨੂੰ ਯਾਦ ਹੀ ਨਹੀਂ ਰੱਖਦੀਆਂ ਸਗੋਂ ਉਨ੍ਹਾਂ ਨੂੰ ਆਪਣਾ ਪ੍ਰੇਰਨਾ ਸ੍ਰੋਤ ਵੀ ਮੰਨਦੀਆਂ ਹਨ ਤਾਂ ਕਿ ਆਪਣੇ ਜੁਝਾਰੂ ਵਿਰਸੇ ਨੂੰ ਜੀਊਂਦਾ ਰੱਖਿਆ ਜਾ ਸਕੇ ਅਤੇ ਅੱਗੇ ਤੋਰਿਆ ਜਾ ਸਕੇ।



ਕੇਹਰ ਸ਼ਰੀਫ
+49 173 3546050

ਇਤਿਹਾਸ ਵਿੱਚ ਭਾਈ ਸੰਗਤ ਸਿੰਘ ਜੀ ਦੇ ਪਰਿਵਾਰ ਦਾ ਗੁਰੂ ਘਰ ਵੱਲ ਸ਼ਰਧਾ ਭਰਪੂਰ ਸਨੇਹ ਬਹੁਤ ਪਹਿਲਾਂ ਜੁੜ ਜਾਂਦਾ ਹੈ।  ਜਦੋਂ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ 'ਗੁਰੂ ਕਾ ਚੱਕ' ਭਾਵ ਅੰਮ੍ਰਿਤਸਰ ਵਸਾਇਆ ਤਾਂ ਗੁਰੂ ਸੇਵਾ ਅਤੇ ਗੁਰੂ ਦਰਸ਼ਣਾਂ ਵਾਸਤੇ ਬਹੁਤ ਸਾਰੀਆਂ ਸੰਗਤਾਂ ਦੂਰ ਦੁਰਾਡੇ ਤੋਂ ਵੀ ਆਇਆ ਕਰਦੀਆਂ ਸਨ। ਗੁਰੂ ਦੀ ਮਹਿਮਾਂ ਸੁਣ ਕੇ ਗਰੀਬ ਪਰਿਵਾਰ ਵੀ ਇਸ ਪਾਸੇ ਵੱਲ ਤੁਰਨ ਲੱਗ ਪਏ ਸਨ। ਇਨ੍ਹਾਂ ਗਰੀਬ ਪਰਿਵਾਰਾਂ ਵਿੱਚ ਕੱਪੜਾ ਬੁਣਨ ਦਾ ਕੰਮ ਕਰਨ ਵਾਲੇ ਕਿਰਤੀ ਭਾਈ ਜਰਨੈਲ ਦਾ ਪਰਿਵਾਰ ਵੀ ਸੀ। ਗੁਰੂ ਰਾਮ ਦਾਸ ਜੀ ਨੇ ਆਪਣੀ ਸੰਗਤ ਵਿੱਚੋਂ ਜਾਤ ਪਾਤ ਨੂੰ ਸਦਾ ਲਈ ਖਤਮ ਕਰਨ ਵਾਸਤੇ ਇਕ ਦਿਨ ਧਾਰਮਿਕ ਦੀਵਾਨ ਤੋਂ ਬਾਅਦ ਭਾਈ ਜਰਨੈਲ ਜੀ ਤੇ ਉਨ੍ਹਾਂ ਨਾਲ ਆਈ ਸੰਗਤ ਦੀ ਸੇਵਾ ਭਾਵਨਾ ਤੋਂ ਅਤਿ ਪਰਸੰਨ ਹੋ ਕੇ ਆਪਣੇ ਕੋਲ ਬੁਲਾ ਕੇ 'ਸਿਰੋਪਾਉ' ਦੀ ਦੀ ਬਖਸ਼ਿਸ਼ ਕਰਦਿਆਂ ਸੰਗਤਾਂ ਨੂੰ ਹੁਕਮ ਕੀਤਾ ਕਿ ਇਹ ਸਿੱਖ ਮੇਰੇ ਨਾਮ ਨਾਲ ਰਾਮਦਾਸੀਏ ਕਰਕੇ ਜਾਣੇ ਜਾਣ। ਰਾਮਦਾਸੀਏ ਦਾ ਲਕਬ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਕਰਕੇ ਪ੍ਰਾਪਤ ਹੋਇਆ। ਇੱਥੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਸਿੱਖ ਧਰਮ ਦੇ ਆਰੰਭ ਵੇਲੇ ਤੋਂ ਹੀ ਸਮਾਜਿਕ ਬੁਰਾਈਆਂ ਦਾ ਡਟ ਕੇ ਵਿਰੋਧ ਕੀਤਾ ਗਿਆ ਜਦੋਂ ਕਿ ਸਮਾਜ ਵਿਰੋਧੀ ਅੰਸਰਾਂ ਵਲੋਂ ਕਿਸੇ ਧਰਮ ਦੇ ਨਾਂ ਹੇਠ ਸਮਾਜ ਨੂੰ ਵਰਣਾਂ ਵਿੱਚ ਵੰਡਿਆ ਹੋਇਆ ਸੀ ਤਾਂ ਬਾਬੇ ਨਾਨਕ ਨੇ ਕਿਹਾ ਸੀ 'ਚਾਰਿ ਵਰਨਿ ਇਕੁ ਵਰਨਿ ਕਰਾਇਆ' ਕਿ ਜਾਤਪਾਤ ਦਾ ਭੇਦ ਭਾਵ ਮਿਟਾ ਕੇ ਪੰਗਤ ਤੇ ਸੰਗਤ ਵਿੱਚ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਸਿਧਾਂਤ ਪ੍ਰਚਾਰਿਆ ਸੀ। 'ਏਕ ਪਿਤਾ ਏਕਸ ਕੇ ਹਮ ਬਾਰਿਕ'। ਜੇ ਇਸ ਤੋਂ ਵੀ ਪਿੱਛੇ ਜਾਣਾ ਹੋਵੇ ਤਾਂ ਭਗਤੀ ਲਹਿਰ ਦੇ ਸਮੇਂ ਵੱਲ ਨਿਗਾਹ ਮਾਰ ਲੈਣੀ ਚਾਹੀਦੀ ਹੈ ਕਿ ਭਗਤੀ ਲਹਿਰ ਦਾ ਮੁੱਖ ਮਕਸਦ ਵੀ ਪਾਈਆਂ ਵੰਡੀਆਂ ਨੂੰ ਨਕਾਰਨਾ ਅਤੇ ਮਨੁੱਖਾਂ ਦੀ ਬਰਾਬਰੀ ਦਾ ਪ੍ਰਚਾਰ ਕਰਨਾ ਹੀ ਸੀ। ਭਗਤੀ ਲਹਿਰ ਦੇ ਇਸ ਬੁਨਿਆਦੀ ਫਲਸਫੇ ਨੂੰ ਅੱਜ ਵੀ ਮਨੁੱਖੀ ਅਧਿਕਾਰਾਂ ਦੀਆਂ ਲਹਿਰਾਂ ਕਰਕੇ ਜਾਣਿਆ ਜਾਂਦਾ ਹੈ। ਦਰਅਸਲ, ਸਿਧਾਂਤਕ ਪੱਖੋਂ ਭਗਤੀ ਲਹਿਰ ਹੀ ਸਿੱਖ ਧਰਮ ਦੀ ਬੁਨਿਅਦ ਆਖੀ ਜਾ ਸਕਦੀ ਹੈ।

ਇੱਥੇ ਇਕ ਹੋਰ ਨੁਕਤੇ ਬਾਰੇ ਵਿਚਾਰ ਕਰਨੀ ਬਹੁਤ ਜਰੂਰੀ ਹੈ ਜਿਸ ਬਾਰੇ ਗੁਰੂ ਨਾਮ ਲੇਵਾ ਸੰਗਤਾਂ ਨੂੰ ਅਤੇ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਖਾਸ ਤੌਰ ਤੇ ਸੋਚਣਾ ਬਣਦਾ ਹੈ, ਸਿਰੋਪਾਉ ਭਾਵ ਸਿਰੋਪਾ ਬਾਰੇ। ਗੁਰੂ ਸਾਹਿਬ ਵੇਲੇ ਧਾਰਮਿਕ ਪੱਧਰ ਤੇ ਸੇਵਾ ਭਾਵ ਵਾਲੇ ਲੋਕਾਂ ਨੂੰ ਹੀ ਸਿਰੋਪਾਉ / ਸਿਰੋਪਾ ਦੀ ਬਖਸ਼ਿਸ਼ ਕੀਤੀ ਜਾਂਦੀ ਸੀ– ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਅਤੇ ਗੁਰੂ ਘਰ ਦੇ ਗ੍ਰੰਥੀ (ਗੁਰੂ ਘਰ ਦਾ ਵਜ਼ੀਰ) ਵਲੋਂ। ਅੱਜ ਜੋ ਹਾਲ ਸਿਰੋਪਾ ਦਾ ਹੋਇਆ ਪਿਆ ਹੈ ਜਾ ਹੋਈ ਜਾ ਰਿਹਾ ਹੈ ਕਿ ਜਿਸ ਦੇ ਘਰ ਚਾਰ ਵੋਟਾਂ ਹਨ ਉਸ ਨੂੰ ਉਸ ਦੇ ਘਰ ਜਾ ਕੇ ਦੇ ਦਿੱਤਾ ਜਾਂਦਾ ਹੈ ਜੋ ਸਰਾਸਰ ਗਲਤ ਹੈ। ਗੁਰੂ ਵਾਲੀ ਭਾਵਨਾ ਦੇ ਵੀ ਉਲਟ ਹੈ। ਇਹ ਕਾਰਜ ਬੰਦੇ-ਕੁਬੰਦੇ ਦੀ ਪਛਾਣ ਕੀਤੇ ਬਿਨਾਂ ਹੀ ਕੀਤਾ ਜਾ ਰਿਹਾ ਹੈ। ਇਸ ਬਾਰੇ ਡੂੰਘਾਈ ਨਾਲ ਸੋਚਣ ਦੀ ਲੋੜ ਹੈ।

ਜਦੋਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਧਾਰਨ ਕਰਨ ਤੋਂ ਬਾਅਦ ਸਿੱਖ ਸੰਗਤਾਂ ਵੱਲ ਇਕ ਗਸ਼ਤੀ ਹੁਕਮਨਾਮਾ ਘੱਲਿਆ ਕਿ ਸਿੱਖ ਸੇਵਕ ਹੋਰ ਤੋਹਫਿਆਂ ਦੀ ਥਾਵੇਂ ਸ਼ਸਤਰ ਤੇ ਘੋੜੇ ਆਦਿ ਲੈ ਕੇ ਆਉਣ। ਨਾਲ ਹੀ ਹੋ ਰਹੇ ਜੁਲਮ ਦੇ ਖਿਲਾਫ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ। ਸਾਧਨਾ ਵਾਲੇ ਬਹੁਤ ਸਾਰੇ ਲੋਕ ਘੋੜੇ ਬਗੈਰਾ ਲੈ ਕੇ ਵੀ ਆਏ। ਦੁਆਬੇ ਤੇ ਮਾਲਵੇ ਦੇ ਸੂਰਬੀਰ ਯੋਧਿਆਂ ਨੇ ਆਪਣੀਆਂ ਸੇਵਾਵਾਂ ਪੇਸ਼ ਕਰਦਿਆਂ ਕਿਹਾ ਸੀ ਕਿ "ਸੱਚੇ ਪਾਤਸ਼ਾਹ, ਅਸੀਂ ਗਰੀਬ ਲੋਕ ਹਾਂ, ਸਾਡੇ ਕੋਲ ਤੁਹਾਨੂੰ ਭੇਟ ਕਰਨ ਲਈ ਕੁੱਝ ਵੀ ਨਹੀਂ, ਅਸੀਂ ਕੇਵਲ ਆਪਣੀਆਂ ਜਾਨਾਂ ਹੀ ਵਾਰ ਸਕਦੇ ਹਾਂ ਤੇ ਸਾਨੂੰ ਆਪਣੀ ਫੌਜ ਵਿੱਚ ਰੱਖ ਲਵੋ।'' ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਪੰਨਾ 153 ਤੇ ਮੈਕਾਲਿਫ ਇਸ ਬਾਰੇ ਲਿਖਦੇ ਹਨ :

'ਹਮ ਅਨਾਥ ਸਿਰ ਭੇਟ ਕੀਨੇ , ਦਯਾ ਕਰਯੋ ਕਹਿ ਦੀਨੇ'

ਗੁਰੂ ਸਾਹਿਬਾਂ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਵਿੱਚ ਜਲੰਧਰ ਦੇ ਲਾਗਲੇ ਪਿੰਡ ਜੰਡੂ ਸਿੰਘਾ ਦੇ ਭਾਈ ਬੁੱਧਾ ਜੀ ਅਤੇ ਭਾਈ ਸੁੱਧਾ ਜੀ ਅਤੇ ਸਪਰੌੜ ਖੇੜੀ ਦੇ ਭਾਈ ਭਾਨੂੰ ਜੀ ਵੀ ਸ਼ਾਮਲ ਸਨ। ਇਹ ਭਾਈ ਭਾਨੂ ਜੀ, ਭਾਈ ਸੰਗਤ ਸਿੰਘ ਜੀ ਦੇ ਦਾਦਾ ਜੀ ਸਨ। ਭਾਈ ਭਾਨੂੰ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਲੜੀਆਂ ਚੌਹਾਂ ਜੰਗਾਂ ਵਿੱਚ ਹੀ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਸਨ। ਇਸ ਅਮੀਰ ਪਰਿਵਾਰਕ ਵਿਰਸੇ ਦੇ ਮਾਲਕ ਸਨ ਭਾਈ ਸੰਗਤ ਸਿੰਘ ਜੀ।

ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਨੂੰ ਬਾਬਾ ਬਕਾਲਾ ਵਿਖੇ ਲੱਭ ਲਿਆ ਤਾਂ ਸਭ ਤੋਂ ਪਹਿਲਾਂ ਭਾਈ ਰਣੀਆਂ ਜੀ ਗੁਰੂ ਦਰਸ਼ਣਾਂ ਵਾਸਤੇ ਬਾਬਾ ਬਕਾਲਾ ਵਿਖੇ ਪਹੁੰਚੇ। ਬਚਪਨ ਤੋਂ ਹੀ ਸੇਵਾ ਦੀ ਚੇਟਕ ਲੱਗਣ ਕਰਕੇ ਗੁਰੂ ਸੇਵਾ ਵਿੱਚ ਜੁਟ ਗਏ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਰਣੀਆਂ ਜੀ ਨੂੰ ਕੁੱਝ ਦਿਨਾਂ ਵਾਸਤੇ ਉਨ੍ਹਾਂ ਦੇ ਪਿੰਡ ਜਾਣ ਲਈ ਕਹਿ ਦਿੱਤਾ ਗਿਆ ਅਤੇ ਫੇਰ ਮਾਖੋਵਾਲ ਵਿਖੇ ਇਕ ਹੋਰ ਨਵਾਂ ਨਗਰ ਵਸਾਉਣ ਦਾ ਦੱਸਕੇ ਉੱਥੇ ਪਹੁੰਚਣ ਲਈ ਹਦਾਇਤ ਕੀਤੀ। ਗੁਰੂ ਪਿਆਰ 'ਚ ਰੰਗੇ ਇਹ ਭਾਈ ਰਣੀਆਂ ਜੀ ਹੀ ਭਾਈ ਸੰਗਤ ਸਿੰਘ ਦੇ ਪਿਤਾ ਜੀ ਸਨ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਹਿਲੂਰ ਦੇ ਰਾਜੇ ਕੋਲੋਂ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਇੱਥੇ ਨਵਾਂ ਨਗਰ ਵਸਾਇਆ ਤਾਂ ਇਸ ਨਵੇਂ ਵਸਾਏ ਨਗਰ ਦਾ ਨਾਂ ਆਪਣੀ ਮਾਤਾ ਜੀ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ ਜੋ ਬਾਅਦ ਵਿੱਚ ਆਨੰਦਪੁਰ ਸਾਹਿਬ ਬਣ ਗਿਆ। ਇਸ ਨਗਰ ਵਸਾਉਣ ਦੀ ਨੀਂਹ ਦਾ ਟੱਕ 19 ਜੂਨ 1665 ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਾਇਆ ਸੀ। ਉਸ ਸਮੇਂ ਭਾਈ ਸੰਗਤ ਸਿੰਘ ਜੀ ਦੇ ਮਾਤਾ ਪਿਤਾ ਭਾਈ ਰਣੀਆਂ ਜੀ ਤੇ ਬੀਬੀ ਅਮਰੋ ਜੀ ਨੇ ਗੁਰੂ ਘਰ ਦੇ ਸੇਵਾਦਾਰ ਜਾਂ ਟਹਿਲੀਏ ਵਜੋਂ ਆਪਣਾ ਜੀਵਨ ਅਰਪਣ ਕੀਤਾ ਸੀ। ਇੱਥੋਂ ਹੀ ਸਿੱਖੀ ਦੇ ਪ੍ਰਚਾਰ ਲਈ ਗੁਰੂ ਤੇਗ ਬਹਾਦਰ ਚੱਲੇ ਸਨ। ਸੰਗਤਾਂ ਵਿੱਚ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ ਅਤੇ ਹੋਰ ਕਈਆਂ ਦੇ ਨਾਲ ਬੀਬੀ ਅਮਰੋ ਜੀ ਤੇ ਭਾਈ ਰਣੀਆਂ ਜੀ ਵੀ ਨਾਲ ਗਏ ਸਨ। ਪ੍ਰਚਾਰ ਵਜੋਂ ਮਾਲਵੇ ਦੇ ਬਾਂਗਰ ਇਲਾਕੇ ਤੇ ਮਥਰਾ, ਕੁਰਕਸ਼ੇਤਰ, ਅਗਰਾ, ਕਾਨਪੁਰ, ਇਲਾਹਾਬਾਦ ਆਦਿਕ ਅਨੇਕਾਂ ਥਾਵਾਂ 'ਤੇ ਗੁਰੂ ਨਾਨਕ ਦੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਬਿਹਾਰ ਦੇ ਪਟਨਾ ਵਿਖੇ ਪਹੁੰਚੇ ਸਨ। ਸੰਗਤਾਂ ਨੂੰ ਮੁੱਖ ਤੌਰ ਤੇ ਬੀਬੀ ਅਮਰੋ ਜੀ ਅਤੇ ਭਾਈ ਰਣੀਆਂ ਜੀ ਨੂੰ ਆਪਣੇ ਪਰਿਵਾਰ ਦੀ ਦੇਖ ਭਾਲ ਦੀ ਜੁੰਮੇਵਾਰੀ ਸੌਂਪ ਕੇ ਨੌਵੇਂ ਗੁਰੂ ਸਿੱਖੀ ਦੇ ਪ੍ਰਚਾਰ ਖਾਤਰ ਅਸਾਮ ਅਤੇ ਢਾਕੇ ਵੱਲ ਗਏ ਸਨ। ਪਟਨਾ ਵਿਖੇ 22 ਦਸੰਬਰ 1666 ਨੂੰ ਬਾਲ ਗੋਬਿੰਦ ਰਾਏ ਦਾ ਜਨਮ ਹੋਇਆ ਸੀ। ਇਸ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਜੀ ਦੀ ਕੁੱਖੋਂ ਭਾਈ ਰਣੀਆਂ ਜੀ ਦੇ ਘਰ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਂ ਸੰਗਤਾ ਰੱਖਿਆ ਗਿਆ। ਬਾਲ ਸੰਗਤਾ ਦੀ ਸ਼ਕਲ ਬਾਲ ਗੋਬਿੰਦ ਰਾਏ ਨਾਲ ਬਹੁਤ ਹੀ ਮਿਲਦੀ ਸੀ। ਇਸ ਬਾਰੇ ਵੀ ਕਾਫੀ ਦੰਦ ਕਥਾਵਾਂ ਹਨ ਕਿ ਇਕ ਵਾਰ ਜਦੋਂ ਬਾਲ ਉਮਰੇ ਬਾਲ ਗੋਬਿੰਦ ਰਾਏ ਤੇ ਭਾਈ ਸੰਗਤਾ ਜੀ ਰਾਣੀ ਮੈਣੀ ਦੇ ਘਰ ਗਏ ਤਾਂ ਭੁਲੇਖਾ ਪਾਉਣ ਵਾਸਤੇ ਬਾਲ ਗੋਬਿੰਦ ਰਾਏ ਨੇ ਭਾਈ ਸੰਗਤੇ ਨੂੰ ਅੱਗੇ ਕਰ ਦਿੱਤਾ, ਇਸ ਤਰ੍ਹਾਂ ਰਾਣੀ ਪੂਰੀ ਪਹਿਚਾਣ ਤਾਂ ਨਾ ਕਰ ਸਕੀ ਪਰ ਦੋਵਾਂ ਨੂੰ ਪਿਆਰ ਦਿੰਦਿਆਂ ਕਹਿਣ ਲੱਗੀ ਕਿ 'ਤੁਸੀਂ ਦੋਵੇਂ ਹੀ ਮੇਰੇ ਪਿਆਰੇ ਪੁੱਤਰ ਹੋ'। ਦੋਹਾਂ ਦੀ ਸ਼ਕਲ ਬਹੁਤੀ ਮਿਲਦੀ ਹੋਣ ਕਰਕੇ ਅਜਿਹਾ ਵਾਪਰਨਾ ਦੱਸਿਆ ਗਿਆ ਹੈ।

ਦਸਵੇਂ ਗੁਰੂ ਸਾਹਿਬ ਤੇ ਭਾਈ ਸੰਗਤ ਸਿੰਘ ਦਾ ਬਚਪਨ ਇਕੱਠਾ ਹੀ ਬੀਤਿਆ। ਜਦੋਂ ਅਸੀਂ ਬਾਅਦ ਦੇ ਸਮੇਂ ਦੀਆਂ ਲੜਾਈਆਂ ਬਾਰੇ ਸੁਣਦੇ/ਪੜ੍ਹਦੇ ਹਾਂ ਤਾਂ ਇਹ ਵੀ ਦੇਖਦੇ ਹਾਂ ਕਿ ਇਹ ਕੁੱਝ ਤਾਂ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਹੋ ਗਿਆ ਸੀ। ਬਚਪਨ ਵਿੱਚ ਹੀ ਫਰਜ਼ੀ ਜੰਗ ਦੀ ਖੇਡ ਖੇਡਣ ਸਮੇਂ ਬਾਲ ਗੋਬਿੰਦ ਰਾਏ ਖੇਡਣ ਵਾਸਤੇ ਦੋ ਟੋਲੀਆਂ ਬਣਾਉਂਦੇ ਇਕ ਦੇ ਆਪ ਆਗੂ ਬਣਦੇ ਤੇ ਦੂਜੀ ਟੋਲੀ ਦੀ ਅਗਵਾਈ ਭਾਈ ਸੰਗਤਾ ਜੀ ਕਰਦੇ। ਇਸ ਤਰ੍ਹਾਂ ਇਹ ਅਭਿਆਸ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਸਮੇਂ ਹੀ ਆਪਸੀ ਸਾਂਝ ਬਣੀ ਜੋ ਸਾਰੀ ਉਮਰ ਰਹੀ। ਭਾਈ ਸੰਗਤ ਸਿੰਘ ਜੀ ਗੁਰੂ ਦੇ ਵਿਸ਼ਵਾਸ ਪਾਤਰ ਰਹੇ। ਇਹ ਵੀ ਪੜ੍ਹਨ ਵਿੱਚ ਆਉਂਦਾ ਹੈ ਕਿ ਭਾਈ ਸੰਗਤ ਸਿੰਘ ਹੋਰਾਂ ਨੇ ਗੁਰੂ ਸਾਹਿਬ ਨਾਲ ਸ਼ਸਤਰ ਵਿੱਦਿਆ, ਤਲਵਾਰਬਾਜ਼ੀ, ਨੇਜਾਬਾਜ਼ੀ, ਘੋੜਸਵਾਰੀ ਆਦਿ ਵਿਚ ਵੀ ਨਿਪੁੰਨਤਾ ਪ੍ਰਾਪਤ ਕੀਤੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਿ ਗੁਰੂ ਸਾਹਿਬ ਕੋਲ ਆਮ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਵੀ ਆਉਂਦੇ ਸਨ। ਇਕ ਦਿਨ ਦਰਬਾਰ ਵਿੱਚ ਰੋਂਦਾ ਹੋਇਆ ਇਕ ਬ੍ਰਾਹਮਣ ਆਇਆ ਤੇ ਫਰਿਆਦ ਕੀਤੀ ਕਿ ਉਸ ਦੀ ਘਰ ਵਾਲੀ ਨੂੰ ਇਕ ਪਠਾਣ ਉਸਤੋਂ ਖੋਹ ਕੇ ਰੋਪੜ ਵਾਲੇ ਪਾਸੇ ਲੈ ਗਿਆ ਹੈ ਉਸ ਦੀ ਮੱਦਦ ਕੀਤੀ ਜਾਵੇ। ਉਹ ਗੁਰੂ ਦੇ ਦਰਬਾਰ ਵਿੱਚ ਇਹ ਹੀ ਆਸ ਲੈ ਕੇ ਆਇਆ ਹੈ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ। ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਘੋੜਿਆਂ ਤੇ ਅਸਵਾਰ ਹੋ ਕੇ ਪਠਾਣ ਦੀ ਪੈੜ ਨੱਪਦੇ ਹੋਏ ਉਸਦੇ ਮਗਰ ਹੋ ਤੁਰੇ, ਪਠਾਣ ਅਜੇ ਆਪਣੇ ਘਰ ਪਹੁੰਚਿਆ ਹੀ ਸੀ ਤੇ ਧੱਕੇ ਨਾਲ ਖੋਹ ਕੇ ਲਿਆਂਦੀ ਬ੍ਰਾਹਮਣੀ ਬੈਠੀ ਰੋ ਰਹੀ ਸੀ ਉਦੋਂ ਤੱਕ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਸੰਗਤ ਸਿੰਘ ਜੀ ਉੱਥੇ ਪਹੁੰਚ ਗਏ। ਪਹਿਲਾਂ ਤਾਂ ਪਠਾਣ ਦੀ ਚੰਗੀ ਸੁਧਾਈ ਕੀਤੀ ਗਈ ਜਦੋਂ ਭਾਈ ਸੰਗਤ ਸਿੰਘ ਉਸ ਪਾਪੀ 'ਤੇ ਤਲਵਾਰ ਦਾ ਵਾਰ ਕਰਨ ਲੱਗੇ ਤਾਂ ਪਠਾਣ ਦੇ ਘਰ ਵਾਲੀ ਦਾ ਤਰਲਾ ਮੰਨ ਕੇ ਉਸ ਨੂੰ ਮਾਫ ਕਰ ਦਿੱਤਾ ਗਿਆ। ਉਸ ਬੀਬੀ ਨੂੰ ਨਾਲ ਲਿਆ ਕੇ ਬ੍ਰਾਹਮਣ ਦੇ ਹਵਾਲੇ ਕਰ ਦਿੱਤਾ ਗਿਆ।



ਇਸੇ ਤਰ੍ਹਾਂ ਜਦੋਂ ਆਨੰਦਪੁਰ ਦੇ ਕਿਲਾ ਅਨੰਦਗੜ੍ਹ ਨੂੰ ਮੁਗਲ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ ਤੇ ਘੇਰਾ ਇੰਨਾ ਤੰਗ ਕਰ ਦਿੱਤਾ ਗਿਆ ਕਿ ਬਾਹਰੋਂ ਰਸਦ ਪਾਣੀ ਅੰਦਰ ਆਉਣਾ ਵੀ ਬਹੁਤ ਔਖਾ ਕਰ ਦਿੱਤਾ ਗਿਆ। ਮੁਗਲ ਕਈ ਵਾਰ ਰਾਤ ਵੇਲੇ ਹਮਲਾ ਕਰਕੇ ਰਸਦ ਲੁੱਟ ਵੀ ਲੈਂਦੇ। ਹਾਲਤ ਇਥੋਂ ਤੱਕ ਮਾੜੇ ਹੋ ਗਏ ਸਨ ਕਿ ਕਈ ਵਾਰ ਪਾਣੀ ਲੈਣ ਗਏ ਚਾਰ ਵਿੱਚੋਂ ਦੋ ਹੀ ਵਾਪਸ ਮੁੜਦੇ ਸਨ। ਉਸ ਵੇਲੇ ਕਿਲੇ ਦੀ ਰਾਖੀ ਵਾਸਤੇ ਉਡਣ ਦਸਤੇ ਬਣਾਏ ਗਏ। ਇਕ ਦਸਤੇ ਦੀ ਅਗਵਾਈ ਭਾਈ ਸੰਗਤ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਦੀ ਜੁੰਮੇਵਾਰੀ ਪਰਖੇ ਹੋਏ ਵਿਅਕਤੀਆਂ ਨੂੰ ਹੀ ਸੌਂਪੀ ਜਾਂਦੀ ਸੀ।

1699 ਦੀ ਵਿਸਾਖੀ ਨੂੰ ਜਦੋਂ ਦਸਵੇਂ ਗੁਰੂ ਸ੍ਰੀ ਗੁਰੂ ਗੋਬੰਦ ਸਿੰਘ ਜੀ ਨੇ ਖਾਲਸੇ ਦੀ ਸਾਜਣਾ ਕੀਤੀ ਤਾਂ ਇਸ ਦਿਨ ਹੀ ਦਸਵੇਂ ਗੁਰੂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ ਅਤੇ ਸੰਗਤਾ ਵੀ ਅੰਮ੍ਰਿਤਪਾਨ ਕਰਕੇ ਭਾਈ ਸੰਗਤ ਸਿੰਘ ਬਣੇ। ਭਾਈ ਸੰਗਤ ਸਿੰਘ ਦੇ ਨਾਲ ਹੋਰ ਅੰਮ੍ਰਿਤ ਛਕਣ ਵਾਲੇ ਉਨ੍ਹਾਂ ਦੇ ਮਾਤਾ ਪਿਤਾ ਅਤੇ ਚਾਚਾ ਭਾਈ ਜੋਧਾ ਜੀ, ਸਾਥੀ ਭਾਈ ਮਦਨ ਸਿੰਘ, ਭਾਈ ਕਾਠਾ ਤੇ ਭਾਈ ਰਾਮ ਸਿੰਘ ਸਨ। ਇਸ ਤੋਂ ਬਾਅਦ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਸੰਗਤ ਸਿੰਘ ਜੀ ਮਾਲਵੇ ਖੇਤਰ ਦੇ ਪਿੰਡਾਂ ਵਿੱਚ ਸਿੱਖੀ ਦੇ ਪ੍ਰਚਾਰ ਹਿੱਤ ਗਏ ਤੇ ਲੋਕਾਂ ਨੂੰ ਸਿੱਖੀ ਨਾਲ ਜੋੜਿਆ।

20 ਦਸੰਬਰ 1704 ਨੂੰ ਰਾਤ ਦੇ ਪਹਿਲੇ ਪਹਿਰ ਸਿੱਖਾਂ ਨੇ ਮਾਤਾ ਗੁਜਰੀ ਜੀ ਰਾਹੀਂ ਜ਼ੋਰ ਪਵਾ ਕੇ ਦਸ਼ਮੇਸ਼ ਪਿਤਾ ਨੂੰ ਆਨੰਦਪੁਰ ਛੱਡਣ ਵਾਸਤੇ ਰਾਜ਼ੀ ਕਰ ਲਿਆ। ਅੱਗੋਂ ਸਰਸਾ ਦੀ ਨਦੀ ਠਾਠਾਂ ਮਾਰ ਰਹੀ ਹੈ। ਵੈਰੀ ਕੁਰਾਨ ਦੀਆਂ ਕਸਮਾਂ ਤੋੜ ਕੇ ਹਮਲਾਵਰ ਹੋ ਕੇ ਆ ਪਏ। ਇੱਥੇ ਭਿਆਨਕ ਜੰਗ ਹੋਈ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਪਰਿਵਾਰ ਦੇ ਵਿਛੋੜੇ ਪੈ ਗਏ। ਗੁਰੂ ਸਾਹਿਬ ਨੇ ਚਾਲੀ ਸਿੰਘਾਂ ਨਾਲ ਚਮਕੌਰ ਸਾਹਿਬ ਜਾਣ ਦਾ ਫੈਸਲਾ ਕਰ ਲਿਆ। 21 ਦਸੰਦਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਚਮਕੌਰ ਪਹੁੰਚੇ ਤਾਂ ਮੁਗਲਾਂ ਨੂੰ ਖਬਰ ਹੋ ਗਈ ਸੀ। ਇਸ ਕਰਕੇ ਛੇਤੀ ਹੀ ਨਾਹਰ ਖਾਂ ਤੇ ਖੁਆਜਾ ਜਫ਼ਰ ਬੇਗ ਦੀ ਅਗਵਾਈ ਵਿੱਚ ਭਾਰੀ ਗਿਣਤੀ ਵਿੱਚ ਮੁਗਲ ਫੌਜ ਪਹੁੰਚ ਗਈ। ਚਾਪਰੇ ਹੋਏ ਨਾਹਰ ਖਾਂ ਨੇ ਮੁੜ ਮੁੜ ਹਮਲੇ ਕੀਤੇ। ਪਰ ਆਖਰ ਗੁਰੂ ਸਾਹਿਬ ਦੇ ਇਕ ਤੀਰ ਨਾਲ ਉਹ ਮਾਰਿਆ ਗਿਆ ਤੇ ਜਫਰ ਬੇਗ ਲੁਕ-ਲੁਕਾ ਕੇ ਆਪਣੀ ਜਾਨ ਬਚਾ ਗਿਆ। ਇਸ ਭਾਰੀ ਫੌਜ ਤੇ ਦੂਜੇ ਪਾਸੇ 40 ਸਿੰਘਾਂ ਦੇ ਹਵਾਲੇ ਨਾਲ ਜਫ਼ਰਨਾਮਾ ਦੇ ਬੰਦ 41 ਵਿੱਚ ਲਿਖਿਆ ਮਿਲਦਾ ਹੈ :

ਹਮ ਆਖਿਰ ਚਿ ਮਰਦੀਕੁਨਦ ਕਾਰਜ਼ਾਰ
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ

ਆਖਰ ਜੰਗ ਵਿੱਚ ਮਰਦਾਨਗੀ ਵੀ ਕੀ ਕਰ ਸਕਦੀ ਹੈ ਜੇ ਚਾਲੀ ਆਦਮੀਆਂ ਉੱਤੇ ਬੇਸ਼ੁਮਾਰ ਫੌਜ ਟੁੱਟ ਪਈ ਹੋਵੇ।

ਇਥੇ ਹੋਈ ਜੰਗ ਵਿੱਚ ਪਹਿਲਾਂ ਵੱਡੇ ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਹੋਈਆਂ । ਇਸ ਬਾਰੇ ਮਿ-ਰਜ਼ਾ ਅਬਦੁੱਲ ਗਨੀ ਖਾਨ ਗੁਰੂ ਸਾਹਿਬ ਵਲੋਂ ਲਿਖਦਾ ਹੈ ਕਿ :

ਬੇਟੋਂ ਕੇ ਕਤਲ ਹੋਨੇ ਕੀ ਪਹੁੰਚੀ ਯੂੰਹੀ ਖਬਰ
ਸ਼ੁਕਰੇ ਅੱਲਾ ਕੀਆ ਉਠਾ ਕੇ ਸਰ
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ
ਬੇਟੋਂ ਕੀ ਜਾਂ, ਧਰਮ ਕੀ ਖਾਤਿਰ ਅਦਾ ਹੂਈ

ਇਸੇ ਤਰ੍ਹਾਂ ਜੇ ਅੱਲਾ ਯਾਰ ਖਾਂ ਜੋਗੀ ਦਾ ਲਿਖਿਆ ਪੜ੍ਹੀਏ ਤਾਂ ਉਹ ਲਿਖਦਾ ਹੈ :

ਜਿਸ ਖਿੱਤੇ ਮੇਂ ਹਮ ਕਹਿਤੇ ਥੇ ਅੱਲਾ ਯਹ ਵੋਹੀ ਹੈ
ਕੁੱਲ ਲੁਟਾ ਕੇ ਜਿਸ ਜਗਾ ਸੇ ਜਾਨਾ ਯਹ ਵੋਹੀ ਹੈ
ਜਿਸ ਜਗਾ ਪੇ ਹੈ ਬੱਚੋਂ ਕੋ ਕਟਾਨਾ ਯਹ ਵੋਹੀ ਹੈ
ਮੱਟੀ ਕਹਿ ਦੇਤੀ ਹੈ ਕਿ ਠਿਕਾਨਾ ਯਹ ਵੋਹੀ ਹੈ।

ਇਸ ਸਥਿਤੀ ਵਿੱਚ ਸ਼ਹੀਦ ਪਿਉ ਦਾ ਪੁੱਤਰ ਤੇ ਸ਼ਹੀਦ ਪੁੱਤਰਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਆਪ ਨੂੰ ਕੱਲ੍ਹ ਜੰਗ ਵਿੱਚ ਸ਼ਹੀਦ ਹੋਣ ਵਾਸਤੇ ਤਿਆਰ ਕਰ ਰਹੇ ਹਨ। ਇਸੇ ਨੂੰ ਦੇਖਕੇ ਉੱਥੇ ਬਚਦੇ ਸਿੰਘਾਂ ਨੇ ਸੋਚਿਆ ਕਿ ਇਸ ਸਮੇਂ ਪੰਥ ਨੂੰ ਗੁਰੂ ਸਾਹਿਬ ਦੀ ਲੋੜ ਹੈ। 1699 ਦੀ ਵਿਸਾਖੀ ਸਮੇਂ ਖਾਲਸਾ ਪੰਥ ਦੀ ਸਾਜਣਾ ਵੇਲੇ ਖਾਲਸੇ ਨੂੰ ਬਖਸ਼ੀ ਵਡਿਆਈ ਅਧੀਨ ਆਪੇ ਗੁਰ ਚੇਲਾ ਬਣਨ ਵਾਲੇ ਗੁਰੂ ਸਾਹਿਬ ਨੂੰ ਕਿਹਾ ਗਿਆ ਕਿ ਉਹ ਚਮਕੌਰ ਦੀ ਗੜ੍ਹੀ ਛੱਡ ਜਾਣ। ਇਹ ਬਹੁਤ ਜੋਖ਼ਮ ਭਰਿਆ ਕੰਮ ਸੀ, ਗੁਰੂ ਸਾਹਿਬ ਨੇ ਖਾਲਸੇ ਦੇ ਹੁਕਮ ਅੱਗੇ ਸੀਸ ਨਿਵਾਇਆ ਤੇ ਹੁਕਮ ਮੰਨਿਆਂ। ਫੇਰ ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਬੇਲੀ, ਜੋ ਉਨ੍ਹਾਂ ਦੇ ਹਮਸ਼ਕਲ ਤੇ ਹਮ ਉਮਰ ਵੀ ਸਨ ਜੋ ਹਰ ਵਕਤ ਨਿਮਾਣੇ ਸਿੱਖ ਵਜੋਂ ਵਿਚਰਦੇ ਸਨ ਤੇ ਗੁਰੂ ਸਾਹਿਬ ਦੀਆਂ ਨਜ਼ਰਾਂ ਵਿੱਚ ਜੰਗਜੂ ਸਿਪਾਹੀ ਵੀ ਸਨ। ਜੋ ਗੁਰੂ ਸਾਹਿਬ ਵਲੋਂ ਹਰ ਇਮਤਿਹਾਨ ਵਿੱਚ ਪੂਰੇ ਉਤਰਦੇ ਰਹੇ ਸਨ ਨੂੰ ਆਪਣੇ ਪਿਆਰੇ ਸਿੱਖ ਦਾ ਮਾਣ ਦਿੰਦੇ ਹੋਏ ਆਪਣੀ ਛਾਤੀ ਨਾਲ ਲਾਇਆ ਤੇ ਆਪਣੀ ਹੀਰਿਆਂ ਜੜੀ ਕਲਗੀ (ਜਿਸ ਨੂੰ ਜਿਗਾ ਕਲਗੀ ਵੀ ਲਿਖਿਆ ਤੇ ਕਿਹਾ ਜਾਂਦਾ ਹੈ) ਭਾਈ ਸੰਗਤ ਸਿੰਘ ਦੇ ਸਿਰ ਤੇ ਸਜਾਈ ਅਤੇ ਆਪਣੇ ਸ਼ਸਤਰ- ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕੀਤੇ ਅਤੇ ਤਕੜੇ ਰਹਿਣ ਦੀ ਥਾਪਣਾ ਦਿੰਦੇ ਹੋਏ ਕਿਹਾ ਕਿ ਭਾਈ ਸੰਗਤ ਸਿੰਘ ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿੱਚ, ਕਲਗੀ ਸਣੇ ਮੇਰੇ ਮੋਰਚੇ ਵਾਲੇ ਆਸਣ ਤੇ ਬੈਠਣਾ ਹੈ ਅਤੇ ਦਿਨ ਚੜ੍ਹਨ 'ਤੇ ਜਦੋਂ ਮੁਗਲ ਫੌਜੀ ਗੜ੍ਹੀ ਉੱਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ ਹੈ। ਜੀਊਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾਂ ਤੇ ਮੈਦਾਨ-ਏ-ਜੰਗ ਵਿੱਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ ਹੈ।

ਇਸ ਸਮੇਂ ਭਾਈ ਸੰਗਤ ਸਿੰਘ ਜੀ ਵਲੋਂ ਗੁਰੂ ਸਾਹਿਬ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣਾ ਅਤੇ ਬਿਨ ਬੋਲੇ ਜਾਨ ਵਾਰਨ ਦਾ ਵਾਅਦਾ ਕਰਨਾ - ਕੀ ਮੰਜ਼ਰ ਹੋਵੇਗਾ ਉਸ ਵੇਲੇ, ਉਨ੍ਹਾਂ ਚਮਤਕਾਰੀ ਪਲਾਂ ਨੂੰ ਸਿਰਫ ਕਿਆਸਿਆ ਹੀ ਜਾ ਸਕਦਾ ਹੈ, ਫੜਨਾ ਔਖਾ ਹੈ।। ਸਾਡੇ ਰਾਗੀ-ਢਾਢੀ ਤੇ ਸਿੱਖ ਪ੍ਰਚਾਰਕ ਜਦੋਂ ਸੰਗਤਾਂ ਨਾਲ ਅਜਿਹੇ ਸਮੇਂ ਨੂੰ ਬਿਆਨ ਕਰਦੇ ਹਨ ਤਾਂ ਲਗਦਾ ਹੀ ਨਹੀਂ ਕਿ ਉਹ ਆਪਣੇ ਵਿਖਿਆਨ ਵਿਚ ਉਨ੍ਹਾਂ ਪਲਾਂ ਨੂੰ ਫੜਨ ਦੇ ਯੋਗ ਹਨ ਜੋ ਸੁਣ ਰਹੀਆਂ ਸੰਗਤਾਂ ਦੇ ਮਨਾਂ ਵਿਚ ਵਿਯੋਗ, ਬੈਰਾਗ ਤੇ ਰੋਹ ਦਾ ਜਾਗ ਲਾ ਸਕਣ ਦੇ ਯੋਗ ਹੋਣ। ਐਹੋ ਜਹੇ ਨਿਰਣਾਇਕ ਪਲ ਇਤਿਹਾਸ ਦੇ ਸਾਰਥੀ ਹੁੰਦੇ ਹਨ। ਹਨੇਰਿਆਂ ਵਿਚ ਚਾਨਣ ਦਾ ਬੀਜ ਬੀਜਣ ਵਾਲੀ, ਸੂਰਬੀਰਤਾ ਭਰੀ ਜੋਸ਼ੀਲੀ ਤੇ ਅਣਥੱਕ ਨਵੀਂ ਲੀਹ ਬਣ ਜਾਂਦੇ ਹਨ  ਅਜਿਹੇ ਪਲ ਜੋ ਇਸ ਵਿਰਸੇ ਦੇ ਵਾਰਸਾਂ ਨੂੰ ਥਕਾਨ ਰਹਿਤ ਸੋਚ ਦੀ ਰੌਸ਼ਨਾਈ ਬਖਸ਼ਦੇ ਹਨ। ਇਸ ਸਬੰਧੀ ਗੁਰਬਿਲਾਸ ਪਾਤਸ਼ਾਹੀ ਦਸਵੀ ਵਿੱਚ ਭਾਈ ਕੋਇਰ ਸਿੰਘ ਲਿਖਦੇ ਹਨ :

ਜੋਤਿ ਦਈ ਤਿਹ ਕੋ ਅਪਨੀ ਪੁਨਿ ਕਲਗੀ ਔ ਜਿਗਾ ਸੁਖਦਾਨੀ
ਸੰਗਤ ਸਿੰਘ ਹੈ ਨਾਮ ਜਿਸੈ ਕਛੁ ਤਾ ਬਪੁ ਹੈ ਕਰਿ ਸ੍ਰੀ ਗੁਰਸਾਨੀ

ਜੰਗ ਸਬੰਧੀ ਗੁਰੂ ਸਾਹਿਬ ਦੇ ਵਿਚਾਰ ਜ਼ਫ਼ਰਨਾਮੇ ਦੇ ਬੰਦ 22 ਵਿੱਚ ਇਸ ਤਰ੍ਹਾਂ ਦਰਜ ਹਨ :

ਚੂੰ ਕਰ ਅਜ਼ ਹਮਹ ਹੀਲਤੇ ਦਰ ਗੁਜਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

"ਜਦੋਂ ਕਿਸੇ ਕੰਮ ਲਈ ਸਾਰੇ ਉਪਾਅ ਖਤਮ ਹੋ ਜਾਣ ਤਦ ਤਲਵਾਰ ਨੂੰ ਹੱਥ ਵਿੱਚ ਧਾਰਨ ਕਰਨਾ ਜਾਇਜ਼ ਹੈ''।

ਕਈ ਵਾਰ ਇਤਿਹਾਸ ਨੂੰ ਠੀਕ ਢੰਗ ਨਾਲ ਨਾ ਲਿਖਣ ਵਾਲੇ ਕੁੱਝ ਗੱਲਾਂ ਗਲਤ ਲਿਖ ਜਾਂਦੇ ਹਨ ਜਿਨ੍ਹਾਂ ਦੀ ਸੁਧਾਈ ਕਰਦਿਆਂ ਵਕਤ ਲੱਗ ਜਾਂਦਾ ਹੈ। ਇਸੇ ਤਰ੍ਹਾਂ ਦੀ ਇਕ ਉਕਾਈ ਕਈ ਵਾਰ ਕੀਤੀ ਜਾਂਦੀ ਹੈ ਉਹ ਹੈ ਕਿ ਜਦੋਂ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਨੂੰ ਛੱਡਦੇ ਹਨ ਤਾਂ ਉਹ ਕਲਗੀ ਕਿਸ ਨੂੰ ਪਹਿਨਾਉਂਦੇ ਹਨ। ਇਸ ਬਾਰੇ ਸਾਫ ਕਹਿਣਾ ਬਣਦਾ ਹੈ ਕਿ ਉਹ ਸੂਰਮਾ, ਯੋਧਾ ਤੇ ਗੁਰੂ ਘਰ ਦਾ ਅਨਿਨ ਵਿਸ਼ਵਾਸਪਾਤਰ ਭਾਈ ਸੰਗਤ ਸਿੰਘ ਹੀ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਇਸ ਯੋਗ ਸਮਝਿਆ। ਇਹ ਸੂਰਮਾਂ ਭਾਈ ਸੰਗਤ ਸਿੰਘ ਹੀ ਸੀ ਜਿਨ੍ਹਾਂ ਗੁਰੂ ਦੇ ਥਾਂ ਸੱਚ ਦੀ ਜਿੱਤ ਵਾਸਤੇ ਆਪ ਆਪਣਾ ਸੀਸ ਵਾਰਿਆ।

ਇੱਥੇ ਇਕ ਗੱਲ ਕਹਿਣੀ ਹੋਰ ਬਣਦੀ ਹੈ ਕਿ 1699 ਦੀ ਵਿਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸਾ ਦੀ ਸਾਜਣਾ ਸਮੇਂ ਗੁਰੂ ਸਾਹਿਬ ਨੇ ਵਾਰੋ ਵਾਰੀ ਪੰਜ ਸਿਰ ਮੰਗੇ ਸਨ ਉਸ ਵੇਲੇ ਕਿਸੇ ਨੂੰ ਨਹੀਂ ਸੀ ਪਤਾ ਕਿ ਅੱਗੇ ਕੀ ਵਾਪਰਨ ਵਾਲਾ ਹੈ, ਪਰ ਜਦੋਂ ਗੁਰੂ ਸਾਹਿਬ ਨੂੰ ਖਾਲਸੇ ਨੇ ਪੰਥ ਦੀ ਅਗਵਾਈ ਕਰਦੇ ਰਹਿਣ ਵਾਸਤੇ ਚਮਕੌਰ ਦੀ ਕੱਚੀ ਗੜ੍ਹੀ ਵਿੱਚੋਂ ਚਲੇ ਜਾਣ ਵਾਸਤੇ ਕਿਹਾ ਤਾਂ ਇਹ ਪੱਕਾ ਸੀ ਕਿ ਗੁਰੂ ਸਾਹਿਬ ਦੇ ਇਥੋਂ ਚਲੇ ਜਾਣ ਤੋਂ ਬਾਅਦ ਜੋ ਵੀ ਇੱਥੇ ਰਹਿਣਗੇ ਉਨ੍ਹਾਂ ਦੀ ਸ਼ਹਾਦਤ ਲਾਜ਼ਮੀ ਹੈ।

ਕਈ ਵਾਰ ਪਹਿਲਾਂ ਲਿਖਿਆ ਵੀ ਇਤਿਹਾਸ ਬਣ ਜਾਂਦਾ ਹੈ। ਮਿਸਾਲ ਵਜੋਂ - ਗੁਰੂ ਸਾਹਿਬ, ਭਾਈ ਸੰਗਤ ਸਿੰਘ ਨੂੰ ਜਿਗਾ ਕਲਗੀ ਤੇ ਆਪਣੇ ਵਸਤਰ ਪਹਿਨਾਉਂਦਿਆ ਆਪਣਾ ਕਿਹਾ ਹੀ ਸੱਚ ਕਰ ਰਹੇ ਸਨ ਕਿ :

ਖਾਲਸਾ ਮੇਰੋ ਰੂਪ ਹੈ ਖਾਸ ਖਾਲਸਾ ਮੇਂ ਹੀ ਕਰੋਂ ਨਿਵਾਸ

**(ਬਾਕੀ ਅਗਲੇ ਸਫੇ 'ਤੇ**

# ਕਦੋਂ ਖ਼ਤਮ ਹੋਵੇਗਾ ਪੰਜਾਬ ਵਿਚਲਾ ਪਰਿਵਾਰਕ ਸਿਆਸੀ ਗਲਬਾ?

**ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਹਾੜੇ ਦੇ ਮੌਕੇ ਤੇ ਨਾਰਾਜ਼ ਅਕਾਲੀਆਂ ਨੇ ਬਾਦਲ ਪਰਿਵਾਰ ਉਤੇ ਜਿੱਥੇ 'ਧਨ ਅਤੇ ਬਲ' ਦੀ ਸ਼ਕਤੀ ਇੱਕਠੀ ਕਰਨ ਦਾ ਦੋਸ਼ ਲਾਇਆ, ਉਥੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ, ਜੋ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਸਬੰਧੀ ਕਮੇਟੀ ਹੈ, ਨੂੰ ਵੀ ਆਪਣੇ ਹਿੱਤਾਂ ਲਈ ਵਰਤਣ ਦਾ ਦੋਸ਼ ਲਾਇਆ ਹੈ। ਇਹਨਾ ਨੇਤਾਵਾਂ ਨੇ ਹੋਰਨਾਂ ਮੰਗਾਂ ਦੇ ਨਾਲ-ਨਾਲ ਇੱਕਠ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਕੇਂਦਰ ਸਰਕਾਰ ਤੋਂ ਮੰਗ ਵੀ ਕੀਤੀ ਹੈ, ਕਿਉਂਕਿ ਇਹ ਨੇਤਾ ਸਮਝਦੇ ਤੇ ਮਹਿਸੂਸ ਕਰਦੇ ਹਨ ਕਿ ਜਦੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ 'ਬਾਦਲ ਪਰਿਵਾਰ' ਦਾ ਕਬਜ਼ਾ ਹੈ ਅਤੇ ਜਿਸਦਾ ਪ੍ਰਧਾਨ 'ਬਾਦਲ ਪਰਿਵਾਰ' ਵਲੋਂ ਭੇਜੀ ਗਈ 'ਪਰਚੀ' ਨਾਲ ਬਣਦਾ ਹੈ।**



**ਗੁਰਮੀਤ ਪਲਾਹੀ**
**91-98158-02070**

ਸਿਆਸਤ ਨੂੰ ਪਰਿਵਾਰਵਾਦ ਦੀ ਮਾਰ ਪਈ ਹੋਈ ਹੈ। ਦੇਸ਼ ਭਰ ਵਿੱਚ ਪਰਿਵਾਰਕ ਸਿਆਸਤ ਛਾਈ ਹੋਈ ਹੈ। ਨੇਤਾ ਲੋਕ ਆਪਣੇ ਪੁੱਤਾਂ,ਪੋਤਿਆਂ, ਪੋਤੀਆਂ ਧੀਆਂ ਨੂੰ ਆਪਣੀ ਸਿਆਸੀ ਵਿਰਾਸਤ ਦੇ ਰਹੇ ਹਨ। ਦੇਸ਼ ਦੀ ਸਭ ਤੋਂ ਵੱਡੀ ਰਹੀ ਸਿਆਸੀ ਧਿਰ ਕਾਂਗਰਸ, ਲਗਾਤਾਰ ਪਰਿਵਾਰਵਾਦ ਵਿੱਚ ਗ੍ਰਸੀ ਦਿਖਾਈ ਦੇ ਰਹੀ ਹੈ। ਕਾਂਗਰਸ ਦੀ ਮੌਜੂਦਾ ਪ੍ਰਧਾਨ ਸੋਨੀਆ ਗਾਂਧੀ ਨੂੰ ਆਪਣੇ ਪੁੱਤਰ ਰਾਹੁਲ ਗਾਂਧੀ ਜਾਂ ਧੀ ਪ੍ਰਿਯੰਕਾ ਗਾਂਧੀ ਤੋਂ ਬਿਨ੍ਹਾਂ ਕਾਂਗਰਸ ਦੀ ਵਾਂਗਡੋਰ ਸੰਭਾਲਣ ਵਾਲਾ ਹੋਰ ਕੋਈ ਨੇਤਾ ਕਾਂਗਰਸ ਵਿਚੋਂ ਥਿਉਂਦਾ ਹੀ ਨਹੀਂ। ਕਾਂਗਰਸ ਵਾਂਗਰ ਇੱਕ ਸਦੀ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਜੋ 100ਵੇਂ ਵਰ੍ਹੇ ਵਿੱਚ ਪੈਰ ਧਰ ਬੈਠਾ ਹੈ, ਨੂੰ ਵੀ ਪਰਿਵਾਰਵਾਦ ਨੇ ਲਪੇਟਾ ਮਾਰਿਆ ਹੋਇਆ ਹੈ। ਪੰਜ ਵੇਰ ਸੂਬੇ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਪੁੱਤਰ-ਮੋਹ ਨੇ ਇੰਨਾ ਹਾਲੋਂ-ਬੇਹਾਲ ਕੀਤਾ ਕਿ ਆਪਣੇ ਸਿਆਣੇ, ਚੰਗੀ ਸੋਚ ਵਾਲੇ ਸਾਥੀਆਂ ਨੂੰ ਛੱਡਕੇ ਸਮੇਂ-ਸਮੇਂ ਉਹ ਆਪਣੀ ਤੱਕੜੀ 'ਚ, ਆਪਣੇ ਹੀ ਸਾਵੇਂ ਵੱਟੇ ਪਾਉਂਦਾ ਰਿਹਾ ਅਤੇ ਪਹਿਲਾਂ ਗੁਰਚਰਨ ਸਿੰਘ ਟੋਹੜਾ, ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗੇ ਵੱਡੇ ਪੰਥਕ ਨੇਤਾਵਾਂ ਨੂੰ ਨੁਕਰੇ ਲਾਉਣ ਦੀਆਂ ਤਰਕੀਬਾਂ ਨੂੰ ਅਮਲ 'ਚ ਲਿਆਉਂਦਾ ਰਿਹਾ ਅਤੇ ਬਾਅਦ 'ਚ ਆਪਣੇ ਪੁੱਤਰ-ਮੋਹ ਕਾਰਨ, ਆਪਣੇ ਸਿਆਣੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਉਸਨੇ ਨਹੀਂ ਬਖਸ਼ਿਆ ਅਤੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਅਤੇ ਸਿਆਸੀ ਵਾਰਸ ਬਣਾਉਣ 'ਚ ਕਾਮਯਾਬ ਹੋ ਗਿਆ। ਆਪਣੇ ਸਾਥੀ ਸੁਖਦੇਵ ਸਿੰਘ ਢੀਂਡਸਾ ਵਰਗੇ ਪ੍ਰਪੱਕ ਪੰਥਕ ਆਗੂ ਦੀ ਵੀ ਇਸ ਮਾਮਲੇ 'ਚ ਉਸਨੇ ਕੋਈ ਪ੍ਰਵਾਹ ਨਾ ਕੀਤੀ। ਢੀਂਡਸਾ ਦਾ, ਕੇਂਦਰੀ ਸਰਕਾਰ ਵਿੱਚ ਕੇਂਦਰੀ ਮੰਤਰੀ ਬਣਨ ਦਾ ਹੱਕ ਖੋਹਕੇ, ਆਪਣੀ ਨੂੰਹ ਅਤੇ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਮੰਤਰੀ ਬਣਾ ਦਿੱਤਾ।

ਪਰਿਵਾਰਵਾਦ ਦੀ ਇਸ ਕਿਸਮ ਦੀ ਮਿਸਾਲ ਦੇਸ਼ ਦੇ ਹੋਰ ਸੂਬਿਆਂ 'ਚ ਵੀ ਵੇਖਣ ਨੂੰ ਮਿਲਦੀ ਹੈ। ਬਿਹਾਰ 'ਚ ਲਾਲੂ ਪ੍ਰਸ਼ਾਦ, ਯੂ.ਪੀ.ਦਾ ਮੁਲਾਇਮ ਸਿੰਘ ਯਾਦਵ, ਹਰਿਆਣਾ 'ਚ ਚੌਧਰੀ ਦੇਵੀ ਲਾਲ, ਯੂ.ਪੀ. 'ਚ ਮਾਇਆਵਤੀ, ਪਰਿਵਾਰਵਾਦ ਨੂੰ ਉਤਸ਼ਾਹਤ ਕਰਦੇ ਹੋਏ, ਜਿਥੇ ਆਪਣੇ ਵਰਕਰਾਂ ਅਤੇ ਨੇਤਾਵਾਂ ਵਿੱਚ ਆਪਣੀ ਇੱਜ਼ਤ, ਮਾਣ, ਸਤਿਕਾਰ, ਰੁਤਬਾ ਗੁਆ ਬੈਠੇ ਜਾਂ ਘੱਟ ਕਰ ਬੈਠੇ, ਉਥੇ ਸਿਆਸੀ ਤਾਕਤ ਤੋਂ ਵੀ ਹੱਥ ਧੋ ਬੈਠੇ। ਇਹੋ ਹਾਲ ਪੰਜਾਬ ਵਿੱਚ ਬਾਦਲ ਪਰਿਵਾਰ ਦਾ ਹੋਇਆ ਹੈ। ਦਸ ਸਾਲ ਲਗਾਤਾਰ ਭਾਜਪਾ ਨਾਲ ਸਾਂਝ-ਭਿਆਲੀ ਨਾਲ ਸਰਕਾਰ ਚਲਾਕੇ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਪ੍ਰਕਾਸ਼ ਸਿੰਘ ਬਾਦਲ ਬੁਰੀ ਤਰ੍ਹਾਂ ਹਾਰ ਗਏ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਦਰਜ਼ਾ ਵੀ ਹਾਸਲ ਨਾ ਕਰ ਸਕੇ। ਇਥੋਂ ਤੱਕ ਕਿ 2018 ਦੀਆਂ ਲੋਕ ਸਭਾ ਚੋਣਾਂ 'ਚ ਪੰਜਾਬ ਦੀਆਂ 13 ਸੀਟਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਨੇ ਸਿਰਫ਼ ਦੋ ਲੋਕ ਸਭਾ ਸੀਟਾਂ ਉਤੇ ਜਿੱਤ ਹਾਸਲ ਕੀਤੀ। ਇਹ ਉਹ ਹੀ ਸੀਟਾਂ ਸਨ ਜਿਥੇ ਬਾਦਲ ਪਰਿਵਾਰ ਦੇ ਦੋ ਜੀਅ ਸੁਖਬੀਰ ਸਿੰਘ ਬਾਦਲ ਅਤੇ ਉਹਨਾ ਦੀ ਪਤਨੀ ਹਰਸਿਮਰਤ ਕੌਰ ਬਾਦਲ ਉਮੀਦਵਾਰ ਸਨ। ਜਿੱਤ ਉਪਰੰਤ ਹਰਸਿਮਰਤ ਕੌਰ ਮੁੜ ਮੋਦੀ ਸਰਕਾਰ ਦੀ ਦੂਜੀ ਵੇਰ ਬਣੀ ਸਰਕਾਰ ਵਿੱਚ ਕੈਬਨਿਟ ਰੈਂਕ ਦੇ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਵਲੋਂ ਸ਼ਾਮਲ ਕਰਵਾਈ ਗਈ। ਇਸ ਸਭ ਕੁਝ ਦਾ ਲੋਕਾਂ ਅਤੇ ਵਰਕਰਾਂ ਵਿੱਚ ਮੁੜਕੇ ਫਿਰ ਇਹੋ ਪ੍ਰਭਾਵ ਗਿਆ ਕਿ ਬਾਦਲ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ ਨੂੰ "ਆਪਣਿਆਂ ਘਰ ਦਿਆਂ" ਲਈ ਹੀ ਵਰਤਿਆ ਹੈ, ਦੂਜੇ ਆਪਣੇ ਖੜੇ ਕੀਤੇ ਲੋਕ ਸਭਾ ਦੇ 8 ਉਮੀਦਵਾਰਾਂ ਅਤੇ ਭਾਜਪਾ ਦੇ ਤਿੰਨ ਉਮੀਦਵਾਰਾਂ ਦੀ ਚੋਣ ਮੁਹਿੰਮ 'ਚ ਬਾਦਲਾਂ ਸਾਰ ਨਹੀਂ ਲਈ, ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਇਹ ਜ਼ੁੰਮੇਵਾਰੀ ਸੁਖਬੀਰ ਸਿੰਘ ਬਾਦਲ ਦੀ ਬਣਦੀ ਸੀ। ਦੇਸ਼ ਦੀ ਲੋਕ ਸਭਾ ਚੋਣ 2018 ਅਤੇ ਪੰਜਾਬ ਦੀ ਵਿਧਾਨ ਸਭਾ ਚੋਣ 2017 ਤੋਂ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਅਤੇ ਨੇਤਾਵਾਂ ਵਿੱਚ ਅਸੰਤੁਸ਼ਟਤਾ ਵੇਖਣ ਨੂੰ ਮਿਲ ਰਹੀ ਸੀ। ਬਾਦਲ ਪਰਿਵਾਰ ਤੋਂ ਵਿਰੋਧ ਵਾਲੀ ਸੁਰ ਰੱਖਣ ਵਾਲਿਆਂ ਅਤੇ ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਅਕਾਲੀ-ਭਾਜਪਾ ਸਰਕਾਰ ਅਤੇ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਨਾ ਕਰਨ ਕਰਕੇ ਮਨ 'ਚ ਰੋਸਾ ਰੱਖਣ ਵਾਲੇ ਨੇਤਾਵਾਂ ਨੂੰ 'ਬਾਦਲ ਪਰਿਵਾਰ' ਵਲੋਂ ਨੁਕਰੇ ਲਗਾ ਦਿੱਤਾ ਗਿਆ। ਸਿੱਟੇ ਵਜੋਂ ਟਕਸਾਲੀ ਅਕਾਲੀ ਦਲ ਹੋਂਦ ਵਿੱਚ ਆਇਆ ਅਤੇ ਉਸ ਦਿਨ, ਜਿਸ ਦਿਨ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਤੀਜੀ ਵੇਰ,ਆਪਣੇ 600 ਡੇਲੀਗੇਟਾਂ ਵਿੱਚੋਂ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ, ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਬਾਗੀ ਹੋਏ ਵੱਖ-ਵੱਖ ਧੜਿਆਂ ਨੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ 'ਚ ਇੱਕ ਪ੍ਰਧਾਨ, ਇੱਕ ਵਿਧਾਨ ਅਤੇ ਇੱਕ ਪਾਰਟੀ ਬਨਾਉਣ ਲਈ ਵੱਡਾ ਇੱਕਠ ਅੰਮ੍ਰਿਤਸਰ ਵਿੱਚ ਕੀਤਾ, ਜਿਸ ਵਿੱਚ ਬੁਲਾਰਿਆਂ ਨੇ ਬਾਦਲਾਂ ਦੇ ਬਾਈਕਾਟ ਦਾ ਸੱਦਾ ਦਿੱਤਾ। ਜ਼ਾਹਰ ਹੈ ਕਿ ਇਹ ਅਕਾਲੀ ਆਗੂ ਬਾਦਲਾਂ ਦੀਆਂ ਧੱਕੇਸ਼ਾਹੀਆਂ ਤੋਂ ਸਤਾਏ ਘਰ ਬੈਠੇ ਆਗੂ ਸਨ, ਜਿਹਨਾ ਨੇ ਬਾਦਲ ਪਰਿਵਾਰ ਉਤੇ ਇਹ ਦੋਸ਼ ਲਾਇਆ ਕਿ ਉਹਨਾਂ ਨੇ ਸਿੱਖ ਧਰਮ ਅਤੇ ਸਿੱਖ ਸਭਿਆਚਾਰ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਅਜੰਡੇ ਨੂੰ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ। ਇਹਨਾ ਨੇਤਾਵਾਂ 'ਚ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਰਵੀਇੰਦਰ ਸਿੰਘ, ਮਨਜੀਤ ਸਿੰਘ ਜੀ ਕੇ, ਸੁਖਦੇਵ ਸਿੰਘ ਭੌਰ, ਸੇਵਾ ਸਿੰਘ ਸੇਖਵਾਂ ਜਿਹੇ ਆਗੂ ਸ਼ਾਮਲ ਸਨ। ਸ਼੍ਰੋਮਣੀ ਅਕਾਲੀ ਦਲ (ਮਾਨ) ਨੇ ਭਾਵੇਂ ਆਪਣੀ ਵੱਖਰੀ ਡਫਲੀ ਵਜਾਉਂਦਿਆਂ ਸਿਮਰਨਜੀਤ ਸਿੰਘ ਮਾਨ ਨੂੰ ਅਗਲੇ ਪੰਜ ਸਾਲਾਂ ਲਈ ਪ੍ਰਧਾਨ ਚੁਣ ਲਿਆ ਹੈ, ਪਰ ਉਸ ਦਲ ਵਲੋਂ ਵੀ 'ਬਾਦਲ ਪਰਿਵਾਰ' ਦੇ 'ਅਕਾਲੀ ਦਲ' ਉਤੇ ਵੱਡੇ ਹਮਲੇ ਕੀਤੇ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਹਾੜੇ ਦੇ ਮੌਕੇ ਤੇ ਨਾਰਾਜ਼ ਅਕਾਲੀਆਂ ਨੇ ਬਾਦਲ ਪਰਿਵਾਰ ਉਤੇ ਜਿੱਥੇ 'ਧਨ ਅਤੇ ਬਲ' ਦੀ ਸ਼ਕਤੀ ਇੱਕਠੀ ਕਰਨ ਦਾ ਦੋਸ਼ ਲਾਇਆ, ਉਥੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ, ਜੋ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਸਬੰਧੀ ਕਮੇਟੀ ਹੈ, ਨੂੰ ਵੀ ਆਪਣੇ ਹਿੱਤਾਂ ਲਈ ਵਰਤਣ ਦਾ ਦੋਸ਼ ਲਾਇਆ ਹੈ। ਇਹਨਾ ਨੇਤਾਵਾਂ ਨੇ ਹੋਰਨਾਂ ਮੰਗਾਂ ਦੇ ਨਾਲ-ਨਾਲ ਇੱਕਠ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਕੇਂਦਰ ਸਰਕਾਰ ਤੋਂ ਮੰਗ ਵੀ ਕੀਤੀ ਹੈ, ਕਿਉਂਕਿ ਇਹ ਨੇਤਾ ਸਮਝਦੇ ਤੇ ਮਹਿਸੂਸ ਕਰਦੇ ਹਨ ਕਿ ਜਦੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ 'ਬਾਦਲ ਪਰਿਵਾਰ' ਦਾ ਕਬਜ਼ਾ ਹੈ ਅਤੇ ਜਿਸਦਾ ਪ੍ਰਧਾਨ 'ਬਾਦਲ ਪਰਿਵਾਰ' ਵਲੋਂ ਭੇਜੀ ਗਈ 'ਪਰਚੀ' ਨਾਲ ਬਣਦਾ ਹੈ, ਉਦੋਂ ਤੱਕ ਬਾਦਲ ਪਰਿਵਾਰ ਨੂੰ ਸਿੱਖ ਸਿਆਸਤ ਤੋਂ ਲਾਂਭੇ ਨਹੀਂ ਕੀਤਾ ਜਾ ਸਕਦਾ, ਜਿਹਨਾ ਨੇ ਸਿੱਖ ਮੁੱਦਿਆਂ ਤੋਂ ਕਿਨਾਰਾ ਕਰਕੇ, ਪੰਜਾਬ ਦੇ ਲੋਕਾਂ ਦੀਆਂ ਭਖਦੀਆਂ ਮੰਗਾਂ ਅਤੇ ਸਮੱਸਿਆਵਾਂ ਤੋਂ ਮੁੱਖ ਮੋੜਕੇ ਸਿਰਫ਼ ਆਪਣੇ ਹਿੱਤ ਸਾਹਮਣੇ ਰੱਖਣ ਨੂੰ ਹੀ ਪਹਿਲ ਦਿੱਤੀ ਹੈ। ਪੰਜਾਬ ਦੀ ਸਿੱਖ ਸਿਆਸਤ ਗੰਭੀਰ ਸੰਕਟ ਵਿੱਚ ਹੈ। ਲੰਮਾ ਸਮਾਂ ਸਿੱਖ ਸਿਆਸਤ ਉਤੇ ਕਾਬਜ਼ ਰਿਹਾ 'ਬਾਦਲ ਪਰਿਵਾਰ' ਹੁਣ ਆਪਣੇ ਭਾਈਵਾਲ "ਭਾਜਪਾ" ਦੀਆਂ ਨਜ਼ਰਾਂ ਵਿੱਚ 'ਸ਼ਕਤੀਸ਼ਾਲੀ' ਨਹੀਂ ਰਿਹਾ। ਭਾਜਪਾ ਕਿਉਂਕਿ ਪੰਜਾਬ ਉਤੇ ਇਕੱਲਿਆਂ ਰਾਜ ਕਰਨ ਦੀ ਸਥਿਤੀ ਵਿੱਚ ਨਹੀਂ ਹੈ, ਉਸਨੂੰ ਇਹੋ ਜਿਹੀ ਸਿੱਖ ਲੀਡਰਸ਼ਿਪ ਜਾਂ ਸਿੱਖ ਸਿਆਸਤਦਾਨ ਦੀ ਪੰਜਾਬ ਵਿੱਚ ਲੋੜ ਹੈ, ਜੋ ਪੰਜਾਬ ਵਿਚਲੀ ਕਾਂਗਰਸ ਅਤੇ ਸਰਕਾਰ ਨੂੰ ਟੱਕਰ ਦੇ ਸਕੇ, ਜੋ ਟੱਕਰ ਬਾਦਲ ਪਰਿਵਾਰ ਦੇਣ 'ਚ ਕਾਮਯਾਬ ਹੋ ਰਿਹਾ ਹੈ। ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਇਸਦਾ ਸਬੂਤ ਹਨ। ਦੇਸ਼ 'ਚ ਮੋਦੀ ਲਹਿਰ ਹੋਣ ਦੇ ਬਾਵਜੂਦ ਵੀ ਪੰਜਾਬ ਨੇ ਦੇਸ਼ ਨਾਲੋਂ ਵੱਖਰਾ ਰਾਹ ਅਖਤਿਆਰ ਕੀਤਾ ਹੈ। ਭਾਵੇਂ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਸਿਆਸਤਦਾਨਾਂ ਦੀ ਫੁੱਟ ਅਤੇ ਲੜਾਈ ਦੀ ਇਸ ਘੜੀ'ਚ ਭਾਜਪਾ ਸਰਕਾਰ ਦੇ ਮੁਖੀ ਨਰੇਂਦਰ ਮੋਦੀ ਨੇ ਬਾਦਲ ਪਰਿਵਾਰ ਦੀ ਸਰਪ੍ਰਸਤੀ 'ਚ ਕੰਮ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਵਧਾਈ ਸੰਦੇਸ਼ ਭੇਜਿਆ ਹੈ ਪਰ ਭਾਜਪਾ ਅਤੇ ਕੇਂਦਰ ਸਰਕਾਰ, ਬਾਦਲ ਪਰਿਵਾਰ ਦੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਅਗਲਾ ਰੁਖ ਕੀ ਹੋਏਗਾ, ਇਸ ਬਾਰੇ ਹੁਣ ਉਸ ਵੇਲੇ ਤੋਂ ਕੋਈ ਦੋ ਰਾਵਾਂ ਨਹੀਂ ਰਹਿ ਗਈਆਂ, ਜਦੋਂ ਤੋਂ ਹਰਿਆਣਾ 'ਚ ਸ਼੍ਰੋਮਣੀ ਅਕਾਲੀ ਦਲ(ਬ) ਨੇ ਭਾਜਪਾ ਦੇ ਵਿਰੋਧ 'ਚ ਸਟੈਂਡ ਲਿਆ ਅਤੇ ਪੰਜਾਬ ਵਿੱਚ ਵੀ ਉਪ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਭਾਜਪਾ ਦੇ ਉਮੀਦਵਾਰਾਂ ਨੂੰ ਵੋਟ ਦੇਣ ਦੀ ਥਾਂ ਅੰਦਰਖਾਤੀ ਕਾਂਗਰਸ ਉਮੀਦਵਾਰਾਂ ਨੂੰ ਦੇਣ ਦੇ ਚਰਚੇ ਸੁਨਣ ਨੂੰ ਮਿਲੇ। ਵਿਰੋਧੀ ਧਿਰ ਦੋਸ਼ ਤਾਂ ਇਹ ਵੀ ਲਗਾ ਰਹੀ ਹੈ ਕਿ ਬਾਦਲ ਪਰਿਵਾਰ ਤੇ ਕੈਪਟਨ ਆਪਸ ਵਿੱਚ ਰਲੇ ਹੋਏ ਹਨ। ਬਿਨ੍ਹਾਂ ਸ਼ੱਕ ਪਰਿਵਾਰਕ ਸਿਆਸਤ ਨੇ ਸਿੱਖ ਸਿਆਸਤ ਦਾ ਹੀ ਨਹੀਂ, ਪੰਜਾਬ ਦਾ ਵੀ ਵੱਡਾ ਨੁਕਸਾਨ ਕੀਤਾ ਹੈ। ਸਿਆਸੀ ਖੁਦ-ਗਰਜ਼ੀ ਕਾਰਨ ਚਾਪਲੂਸੀ ਦਾ ਮਹੌਲ ਪੰਜਾਬ 'ਚ ਪੈਦਾ ਹੋਇਆ ਹੈ, ਜਿਸ ਨਾਲ ਸਿਆਸੀ ਵਰਕਰ ਸਿਆਸੀ ਧਿਰਾਂ ਤੋਂ ਪਿਛਾਂਹ ਹਟੇ ਹਨ ਅਤੇ ਮਾਫੀਆ ਦੇ ਲੋਕਾਂ ਨੇ ਨੇਤਾਵਾਂ ਦੁਆਲੇ ਘੇਰਾ ਪਾਇਆ ਹੈ।

ਨਿੱਤ ਦਿਹਾੜੇ ਮਾਫੀਆ ਗ੍ਰੋਹਾਂ ਦੀਆਂ ਕਾਰਵਾਈਆਂ ਅਤੇ ਸਿਆਸੀ ਲੋਕਾਂ ਵਲੋਂ ਇਹਨਾ ਗੁੰਡਾ ਗਿਰੋਹਾਂ ਨਾਲ ਜੁੜੇ ਹੋਣ ਦੀਆਂ ਖ਼ਬਰਾਂ ਆਮ ਲੋਕਾਂ ਨੂੰ ਚਿੰਤਤ ਕਰ ਰਹੀਆਂ ਹਨ। ਉਪਰੋਂ ਸ਼੍ਰੋਮਣੀ ਅਕਾਲੀ ਦਲ ਦੇ ਰਾਜਾਂ ਲਈ ਖੁਦਮੁਖਤਿਆਰੀ ਦੇ ਅਜੰਡੇ ਨੂੰ ਕਹਿਣ ਨੂੰ ਤਾਂ ਭਾਵੇਂ ਅਪਨਾਈ ਰੱਖਿਆ, ਪਰ ਆਪਣੀ ਭਾਈਵਾਲ ਭਾਜਪਾ ਵਲੋਂ ਰਾਜਾਂ ਦੀ ਖੁਦਮੁਖਤਿਆਰੀ ਦੇ ਹੱਕ ਨੂੰ ਜਦੋਂ ਵੀ ਸੱਟ ਮਾਰੀ, ਉਦੋਂ 'ਬਾਦਲ ਪਰਿਵਾਰ' ਨੇ ਆਪਣੇ ਬੁਲ੍ਹ ਸੀਤੇ ਰੱਖੇ, ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਲੋਕਾਂ ਵਿਚੋਂ ਲਗਾਤਾਰ ਡਿੱਗਿਆ ਹੈ।

ਦੇਸ਼ ਭਰ ਵਿੱਚ ਖਾਸ ਕਰਕੇ ਇਲਾਕਾਈ ਸਿਆਸੀ ਪਾਰਟੀਆਂ ਦੇ ਨੇਤਾ, ਆਪਣੇ ਪਰਿਵਾਰਕ ਮੈਂਬਰਾਂ ਨੂੰ ਹੀ ਆਪਣੇ ਵਾਰਸ ਮੰਨਕੇ ਉਹਨਾ ਨੂੰ ਪਾਰਟੀ ਪੱਧਰ ਉਤੇ ਅਤੇ ਸਰਕਾਰ 'ਚ ਆਉਣ ਵੇਲੇ ਵੱਡੇ ਆਹੁਦੇ ਦਿੰਦੇ ਹਨ, ਜੋ ਦੇਸ਼ ਦੀ ਸਿਆਸਤ ਲਈ ਚੰਗਾ ਸ਼ਗਨ ਨਹੀਂ ਹੈ।

ਧਰਮ, ਪਰਿਵਾਰਵਾਦ ਵਾਲੀ ਸਿਆਸਤ ਹੀ ਦੇਸ਼ ਵਿੱਚ ਪ੍ਰਫੁਲਤ ਹੋ ਰਹੀ ਹੈ, ਜੋ ਕਿ ਦੇਸ਼ ਦੇ ਲੋਕਤੰਤਰ ਲਈ ਵੱਡਾ ਖ਼ਤਰਾ ਸਾਬਤ ਹੋਏਗੀ।

# ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ

(ਸਫਾ 23 ਦੀ ਬਾਕੀ)

ਜਦੋਂ ਗੁਰੂ ਸਾਹਿਬ ਦੋ ਸਿੰਘਾਂ ਸਮੇਤ ਰਾਤ ਦੇ ਹਨੇਰੇ ਵਿੱਚ ਚਮਕੌਰ ਦੀ ਗੜ੍ਹੀ ਨੂੰ ਛੱਡਕੇ ਗਏ ਤਾਂ ਕਿਹਾ ਜਾਂਦਾ ਹੈ ਕਿ ਭਾਈ ਕੀਤਾ ਸਿੰਘ ਤੇ ਭਾਈ ਸੰਗਤ ਸਿੰਘ ਨੇ ਨਗਾਰਾ ਵੀ ਬਜਾਇਆ। ਮੁਗਲਾਂ ਦੀ ਫੌਜ ਵਿੱਚ ਇਸ ਗੱਲ ਦੀ ਚਰਚਾ ਹੋਣ ਲੱਗੀ ਕਿ ਕੋਈ ਗੜ੍ਹੀ ਵਿਚੋਂ ਗਿਆ ਹੈ ਇਸ ਕਰਕੇ ਰਾਤ ਦੇ ਹਨੇਰੇ ਵਿੱਚ ਉਨ੍ਹਾਂ ਪੈੜ ਨੱਪਣ ਦਾ ਜਤਨ ਕੀਤਾ ਪਰ ਸਫਲ ਨਾ ਹੋ ਸਕੇ। ਵਜ਼ੀਰ ਖਾਨ ਨੇ ਇਹ ਸੁਣਕੇ ਆਪਣੇ ਸੈਨਿਕਾਂ ਨੂੰ ਘੁਰਨਾ ਸ਼ੁਰੂ ਕਰ ਦਿੱਤਾ। ਪਰ ਜਦੋਂ ਸਵੇਰ ਦੇ ਸੂਰਜ ਦੀਆਂ ਕਿਰਨਾਂ ਨਿਕਲੀਆਂ ਤਾਂ ਮੁਗਲਾਂ ਨੇ ਉੱਚੀ ਮਮਟੀ (ਗੁੰਬਦ) ਉੱਤੇ ਬੈਠੇ ਗੁਰੂ ਸਾਹਿਬ ਨੂੰ ਦੇਖਿਆ। ਜਦੋਂ ਵਜ਼ੀਰ ਖਾਨ ਨੂੰ ਦੱਸਿਆ ਗਿਆ ਤਾਂ ਉਸ ਨੇ ਆਪ ਦੇਖਿਆ ਕਿ ਕਲਗੀ ਵੀ ਉਹੀ ਤੇ ਪੋਸ਼ਾਕ ਵੀ ਉਹੀ। ਦਰਅਸਲ ਗੁਰੂ ਸਾਹਿਬ ਵਲੋਂ ਬਖਸ਼ੇ ਬਸਤਰ ਅਤੇ ਕਲਗੀ ਸਜਾਈ ਬੈਠਾਂ ਇਹ ਨਿਰਭੈ ਯੋਧਾ ਭਾਈ ਸੰਗਤ ਸਿੰਘ ਸੀ। ਇਹ ਭਾਈ ਸੰਗਤ ਸਿੰਘ ਜੀ ਦੀ ਸ਼ਹਾਦਤ ਤੋਂ ਕੱਝ ਘੜੀਆਂ ਪਹਿਲਾਂ ਦਾ ਚਮਕਾਰਾ ਸੀ।

ਇਸ ਬਾਰੇ ਇਤਿਹਾਸ ਲਿਖਣ ਵਾਲੇ ਜਾਤ ਅਭਿਮਾਨੀਆਂ ਨੇ ਕਈ ਥਾਵੀਂ ਗਲਤ ਬਿਆਨੀ ਵੀ ਕੀਤੀ ਤੇ ਜਿਗਾ ਕਲਗੀ ਸਬੰਧੀ ਭੁਲੇਖੇ ਪਾਉਣ ਦਾ ਜਤਨ ਕੀਤਾ ਉਸ ਗਲਤ ਬਿਆਨੀ ਬਾਰੇ ਹੇਠ ਲਿਖਿਆ ਜਰੂਰ ਪੜ੍ਹ ਲੈਣਾ ਚਾਹੀਦਾ ਹੈ।

ਇਸ ਸਬੰਧੀ ਹੋਰ ਕਾਫੀ ਸਾਰੇ ਸਬੂਤ ਹਨ ਕਿ ਗੁਰੂ ਸਾਹਿਬ ਵਲੋਂ ਕਲਗੀ ਤੇ ਸ਼ਸਤਰ-ਬਸਤਰ ਸਭ ਹੀ ਕਿਸੇ ਹੋਰ ਨੂੰ ਨਹੀਂ ਸਗੋਂ ਭਾਈ ਸੰਗਤ ਸਿੰਘ ਨੂੰ ਦਿੱਤੇ ਅਤੇ ਪਹਿਨਾਏ ਗਏ:

* ਭਾਈ ਕਾਹਨ ਸਿੰਘ ਨਾਭਾ ਭਾਈ ਸੁੱਖਾ ਸਿੰਘ ਦੇ ਹਵਾਲੇ ਨਾਲ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ 'ਚਮਕੌਰ ਦੇ ਮਕਾਮ 'ਤੇ
* ਦਸ਼ਮੇਸ਼ ਜੀ ਨੇ ਖਾਲਸੇ ਨੂੰ ਗੁਰਤਾ ਦੇਣ ਵੇਲੇ ਭਾਈ ਸੰਗਤ ਸਿੰਘ ਬੰਗਸੀ ਨੂੰ ਜਿਗਾ ਕਲਗੀ ਬਖਸ਼ੀ।'
* ਭਾਈ ਤੇਜਾ ਸਿੰਘ ਸੋਢੀ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 503 ਉੱਤੇ ਗੁਰੂ ਸਾਹਿਬ ਵਲੋਂ ਭਾਈ ਸੰਗਤ ਸਿੰਘ ਜੀ ਨੂੰ
* ਕਲਗੀ ਅਤੇ ਬਸਤਰ ਦੇ ਕੇ ਆਪਣਾ ਰੂਪ ਬਖਸ਼ ਦੇਣ ਬਾਰੇ ਲਿਖਦੇ ਹਨ।
* ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 1016 ਤੇ ਲਿਖਦੇ ਹਨ ਕਿ 'ਭਾਈ ਸੰਗਤ ਸਿੰਘ ਜੋ ਹੂ-ਬ-ਹੂ
* ਗੁਰੂ ਜੀ ਦੇ ਸਰੂਪ ਵਾਲਾ ਸੀ ਨੂੰ ਆਪਣੀ ਜਗ੍ਹਾ ਤੇ ਬਿਠਾ ਕੇ ਆਪਣਾ ਸਾਰਾ ਪੁਸ਼ਾਕਾ, ਜਿਗਾ ਕਲਗੀ ਸਮੇਤ ਪਹਿਨਾ ਦਿੱਤਾ-ਫੇਰ ਅਰਦਾਸਾ ਸੋਧਿਆ ਅਤੇ ਕਿਹਾ ਕਿ ਮੈਂ ਅੱਜ ਤੋਂ ਖਾਲਸੇ ਨੂੰ ਗੁਰਿਆਈ ਬਖਸ਼ ਦਿੱਤੀ।
* ਸੋਹਣ ਸਿੰਘ ਸੀਤਲ ਗੁਰ ਇਤਿਹਾਸ ਦਸ ਪਾਤਸ਼ਾਹੀਆਂ ਪੰਨਾ 349 'ਤੇ ਭਾਈ ਸੰਗਤ ਸਿੰਘ ਜੀ ਦੇ ਸੀਸ 'ਤੇ ਕਲਗੀ ਸਜਾ ਕੇ ਆਪਣਾ ਪੋਸ਼ਾਕਾ ਪਹਿਨਾ ਦੇਣ ਬਾਰੇ ਲਿਖਦੇ ਹਨ।
* ਪ੍ਰਿ: ਸਤਬੀਰ ਸਿੰਘ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 349 ਉੱਤੇ ਲਿਖਦੇ ਹਨ 'ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦਾ ਹੁਕਮ ਮੰਨ ਕੇ ਗੜ੍ਹੀ ਛੱਡਣਾ ਪਰਵਾਨ ਕਰ ਲਿਆ ਅਤੇ ਭਾਈ ਸੰਗਤ ਸਿੰਘ ਨੂੰ ਕਲਗੀ ਦੇ ਕੇ ਗੜ੍ਹੀ ਛੱਡਣ ਦੀ ਤਿਆਰੀ ਕਰ ਲਈ।'
* ਪ੍ਰੋ: ਹਰਿੰਦਰ ਸਿੰਘ ਮਹਿਬੂਬ ਸਹਿਜ ਰਚਿਓ ਖਾਲਸਾ ਦੇ ਪੰਨਾ 410 'ਤੇ ਕਲਗੀ ਭਾਈ ਸੰਗਤ ਸਿੰਘ ਦੇ ਸਿਰ ਉੱਤੇ ਸਜਾਉਣ ਦੀ ਗੱਲ ਦਰਜ ਕਰਦੇ ਹਨ।
* ਡਾ: ਅਨੂਪ ਸਿੰਘ 'ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ' ਦੇ ਪੰਨਾ 196 ਤੇ ਲਿਖਦੇ ਹਨ ਕਿ ਭਾਈ ਸੰਗਤ ਸਿੰਘ ਦੀ ਸ਼ਕਲ ਸੂਰਤ ਤੇ ਕੱਦ-ਕਾਠ ਗੁਰੂ ਜੀ ਨਾਲ ਮਿਲਦਾ ਜੁਲਦਾ ਸੀ ਇਸ ਵਾਸਤੇ ਉਸਨੂੰ ਕਲਗੀ ਸਜਾਈ ਤੇ ਗੜ੍ਹੀ ਵਿਚਲੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਸਾਡੇ ਨਿਕਲਣ ਸਮੇਂ ਨਗਾਰਾ ਵਜਾਉਂਦੇ ਰਹਿਣਾ ਤੇ ਦੁਸ਼ਮਣ ਵਲੋਂ ਕੀਤੇ ਜਾਂਦੇ ਵਾਰਾਂ ਦਾ ਮੂੰਹ ਤੋੜ ਜਵਾਬ ਦਿੰਦੇ ਰਹਿਣਾ ਤਾਂ ਜੋ ਦੁਸ਼ਮਣ ਨੂੰ ਗੜ੍ਹੀ ਵਿੱਚ ਬਹੁਤੇ ਸਿੰਘ ਹੋਣ ਦਾ ਭੁਲੇਖਾ ਬਣਿਆ ਰਹੇ।
* ਗਿਆਨੀ ਗੁਰਚਰਨ ਸਿੰਘ ਨੇ 'ਜੀਵਨ ਕਥਾ ਗੁਰੂ ਗੋਬਿੰਦ ਸਿੰਘ' ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਆਪਣੀ ਜਿਗਾ ਕਲਗੀ ਤੇ ਬਸਤਰ ਭਾਈ ਸੰਗਤ ਸਿੰਘ ਨੂੰ ਪਹਿਨਾ ਦਿੱਤੇ।
* ਡਾ: ਗੰਡਾ ਸਿੰਘ ਜੀ ਦੀ ਲਿਖਤ ਅਨੁਸਾਰ 23 ਦਸੰਬਰ 1704 ਨੂੰ ਸਵੇਰੇ ਜਦੋਂ ਮੁਗਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਦੇ ਗੁਰੂ ਸਾਹਿਬ ਵਾਲੀ ਪਹਿਨੀ ਹੋਈ ਪੋਸ਼ਾਕ ਤੇ ਕਲਗੀ ਤੋਂ ਭੁਲੇਖਾ ਖਾ ਗਏ । ਬਾਬਾ ਸੰਗਤ ਸਿੰਘ ਜੀ ਅੰਤ ਸਮੇਂ ਤੱਕ ਗੁਰੂ ਫਤਹਿ ਦੇ ਜੈਕਾਰੇ ਗਜਾਉਂਦੇ ਰਹੇ। ਸਵੇਰੇ ਮੁਗਲਾਂ ਦੀ ਸਲਾਹ ਹੋਈ ਸੀ ਕਿ ਸਿੱਖਾਂ ਦੇ ਗੁਰੂ ਨੂੰ ਜੀਉਂਦੇ ਫੜਿਆ ਜਾਵੇ। ਸਿੰਘ ਸਾਰੇ ਹੀ ਭੁੱਖਣ ਭਾਣੇ। ਆਖਰ ਮੁਗਲਾਂ ਨੇ ਹਮਲਾ ਕੀਤਾ ਤੇ ਲੜਾਈ ਹੱਥੋ-ਹੱਥੀ ਹੋਈ। ਭਾਈ ਸੰਗਤ ਸਿੰਘ ਜੀ ਵੈਰੀਆਂ ਵਿੱਚ ਘਿਰੇ ਹੋਣ ਦੇ ਬਾਵਜੂਦ ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਆਖਰ ਬਹੁਤ ਹੀ ਜ਼ਖ਼ਮੀ ਹਾਲਤ ਵਿੱਚ ਧਰਤੀ 'ਤੇ ਡਿਗ ਪਏ। ਮੁਗਲ ਇਹ ਹੀ ਸੋਚਦੇ ਰਹੇ ਕਿ ਇਹ ਗੁਰੂ ਹੀ ਹੈ। ਇੱਕ ਪਠਾਣ ਨੇ ਕਾਹਲੀ ਨਾਲ ਅੱਗੇ ਵਧ ਕੇ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਇਸ ਸਮੇਂ ਬਾਰੇ ਭਾਈ ਕੁਇਰ ਸਿੰਘ ਲਿਖਦੇ ਹਨ :

ਕਲਗੀ ਜਿਗਾ ਔਰ ਯਹ ਹੋਈ, ਗੋਬਿੰਦ ਇਹੈ ਹੈ ਸੋਈ
ਮਾਰ ਮੀਸ਼ ਸਮਸ਼ੀਰ ਪਠਾਨਾਂ, ਸੀਸ ਰਹਿਤ ਕਲਗੀ ਲੀ ਮਾਨਾ।

ਭਾਈ ਸੰਗਤ ਸਿੰਘ ਜੀ ਦੀ ਸ਼ਹੀਦੀ ਉਪਰੰਤ ਮੁਗਲਾਂ ਅਤੇ ਪਹਾੜੀ ਰਾਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਮਾਰੇ ਜਾਣ ਦੀ ਖ਼ਬਰ ਫੈਲਾਈ ਗਈ। ਪਰ ਅਗਲੇ ਹੀ ਦਿਨ ਚਮਕੌਰ ਦੀ ਗੜ੍ਹੀ ਵਿਚੋਂ ਭਾਈ ਸੰਗਤ ਸਿੰਘ ਜੀ ਦਾ ਸੀਸ ਲਿਆ ਕੇ ਸੂਬਾ ਸਰਹੰਦ ਦੀ ਕਚਿਹਰੀ ਵਿੱਚ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਵੀ ਦਿਖਾਇਆ ਗਿਆ। ਛੋਟੇ ਸਾਹਿਜ਼ਾਦਿਆਂ ਨੇ ਗੁਰੂ ਪਿਤਾ ਦਾ ਸੀਸ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਸੀਸ ਸਾਡੇ ਗੁਰੂ ਪਿਤਾ ਦਾ ਨਹੀਂ ਸਗੋਂ ਇਹ ਸੀਸ ਤਾਂ ਗੁਰੂ ਪਿਆਰੇ ਭਾਈ ਸੰਗਤ ਸਿੰਘ ਜੀ ਦਾ ਹੈ। ਇਸ ਤੋਂ ਬਾਅਦ ਸਾਹਿਬਜ਼ਾਦਿਆਂ ਨੂੰ ਬਚਪਨ ਵਿੱਚ ਖਿਡਾਉਣ ਵਾਲੀ ਬੀਬੀ ਜੈਨਾ ਨੂੰ ਬੁਲਾ ਕੇ ਪੁੱਛਿਆ ਗਿਆ ਤਾਂ ਬੀਬੀ ਜੈਨਾ ਨੇ ਵੀ ਇਸ ਨੂੰ ਭਾਈ ਸੰਗਤ ਸਿੰਘ ਦਾ ਸੀਸ ਕਿਹਾ। ਪਰ ਮੁਗਲਾਂ ਨੂੰ ਜਿਵੇਂ ਇਤਬਾਰ ਹੀ ਨਾ ਆ ਰਿਹਾ ਹੋਵੇ ਇਸ ਦੇ ਉਪਰੰਤ ਗੁਰੂ ਸਾਹਿਬ ਨੂੰ ਬਚਪਨ ਵਿੱਚ ਫਾਰਸੀ ਦੀ ਸਿੱਖਿਆ ਦੇਣ (ਇੱਥੇ ਯਾਦ ਰਹੇ ਕਿ ਫਾਰਸੀ ਦਾ ਸਬਕ ਲੈਣ ਵੇਲੇ ਕਦੇ ਕਦੇ ਭਾਈ ਸੰਗਤ ਸਿੰਘ ਵੀ ਬਾਲ ਗੋਬਿੰਦ ਦੇ ਨਾਲ ਹੀ ਹੁੰਦੇ ਸਨ) ਵਾਲੇ ਕਾਜ਼ੀ ਨੂਰਦੀਨ ਨੂੰ ਸੱਦਿਆ ਗਿਆ। ਉਨ੍ਹਾਂ ਨੇ ਵੀ ਕਚਿਹਰੀ ਵਿੱਚ ਕਿਹਾ ਕਿ ਇਹ ਸੀਸ ਤਾਂ ਭਾਈ ਸੰਗਤ ਸਿੰਘ ਦਾ ਹੈ ਗੁਰੂ ਸਾਹਿਬ ਦਾ ਨਹੀਂ। ਇਸ ਤਰ੍ਹਾਂ ਭਾਈ ਸੰਗਤ ਸਿੰਘ ਜੀ ਨੇ ਗੁਰਸਿੱਖੀ ਦੇ ਅਸੂਲਾਂ 'ਤੇ ਚੱਲਦਿਆਂ ਗੁਰੂ ਸਾਹਿਬ ਦੇ ਬੋਲ ਪੁਗਾਉਂਦਿਆਂ ਸ਼ਹਾਦਤ ਦਾ ਜਾਮ ਪੀਤਾ। ਇੱਥੇ ਹੀ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨਾਲ ਹੀ 37 ਸਿੰਘ ਹੋਰ ਸ਼ਹੀਦ ਹੋਏ ਜਿਨ੍ਹਾਂ ਵਿੱਚ 1699 ਦੀ ਵਿਸਾਖੀ ਵਿੱਚ ਸਾਜੇ ਪਹਿਲੇ ਪੰਜ ਪਿਆਰਿਆਂ ਵਿਚੋਂ ਤਿੰਨ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਨੇ ਵੀ ਇਸੇ ਚਮਕੌਰ ਦੀ ਗੜ੍ਹੀ ਵਿੱਚ ਸ਼ਹਾਦਤ ਦਾ ਜਾਮ ਪੀਤਾ।

ਭਾਈ ਜੀਵਨ ਸਿੰਘ ਜੀ ਦੀ ਜੀਵਨ ਕਥਾ ਇਕ ਸੱਚੇ ਸੁੱਚੇ ਸਿਦਕਵਾਨ ਸਿੱਖ ਦੀ ਜੀਵਨ ਕਥਾ ਹੈ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਆਗਿਆਕਾਰੀ ਤੇ ਪੂਰੇ ਵਿਸ਼ਵਾਸ ਦੇ ਪਾਤਰ ਸਨ। ਸਿੱਖ ਸੰਗਤਾਂ ਪ੍ਰਤੀ ਆਪ ਦਾ ਅਥਾਹ ਪਿਆਰ ਸੀ।

ਸਿੱਖ ਇਤਿਹਾਸ ਵਿੱਚ ਜਿੱਥੇ ਵੀ ਸਿਦਕਦਿਲੀ ਵਾਲੇ ਸੂਰਮਿਆਂ ਦੀ ਤੇ ਗੁਰੂ ਸਾਹਿਬ ਦੇ ਵਫ਼ਾਦਾਰ ਕੁਰਬਾਨੀ ਵਾਲੇ ਬਹਾਦਰ ਯੋਧਿਆਂ ਦੀ ਗੱਲ ਚੱਲੇਗੀ ਉੱਥੇ ਹਮੇਸ਼ਾ ਹੀ ਭਾਈ ਸੰਗਤ ਸਿੰਘ ਜੀ ਦਾ ਨਾਮ ਮੋਹਰਲੀਆਂ ਕਤਾਰਾਂ ਵਿੱਚ ਲਿਆ ਜਾਵੇਗਾ। ਆਪਾ ਵਾਰਨ ਵਾਲਾ ਸੂਰਮਤਾਈ ਭਰਿਆ ਅਜਿਹਾ ਇਤਿਹਾਸ ਹੀ ਭਵਿੱਖ ਨੂੰ ਰੁਸ਼ਨਾਉਣ ਦਾ ਕਾਰਜ ਕਰਦਾ ਹੈ।

ਆਖਰ ਵਿੱਚ ਇਹ ਦੱਸਣਾ ਵੀ ਬਣਦਾ ਹੈ ਕਿ ਜਿੱਥੇ ਚਮਕੌਰ ਦੀ ਗੜ੍ਹੀ ਵਾਲੀ ਘਮਸਾਣ ਦੀ ਜੰਗ ਹੋਈ ਸੀ ਉੱਥੇ ਹੁਣ ਗੁਰਦੁਆਰਾ ਗੜ੍ਹੀ ਸਾਹਿਬ ਸਥਿਤ ਹੈ।

Email : ksharif@arcor.de / sMprk : +491733546050

# Sixty-fourth Parinirvan Day Commemoration of Dr. Babasaheb Ambedkar at Ambedkar Hall, Southall

## Commemoration opened with the Buddhist prayer by Ven. Vijithavansa Thero, Head of the Buddha Vihara, Southall



Mr. Virendra Sharma and Mr. Ramesh Klair garlanding Dr Babasaheb Ambedkar's portrait. Ms. Dass standing on left, Mr. Gautam Chakravarty and Mr. Arun Kumar standing on right.


















The event began with an opening speech from Mr Arun Kumar, General Secretary of FABO UK. Paying tribute to Dr. Babasaheb Ambedkar, he said that Dr Ambedkar was a national leader par excellence. He worked for all Indians irrespective of one's caste, religion, language or gender. The constitution is not for one community, it is for all Indians. Hindu Code Bill also changed the lives of all Indian women. It is pity that in India, one is judged by one's birth not worth. Had he been born in so called upper caste, he would have been worshipped in every house hold. But Because of his birth, he is generally referred to as a Dalit leader. But the academics all over the World are recognising his contribution to the human rights movement.

Ms. Santosh Dass MBE, President of FABO UK said "On this day and any other day when we mark Babasaheb Ambedkar's death or birth anniversary or Constitution day we must reflect on his struggles, achievements and what he strove for to make India's society better. We have a duty as Ambedkarites to live by Babasaheb's example of the continuation of education of oneself and making a social difference no matter where we live. Babasaheb left us too soon. He should have lived for at least another 30 years. Today I want to reflect briefly on Babasaheb and womankind empowerment. He believed in, and his work as the first Labour minister and when drafting the Constitution of an independent India demonstrated was to empower and improve the plight of the woman. This was not only at home as part of the Hindu Code Bill but also in the workplace. As early as 1916 he had written from Columbia University to his father advocating the need for education for girls and women to go hand in hand with educating boys and men". Ms. Dass continued: "The other thing I always reflect on daily is what are the current issues that are not in keeping with Babasaheb's mission that we need to raise our voice about. I have huge concerns about the democracy not working in India that Babasaheb warned us about in a rare BBC interview in 1953. Even at that time, he talked about the political system failing because puppets who have been put up by the various parties from our community to meet a proportional representation of MLAs and MPs. Not all MLAs and MPs carry out the work with the courage expected to improve the plight of our community. There are serious issues to do with the way the political systems and democracy is working in India that is failing our people right, left and centre on a daily basis. Examples include Demonetisation, the horse-trading of MLAs to stay in power, the ebbing away of the fundamental rights of freedom of speech. Intellections and activists like Dr Anand Teltumbde and Soni Suri are labelled as Maoists. They are threatened with imprisonment because they have stood up against the unfair actions or land-grab of Corporates or the Government and are labelled Maoists or being anti-national. This is absolutely outrageous. We must stand shoulder to shoulder with people who have the courage to stand up and call the Indian Government and the nationalists to account. The other issue of concern to me is EVM. This is failing our people. Something is going wrong when we get reports of loads of machines going missing from areas where the vote may go in a way the ruling party does not want. So the principle of one man, one woman vote, is being seriously jeopardized. Another policy of concern is to do with citizenship in India – the Citizenship Bill. They are going for the Muslims now but they will come after us too. In this country, we've seen Windrush as an example." Ms. Dass ended with the message "So when we call ourselves Ambedkarites we have to stand up and be counted. We have to spell out what is right and what is wrong and praise where praise is due. Jai Bhim".

Dr Prerna Tambay, FABO UK Executive of Public Affairs and academic researcher and champion of gender equality said "On this day of Dr Ambedkar's death anniversary, I pay my humble tribute to him. We are because he was!!! Dr Ambedkar's seminal work "Caste in India (1916)" says that caste originated and is sustained by control over women. Clearly then, if we want to solve the problems created by caste, then freeing women needs to be part of the solution. 50% of India's population is between the age of 10 and 27. 50% of these young people are women and 22% of these young people are caste-oppressed (SC+ST). Therefore, the future of India depends on what these 60 odds % of people achieve in their lives. Most women are limited to pink professions in India including being a homemaker and caste-oppressed people are limited to undesirable professions. This control over their employment opportunities is exerted by denying access to better education, employment and enterprise opportunities to these segments through visible and invisible methods. They are encouraged through cultural signaling by society to take up professions aligned to their caste and/or gender, even if they may have a talent for other professions. The privatization of education has made education expensive, preventing a large segment of women and caste-oppressed from receiving an education suitable to their natural talent. Despite such signaling and expensiveness of education, if they take up better professions, the well-established caste-gender networks in these professions make it difficult for them to succeed. Many of them drop out of the race and return to their caste-gender determined professions or under-achieve, despite their talent. As a result, a large proportion of the Indian population is not able to achieve their highest potentials.

Surely, this is not good for the GDP of India. Consider the fact that digital disruption is destroying the business models sustaining the lives of large segments of the Indian population, which are not able to participate in digital business models. Clearly, there is a hidden genocide waiting to happen as those whose livelihoods are snatched by digital business models and directly or indirectly are unable to survive. The deterrent to caste and gender crimes = The size of the punishment X the chances of getting caught for crimes X the chances of getting convicted if caught. We all know that caste and gender crimes go unreported many a time, due to social pressure as well as due to the justice process being complex and difficult to access. The justice process also becomes difficult to access for many for its use of complex ceremonies and use of the English language. We all know that powerful people and people connected to them are hardly caught by the police. And we all know how the lack of jurisprudence in caste and gender crimes is caused by the low conviction rate. Finally, the size of the punishments meted out to those found guilty of these crimes is rarely large and most of the time is small. So, there is nothing surprising in the fact that these crimes are not decreasing. Our laws do not work well enough, despite an admirable constitution. Despite the lack of good education, employment, enterprise opportunities and the high number of caste and gender crimes, if caste and gender-oppressed people raise their voice on social media and in general in the public domain, they are quickly branded as Naxals or presstitutes or sundry similar terms. There is trolling, lynching, raping to silence them. Those who speak out despite this are always at risk. Most caste and gender-oppressed, despite their own views, learn not to confront the system which holds them in bondage." She concluded by saying that "Certainly, there is the need for change. On the death anniversary of Dr Ambedkar, let us work towards building a coalition of caste and gender-oppressed people in India.

Mr. Davinder, editor of Samaj weekly paper said that "Dr Ambedkar fought against so many obstacles and came out victorious. Now it is our responsibility to continue his legacy. He wanted the constitution to be the emblem of liberty, equality, fraternity, justice and we need to strive that his dream come true and remains true."

Among other distinguished guests who addressed the meeting were: Harbans Lal Bali, Ramesh Klair, Jagdish Gaware, Ranjit Boudh, Sudhakar Goud nd Gampa Venugopal.

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

## NEW & USED TIRES
## WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਬੀਤੇ ਦਿਨੀਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦੇ ਗ੍ਰੇਟ ਗਰੈਂਡ ਨੈਫਿਊ ਕੈਲੇਫੋਰਨੀਆ ਦੇ ਦੌਰੇ 'ਤੇ ਆਏ। ਇਸ ਦੌਰਾਨ ਉਹਨਾਂ ਪੀਕੌਕ ਬੈਂਕੁਇਟ ਹਾਲ, ਹੇਵਰਡ (ਕੈਲੇਫੋਰਨੀਆ) ਵਿਖੇ ਸੰਬੋਧਨ ਕੀਤਾ। ਇਸ ਦੌਰਾਨ ਉਘੇ ਬਿਜਨਸਮੈਨ ਅਤੇ ਸਮਾਜ ਸੇਵਕ, ਸੁਪਰੀਮ ਕੌਂਸਲ ਆਫ ਗੁਰੂ ਰਵਿਦਾਸ ਸਭਾ ਯੂ. ਐਸ. ਏ. ਦੇ ਮੈਂਬਰ ਅਤੇ ਅੰਬੇਡਕਰ ਏਡ ਸੁਸਾਇਟੀ ਫਰੀਮਾਂਟ (ਕੈਲੇਫੋਰਨੀਆ) ਦੇ ਚੇਅਰਮੈਨ ਸ੍ਰੀ ਰਾਮ ਮੂਰਤੀ ਸਰੋਏ ਜੀ ਨੇ ਵੀ ਸੰਬੋਧਨ ਕੀਤਾ।ਉਘੇ ਸਮਾਜ ਸੇਵੀ ਸ੍ਰੀ ਅਮਰੀਕ ਚੰਦ ਲਾਖਾ (ਸੀ. ਪੀ. ਏ.) ਅਤੇ ਉਹਨਾਂ ਦੇ ਸਾਥੀਆਂ ਨੇ ਕਾਫੀ ਸਹਿਯੋਗ ਦਿੱਤਾ। ਇਹ ਪ੍ਰੋਗਰਾਮ ਸੁਪਰੀਮ ਕੌਂਸਲ ਆਫ ਗੁਰੂ ਰਵਿਦਾਸ ਸਭਾ ਯੂ. ਐਸ. ਏ. ਵੱਲੋਂ ਆਯੋਜਿਤ ਕੀਤਾ ਗਿਆ ਸੀ। 'ਦੇਸ਼ ਦੁਆਬਾ' ਦੁਆਰਾ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ। (ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼')





































ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਦੇਸ਼ ਦੁਆਬਾ ਵੱਲੋਂ

# ਪ੍ਰਥਮ ਧੰਨਵਾਦ ਸਮਾਗਮ

## 21 ਦਸੰਬਰ, 2019 ਦਿਨ ਸ਼ਨਿਚਰਵਾਰ

### ਸ਼ਾਮੀ 3 ਵਜੇ ਤੋਂ 8 ਵਜੇ ਤੱਕ

## Venue:- Raja Indian Cuisine

## 1275 W. Winton Ave. Hayward, CA 94545

ਇਸ ਮੌਕੇ ਚਾਹ-ਪਾਣੀ, ਸਨੈਕਸ ਤੇ ਡਿਨਰ ਦਿੱਤਾ ਜਾਵੇਗਾ ਅਤੇ "ਦੇਸ਼ ਦੁਆਬਾ" ਦੇ ਸਮਰਥਕਾਂ ਦਾ ਮਾਣ ਸਨਮਾਨ ਵੀ ਕੀਤਾ ਜਾਵੇਗਾ। ਉਸ ਦੇ ਨਾਲ ਕੈਲੇਫੋਰਨੀਆ ਦੇ ਉਘੇ ਗਾਇਕ ਕਲਾਕਾਰ ਆਪਣੇ ਧਾਰਮਿਕ ਅਤੇ ਸਭਿਆਚਾਰਕ ਗੀਤਾਂ ਨਾਲ ਹਾਜਰੀ ਭਰਨਗੇ । ਸੱਦਾ ਪੱਤਰ ਭੇਜੇ ਜਾ ਚੁੱਕੇ ਹਨ।

## ਪਹੁੰਚ ਰਹੇ ਕਲਾਕਾਰ


Jaswant Singh Shaad
ਸਟੇਜ ਸੰਚਾਲਕ


Jeeta Gill


Tarlok Singh


Dharamveer Thandi


Satti Pabla


Chandan Singh


Amarjit Lalli


Mangjit Singh Manga


Pammy Mann


Ashok Kumar


Bhupinder Bhinda


Jaswinder Madhara


Manjit Singh Ralh

ਸਮਾਗਮ ਦੌਰਾਨ ਕਿਸੇ ਕਿਸਮ ਦਾ ਨਸ਼ਾ ਨਾ ਕੀਤਾ ਜਾਵੇ ਜੀ।

*For more information, please contact:*

Prem K. Chumber, Editor-in-Chief 916-947-8920, E-mail : deshdoaba@yahoo.com